# *Centre for Distance & Online Education*

UNIVERSITY OF JAMMU
JAMMU

# SELF LEARNING MATERIAL

## B.A. SEMESTER -I

| | |
|---|---|
| Subject: Punjabi | COURSE NO. Pb-101 |
| Unit : I-IV | Lesson No. 1- 17 |

Course Coordinator
Dr. Jaspal Singh

*Printed & Published on behalf of the Centre for Distance and Online Education, University of Jammu by the Director, CDOE, University of Jammu, Jammu.*

*http ://www.distanceeducationju.in*

# PUNJABI

| *Course Writers* | *Lesson* |
| --- | --- |
| Dr. Snober<br>Asst. Professor<br>College for Women Prade, Jammu | 1-3 |
| Dr. Sushil Sharma<br>Associate Professor<br>DDE, University of Jammu | 4-5 |
| Dr. Kuldeep Singh<br>Asst. Professor<br>MAM College, Jammu | 6-15 |
| Dr. Sushil Sharma<br>Associate Professor<br>DDE, University of Jammu | 16-17 |

© Centre for Distance and Online Education, University of Jammu, Jammu, 2025

- All rights reserved. No part of this work may be reproduced in any form, by mimeograph or any other means, without permission in writing from the CDOE, University of Jammu.
- The script writer shall be responsible for the lesson/script submitted to the CDOE and any plagiarism shall be his/her entire responsibility.

# ੳ. ਸਮਕਾਲੀ ਪੰਜਾਬੀ ਕਵਿਤਾ (ਸੰਪਾਦਕ)
# ਡਾ. ਜਗਜੀਤ ਸਿੰਘ ਅਤੇ ਪ੍ਰੋ. ਅਨੂਪ ਸਿੰਘ ਵਿਰਕ

ਕਵਿਤਾ

ਕਵਿਤਾ ਸਾਹਿਤ ਦਾ ਉਹ ਪ੍ਰਮੁੱਖ ਰੂਪ ਹੈ। ਜਿਸਦੇ ਮਾਧਿਅਮ ਰਾਹੀਂ ਮਨੁੱਖ ਆਪਣੀ ਭਾਵਨਾ, ਕਲਪਨਾ ਤੇ ਬੁੱਧੀ ਦੀ ਅਭਿਵਿਅਕਤੀ ਕਰਦਾ ਹੈ। ਯੂਨਾਨੀ ਵਿਦਵਾਨ ਅਰਸਤੂ ਦਾ ਕਥਨ ਹੈ ਕਿ "ਕਵਿਤਾ ਭਾਵਾਤਮਕ ਤੇ ਲੈਅ-ਭਰਪੂਰ ਭਾਸ਼ਾ ਦੇ ਮਾਧਿਅਮ ਰਾਹੀਂ ਪ੍ਰਕਿਰਤੀ ਦੀ ਨਕਲ ਹੈ।"

- ਸ਼ੈਲੇ ਕਹਿੰਦਾ ਹੈ ਕਿ "ਇਹ ਕਲਪਨਾ ਦਾ ਪ੍ਰਗਟਾਅ ਹੈ।"
- ਹਡਸਨ ਅਨੁਸਾਰ "ਕਵਿਤਾ, ਕਲਪਨਾ ਅਤੇ ਮਨੋਵੇਗਾਂ ਦੁਆਰਾ ਜੀਵਨ ਦੀ ਵਿਆਖਿਆ ਹੈ।"
- ਐਡਗਰ ਐਲਨ ਅਨੁਸਾਰ "ਸੁੰਦਰਤਾ ਦੀ ਲੈਅ-ਭਰੀ ਸਬਦ ਸਿਰਜਣਾ ਹੀ ਕਵਿਤਾ ਹੈ।"
- ਵਿਸਵਨਾਥ ਅਨੁਸਾਰ "ਰਸਾਤਮਕ ਵਾਕ ਹੀ ਕਾਵਿ ਹੈ।"
- ਪ੍ਰੋ ਪੂਰਨ ਸਿੰਘ ਕਹਿੰਦਾ ਹੈ ਕਿ "ਪਿਆਰ ਵਿਚ ਮੋਏ ਬੰਦਿਆ ਦੇ ਬਚਨ ਜਾਂ "ਸਾਧ ਬਚਨ" ਹੀ ਕਵਿਤਾ ਹੈ।
- ਇਕ ਹੋਰ ਥਾਂ ਪ੍ਰੋ ਪੂਰਨ ਸਿੰਘ ਕਹਿੰਦਾ ਹੈ ਕਿ ਕਵਿਤਾ ਜੀਵਨ ਦੀ ਅੰਦਰਲੀ ਰਸ-ਭਰੀ ਦਸ਼ਾ ਦਾ ਨਾਂ ਹੀ ਕਵਿਤਾ ਹੈ।"

ਗ਼ਜ਼ਲ

ਅਰਬੀ ਭਾਸ਼ਾ ਵਿਚ ਗਜ਼ਲ ਦਾ ਅਰਥ ਹੈ ਇਸਤਰੀਆਂ ਨਾਲ ਵਾਰਤਾਲਾਪ, ਭਾਵ ਪ੍ਰੇਮ ਪੂਰਿਤ ਕਾਵਿ। ਗਜ਼ਲ ਪ੍ਰੇਮਿਕਾ ਨਾਲ ਗੱਲਬਾਤ ਨੂੰ ਕਹਿੰਦੇ ਹਨ। ਉਰਦੂ ਵਿਚ ਗਜ਼ਲ ਦੇ ਜੋ ਸਰਬ-ਪ੍ਰਮਾਣਿਤ ਅਰਥ ਲਏ ਜਾਂਦੇ ਹਨ। ਉਹਨਾਂ ਅਨੁਸਾਰ ਗ਼ਜ਼ਲ ਸ਼ੇਅਰ ਰਚਨਾ ਦੀ ਉਸ ਕਲਾ ਨੂੰ ਕਹਿੰਦੇ ਹਨ, ਜਿਸਦਾ ਵਿਸ਼ਾ ਹੁਸਨ ਤੇ ਇਸ਼ਕ ਹੁੰਦਾ ਹੈ। ਗ਼ਜ਼ਲ ਵਿਚ ਪ੍ਰੇਮਿਕਾ ਦੇ ਹੁਸਨ ਦੀ ਤਾਰੀਫ਼ ਕੀਤੀ ਹੋਈ ਹੁੰਦੀ ਹੈ। ਸੋਹਣੇ ਨੈਣ-ਨਕਸ਼ਾਂ ਦਾ ਆਸ਼ਕ ਦੇ ਮਨ ਤੇ ਅਤੇ ਸਮਾਜ ਤੇ ਪੈ ਰਿਹਾ ਪ੍ਰਭਾਵ ਦਸਿਆ ਹੋਇਆ ਹੁੰਦਾ ਹੈ। ਮਾਸ਼ੂਕ ਦੇ ਵਿਛੋੜੇ, ਜਾਂ ਬੇਰੁਖੀ ਨਾਲ ਆਸ਼ਕ ਦੀ ਤੜਫਦੀ ਹਾਲਤ ਦਰਸਾਈ ਹੁੰਦੀ ਹੈ

ਗੀਤ

ਗੀਤ ਮਨੁੱਖੀ ਮਨ ਦੇ ਆਪ-ਮੁਹਾਰੇ ਫੁੱਟੇ ਚਸ਼ਮੇ ਹੁੰਦੇ ਹਨ, ਜਦੋਂ ਵੀ ਕਿਸੇ ਵਿਅਕਤੀ ਅੰਦਰ ਭਾਵ ਜ਼ੋਰ ਕਰ ਜਾਂਦਾ ਹੈ ਤਾਂ ਉਸ ਦੀ ਅਭਿਵਿਅਕਤੀ ਆਪ ਮੁਹਾਰੇ ਹੋ ਜਾਂਦੀ ਹੈ।

ਗੀਤ ਮਨੁੱਖੀ ਮਨ ਦੇ ਅੰਤਰੀਵੀ ਭਾਵਾਂ ਦਾ ਪ੍ਰਗਟਾਵਾ ਹੁੰਦਾ ਹੈ। ਜਿਹੜਾ ਆਪ ਮੁਹਾਰੇ ਵਧੇ ਵਧੀ ਹੀ ਹੋ ਜਾਂਦਾ ਹੈ। ਇਹਨਾਂ ਗੀਤਾਂ ਦੁਆਰਾ ਹੀ ਕਿਸੇ ਵਰਗ ਦੀ ਸੰਸਕ੍ਰਿਤੀ ਦੀ ਪਛਾਣ ਹੋ ਜਾਂਦੀ ਹੈ। ਲੋਕ ਗੀਤ ਰਸ ਭਰਪੂਰ ਹੋਣ ਕਰਕੇ ਹੀ ਸ੍ਰੋਤੇ ਦੇ ਮਨ ਨੂੰ ਕੀਲ ਕੇ ਆਨੰਦ ਪ੍ਰਦਾਨ ਕਰਦੇ ਹਨ ਅਤੇ ਸੰਗੀਤ ਬੱਧ ਹੋਣ ਕਰਕੇ ਛੇਤੀ ਹੀ ਲੋਕਪ੍ਰੀਜ ਹੋ ਜਾਂਦੇ ਹਨ। ਸੋ ਲੋਕ ਗੀਤ ਅਚੇਤ ਮਨ ਦਾ ਆਪ-ਮੁਹਾਰਾ ਸੰਗੀਤਕ ਪ੍ਰਗਟਾਵਾ ਹੁੰਦੇ ਹਨ।

------

# ਪ੍ਰਸੰਗ ਸਹਿਤ ਵਿਆਖਿਆ

## ਵੇ ਮੈਂ ਭਰੀ ਸੁਗੰਧੀਆਂ ਪੌਣ

ਵੇ ਮੈਂ ਭਰੀ ਸੁਗੰਧੀਆਂ ਪੌਣ
ਸਜਣ ਤੇਰੇ ਬੂਹੇ
ਵੇ ਤੂ ਇਕ ਵਾਰੀ ਤਕ ਲੈ ਕੌਣ
ਸਜਨ ਤੇਰੇ ਬੂਹੇ
ਮੇਰੀ ਕੱਚੜੀ ਪਹਿਲ ਵਰੇਸ
ਸੰਗ ਤੇਰਾ ਚਾਹੇ
ਮੇਰੇ ਸੁੱਚੜੇ ਸੁੱਚੜੇ ਅੰਗ
ਕੇਸ ਅਣਵਾਹੇ॥

ਪ੍ਰਸੰਗ : ਇਹ ਕਾਵਿ ਟੋਟਾ/ ਕਾਵਿ ਸਤਰਾਂ 'ਸਮਕਾਲੀ ਪੰਜਾਬੀ ਕਵਿਤਾ' ਕਾਵਿ ਸੰਗ੍ਰਹਿ ਵਿਚ ਦਰਜ ਪ੍ਰਸਿੱਧ ਜੁਝਾਰਵਾਦੀ ਕਵੀ ਹਰਭਜਨ ਸਿੰਘ ਦੀ ਕਵਿਤਾ 'ਵੇ ਮੈਂ ਭਰੀ ਸੁਗੰਧੀਆਂ ਪੌਣ' ਵਿਚੋਂ ਲਈਆਂ ਗਈਆਂ ਹਨ। ਇਸ ਕਵਿਤਾ ਵਿਚ ਕਵੀ ਹਰਭਜਨ ਸਿੰਘ ਨੇ ਗੀਤ ਕਾਵਿ ਰੂਪ ਰਾਹੀਂ ਭਰ ਜੁਆਨੀ ਦੀ ਅਵਸਥਾ ਦੁਆਰਾ ਇਕ ਨੌਜਵਾਨ ਮੁਟਿਆਰ ਦੇ ਅੰਤਰੀਵੀ ਭਾਵਾਂ ਦਾ ਪ੍ਰਗਟਾਵਾ ਕੀਤਾ ਹੋਇਆ ਹੈ ਜੋ ਕਿ ਆਪਣੀ ਜੁਆਨੀ ਦੀ ਪੂਰਤੀ ਲਈ ਆਪਣੇ ਪ੍ਰੀਤਮ ਦੀ ਮੰਗ ਕਰਦੀ ਹੋਈ ਉਸ ਨੂੰ ਹੁਸਨ-ਇਸ਼ਕ ਦੇ ਲੜ ਲਗਣ ਲਈ ਵੰਗਾਰਦੀ ਹੈ।

ਵਿਆਖਿਆ : ਇਹਨਾਂ ਸਤਰਾਂ ਰਾਹੀਂ ਹਰਭਜਨ ਸਿੰਘ ਨੇ ਇਕ ਸੁੰਦਰ ਨੌਜਵਾਨ ਇਸਤਰੀ ਦੇ ਅੰਤਰੀਵੀ ਵਲਵਲਿਆਂ ਨੂੰ ਉਜਾਗਰ ਕੀਤਾ ਹੋਇਆ ਹੈ। ਜੋ ਕਿ ਆਪਣੀ ਜਵਾਨੀ ਦੀ ਅਵਸਥਾ ਨੂੰ ਆਪੇ ਤੋਂ ਬਾਹਰ ਮਹਿਸੂਸ ਕਰਦੀ ਹੋਈ ਨੌਜਵਾਨ ਪ੍ਰੀਤਮ ਨੂੰ ਆਪਣੇ ਸਰੀਰਕ ਸੇਕ ਲਈ ਉਤਸਾਹਿਤ ਕਰਦੀ ਹੋਈ ਆਪਣਾ ਆਪਾ ਸਵੀਕਾਰ ਕਰਨ ਲਈ ਤਰਲੇ ਲੈਂਦੀ ਹੈ। ਉਹ ਮੁਟਿਆਰ ਆਪਣੇ ਪ੍ਰੀਤਮ ਨੂੰ ਲਲਕਾਰਦੀ ਹੋਈ ਕਹਿੰਦੀ ਹੈ ਕਿ ਮੈਂ ਹਰ ਢੰਗ ਨਾਲ ਤਿਆਰ ਹੋ ਕੇ ਤੇਰੇ ਦਰ ਉੱਤੇ ਖੜੀ ਹੋ ਚੁੱਕੀ ਹਾਂ, ਤੂੰ ਇਕ ਵਾਰ ਮੇਰੇ ਵਲ ਵੇਖ ਲੈ। ਮੈਂ ਪਹਿਲੀ ਵਾਰ ਬਚਪਨ ਦੀ ਅਵਸਥਾ ਲੰਘ ਕੇ ਆਈ ਹਾਂ, ਪਰ ਤੇਰਾ ਸੰਗ ਲੋਚਦੀ ਹੋਈ, ਤੈਨੂੰ ਵੰਗਾਰਦੀ ਹਾਂ ਕਿ ਤੇਰੇ ਤੋਂ ਪਹਿਲਾ ਮੈਂ ਕਿਸੇ ਨੂੰ ਵੀ ਨਹੀਂ ਚਾਹਿਆ ਹੈ। ਭਾਵ ਕਿ ਮੈਂ ਜਵਾਨੀ ਵਿਚ ਆ ਕੇ ਕੇਵਲ ਤੇਰੇ ਹੀ ਤਰਲੇ ਲੈ ਰਹੀ ਹਾਂ।

ਹਿੱਕ ਧੁਖੇ ਪਹਿਲੜੀ ਰੀਝ
ਵੇਸ ਮੇਰੇ ਸੂਹੇ
ਮੇਰੀ ਸੁਫਨੇਂ-ਵਰਗੀ ਜਿੰਦ

ਆਸ ਜਿਹੀ ਸੋਹਣੀ
ਵੇ ਮੈਂ ਉਹ ਸਰ ਆਈ ਨਾ,
ਨਾਂ ਜਿਹਦਾ ਹੋਣੀ
ਮੈਨੂੰ ਭਲਕੇ ਦੀ ਪਰਭਾਤ
ਸਜਨ ਅੱਜ ਛੂਹੇ

ਪ੍ਰਸੰਗ : ਇਹ ਕਾਵਿ ਟੋਟਾ/ਕਾਵਿ ਸਤਰਾਂ 'ਸਮਕਾਲੀ ਪੰਜਾਬੀ ਕਵਿਤਾ' ਕਾਵਿ ਸੰਗ੍ਰਹਿ ਵਿਚ ਦਰਜ ਪ੍ਰਸਿੱਧ ਜੁਝਾਰਵਾਦੀ ਕਵੀ ਹਰਭਜਨ ਸਿੰਘ ਦੀ ਕਵਿਤਾ 'ਵੇ ਮੈਂ ਭਰੀ ਸੁਗੰਧੀਆਂ ਪੌਣ' ਵਿਚੋਂ ਲਈਆਂ ਗਈਆਂ ਹਨ। ਇਸ ਕਵਿਤਾ ਵਿਚ ਕਵੀ ਹਰਭਜਨ ਸਿੰਘ ਨੇ ਗੀਤ ਕਾਵਿ ਰੂਪ ਰਾਹੀਂ ਭਰ ਜੁਆਨੀ ਦੀ ਅਵਸਥਾ ਦੁਆਰਾ ਇਕ ਨੌਜਵਾਨ ਮੁਟਿਆਰ ਦੇ ਅੰਤਰੀਵੀ ਭਾਵਾਂ ਦਾ ਪ੍ਰਗਟਾਵਾ ਕੀਤਾ ਹੋਇਆ ਹੈ ਜੋ ਕਿ ਆਪਣੀ ਜੁਆਨੀ ਦੀ ਪੂਰਤੀ ਲਈ ਆਪਣੇ ਪ੍ਰੀਤਮ ਦੀ ਮੰਗ ਕਰਦੀ ਹੋਈ ਉਸ ਨੂੰ ਹੁਸਨ-ਇਸ਼ਕ ਦੇ ਲੜ ਲਗਣ ਲਈ ਵੰਗਾਰਦੀ ਹੈ।

ਵਿਆਖਿਆ : ਇਸ ਟੋਟੇ ਵਿਚ ਮੁਟਿਆਰ ਆਪਣੇ ਪ੍ਰੀਤਮ ਨੂੰ ਉਤਸਾਹਿਤ ਕਰਦੀ ਹੋਈ ਕਹਿੰਦੀ ਹੈ ਕਿ ਮੈਂ ਇਸ ਤਰ੍ਹਾਂ ਲਾਲ ਕਪੜਿਆਂ ਨੂੰ ਪਹਿਨ ਕੇ ਆਪਣੇ ਅੰਦਰ ਦੀ ਪਹਿਲੀ ਤੜਪ ਲੈ ਕੇ ਤੇਰੇ ਦਰ ਤੇ ਆਈ ਹਾਂ। ਮੇਰੇ ਕੋਮਲ ਸਰੀਰ ਦੀ ਇਹ ਆਸ ਹੈ ਜੋ ਤੇਰੇ ਤੋਂ ਪੂਰਨ ਕਰਨਾ ਚਾਹੁੰਦੀ ਹਾਂ ਅਤੇ ਆਪਣੇ ਆਪ ਲਈ ਹੋਣੀ ਦਾ ਪ੍ਰਤੀਕ ਵਰਤਦੀ ਹੋਈ ਕੱਲ ਦੇ ਇੰਤਜ਼ਾਰ ਦੀ ਉਡੀਕ ਵਿਚ ਨਹੀਂ ਹਾਂ। ਭਾਵ ਕਿ ਮੇਰੇ ਪ੍ਰੀਤਮ ਤੂੰ ਮੈਨੂੰ ਅੱਜ ਹੀ ਕਬੂਲ ਕਰ ਲੈ, ਕਲ ਤਕ ਦੀ ਉਡੀਕ ਉਤੇ ਨਾ ਛਡੀਂ।

ਮੈਂ ਖੜੀ ਸਜਨ ਤੇਰੇ ਦੁਆਰ
ਤੋਲ ਤਕਦੀਰਾਂ
ਮੇਰੀ ਰੁਸ ਨ ਜਾਏ ਸੁਗੰਧ
ਉਡੀਕ ਅਖ਼ੀਰਾਂ
ਕਹੀ ਤੱਤੜੀ ਤੱਤੜੀ 'ਵਾ
ਮੇਰਾ ਤਨ ਲੂਹੇ
ਵੇਂ ਮੈਂ ਭਰੀ ਸਗੰਧੀਆਂ ਪੌਣ
ਸਜਨ ਤੇਰੇ ਬੂਹੇ
ਵੇ ਤੂੰ ਇਕ ਵਾਰੀ ਤੱਕ ਲੈ ਕੌਣ
ਸਜਣ ਤੇਰੇ ਬੂਹੇ।

ਪ੍ਰਸੰਗ : ਇਹ ਕਾਵਿ ਟੋਟਾ/ ਕਾਵਿ ਸਤਰਾਂ 'ਸਮਕਾਲੀ ਪੰਜਾਬੀ ਕਵਿਤਾ' ਕਾਵਿ ਸੰਗ੍ਰਹਿ ਵਿਚ ਦਰਜ ਪ੍ਰਸਿੱਧ ਜੁਝਾਰਵਾਦੀ ਕਵੀ ਹਰਭਜਨ ਸਿੰਘ ਦੀ ਕਵਿਤਾ 'ਵੇ ਮੈਂ ਭਰੀ ਸੁਗੰਧੀਆਂ ਪੌਣ' ਵਿਚੋਂ ਲਈਆਂ ਗਈਆਂ ਹਨ। ਇਸ ਕਵਿਤਾ ਵਿਚ ਕਵੀ ਹਰਭਜਨ ਸਿੰਘ ਨੇ ਗੀਤ ਕਾਵਿ ਰੂਪ ਰਾਹੀਂ ਭਰ ਜੁਆਨੀ ਦੀ ਅਵਸਥਾ ਦੁਆਰਾ ਇਕ ਨੌਜਵਾਨ ਮੁਟਿਆਰ ਦੇ ਅੰਤਰੀਵੀ ਭਾਵਾਂ ਦਾ ਪ੍ਰਗਟਾਵਾ ਕੀਤਾ ਹੋਇਆ ਹੈ ਜੋ ਕਿ ਆਪਣੀ ਜੁਆਨੀ ਦੀ ਪੂਰਤੀ ਲਈ ਆਪਣੇ ਪ੍ਰੀਤਮ ਦੀ ਮੰਗ ਕਰਦੀ ਹੋਈ ਉਸ ਨੂੰ ਹੁਸਨ-ਇਸ਼ਕ ਦੇ ਲੜ ਲਗਣ ਲਈ ਵੰਗਾਰਦੀ ਹੈ।

ਵਿਆਖਿਆ : ਨੌਜਵਾਨ ਮੁਟਿਆਰ ਆਪਣੇ ਪ੍ਰੀਤਮ ਦੇ ਤਰਲੇ ਕਰਦੀ ਹੋਈ ਆਪਣੀ ਤਕਦੀਰ ਦੀ ਪਰਖ ਲਈ ਮਜਬੂਰ ਕਰ ਰਹੀ ਹੈ। ਉਸਦੀ ਕਹਿਣ ਸ਼ਬਦਾਵਲੀ ਵਿਚ ਇੰਨੀ ਖਿੱਚ ਹੈ ਕਿ ਆਪਣੇ ਪ੍ਰੀਤਮ ਨੂੰ ਹਰ ਢੰਗ ਨਾਲ ਵਾਸਤੇ ਪਾਉਂਦੀ ਹੋਈ ਕਹਿੰਦੀ ਹੈ ਕਿ "ਮੇਰੀ ਇਹ ਜਵਾਨੀ ਮੈਥੋਂ ਇਵੇਂ ਨ ਚਲੀ ਜਾਵੇ ਤੇ ਮੇਰੀ ਇਹ ਉਡੀਕ ਕਿਧਰੇ ਅੰਤਿਮ ਉਡੀਕ ਨ ਬਣ ਜਾਵੇ, ਮੇਰੇ ਅੰਦਰ ਦੀ ਅੱਗ ਮੈਨੂੰ ਸਾੜ ਰਹੀ ਹੈ। ਇਸ ਲਈ ਮੇਰੇ ਪ੍ਰੀਤਮ ਮੈਂ ਤੇਰੇ ਘਰ ਆ ਕੇ ਤੇਰੇ ਤਰਲੇ ਲੈ ਰਹੀ ਹਾਂ ਕਿ ਤੂੰ ਇਕ ਵਾਰੀ ਮੈਨੂੰ ਸਵੀਕਾਰ ਕਰਕੇ ਮੇਰੀ ਸਰੀਰਕ ਅੱਗ ਸ਼ਾਂਤ ਕਰ ਦੇ ਜੋ ਕਿ ਮੇਰੀ ਆਖਰੀ ਇੱਛਾ ਹੈ।"

ਧਰਤੀ ਦੇ ਹੇਠਾਂ

ਧਰਤੀ ਦੇ ਹੇਠਾਂ
ਧੌਲ ਹੈ ਧਰਮ ਹੈ
ਇਕ ਮੇਰੀ ਧੀ ਹੈ
ਧਰਤੀ ਤਾਂ ਬੋਝ ਹੈ
ਦੁੱਖ ਹੈ ਕੋਝ ਹੈ
ਸਹਿੰਦੀ ਹੈ ਧੀ
ਪਰ ਕਹਿੰਦੀ ਨਾ ਸੀ ਹੈ

ਪ੍ਰਸੰਗ : ਇਹ ਕਾਵਿ ਸਤਰਾਂ ਪੰਜਾਬੀ ਦੀ ਪਾਠ-ਪੁਸਤਕ 'ਸਮਕਾਲੀ ਪੰਜਾਬੀ ਕਵਿਤਾ' ਕਾਵਿ ਸੰਗ੍ਰਹਿ ਵਿਚੋਂ ਹਰਭਜਨ ਸਿੰਘ ਦੀ ਕਵਿਤਾ 'ਧਰਤੀ ਦੇ ਹੇਠਾਂ' ਨਾਮੀ ਕਵਿਤਾ ਵਿਚ ਦਰਜ ਹਨ। ਇਹ ਕਵਿਤਾ ਗੁਰੂ ਨਾਨਕ ਦੀ ਸਤਰ 'ਧੌਲ ਧਰਮ ਦਇਆ ਕਾ ਪੂਤ' ਤੇ ਆਧਾਰਿਤ ਨਵੀਂ ਰੂਪਕ ਰਚਨਾ ਹੈ। ਇਸ ਕਵਿਤਾ ਰਾਹੀਂ ਅੱਜ ਦੇ ਸੰਸਾਰ ਅੰਦਰ ਚਲ ਰਹੇ ਧੀ ਦੇ ਸੰਤਾਪ ਦੀ ਪੇਸ਼ਕਾਰੀ ਕੀਤੀ ਹੋਈ ਹੈ।

ਵਿਆਖਿਆ : ਇਹ ਕਵਿਤਾ/ਸਤਰਾਂ ਇਕ ਪਿਤਾ ਦੀ ਦ੍ਰਿਸ਼ਟੀ ਤੋਂ ਧੀ ਬਾਰੇ ਗਹਿਰੀ ਸੰਵੇਦਨਾ ਨੂੰ ਜਗਾਉਂਦੀ ਹੋਈ ਧੀ ਨਾਲ ਹੋ ਰਹੇ ਅਨਿਆਏ ਨੂੰ ਪੇਸ਼ ਕਰਦੀ ਹੈ ਕਿ ਕਿਵੇਂ ਜਿੱਥੇ ਪਹਿਲਾਂ ਇਹ ਮਿੱਥ ਸੀ ਕਿ ਸਾਰੀ ਹੀ ਧਰਤੀ ਦਾ ਭਾਰ ਇਕ 'ਬੌਲਦ' ਨੇ ਚੁਕਿਆ ਹੈ ਉੱਥੇ ਅਜ ਸਾਰੀ ਸ੍ਰਿਸ਼ਟੀ ਦਾ ਭਾਰ ਇਕ ਧੀ ਦੇ ਸਿਰ ਉਤੇ ਹੈ, ਜੋ ਕਿ ਧੀ ਨਾਲ ਸਮਾਜਕ ਬੇ-ਇਨਸਾਫੀ ਦਾ ਇਜ਼ਹਾਰ ਹੈ। ਕਵੀ ਕਹਿੰਦਾ ਹੈ ਕਿ ਸਮਾਜਕ ਸਾਰਿਆਂ ਹੀ ਰਿਸ਼ਤਿਆਂ ਦਾ ਭਾਰ ਧੀ ਆਪਣੇ ਸਿਰ ਉਤੇ ਚੁਕ ਕੇ ਢੋਅ ਰਹੀ ਹੈ, ਪਰ ਫਿਰ ਵੀ ਆਪਣੇ ਮੂੰਹੋਂ ਕੁਝ ਵੀ ਨਹੀਂ ਕਹਿੰਦੀ। ਸਗੋਂ ਸਭ ਕੁਝ ਸਹਿਣ ਕਰਕੇ ਅਗੇ ਵਧਦੀ ਹੀ ਜਾ ਰਹੀ ਹੈ

ਧੌਲ ਵੀ ਥੱਕਿਆ
ਥੱਕ ਕੇ ਬਹਿ ਗਿਆ
ਧਰਮ ਹੀ ਹਾਰਿਆ
ਪੰਖ ਲਾ ਉਡਰਿਆ
ਧੀਆਂ ਨੂੰ ਥੱਕਣ ਦੀ
ਜਾਂਚ ਹੀ ਨਹੀਂ ਹੈ

................

................

ਧਰਤੀ ਦੇ ਹੇਠਾਂ

ਧੌਲ ਸੀ ਧਰਮ ਸੀ

ਹੁਣ ਮੇਰੀ ਧੀ ਹੈ।

ਪ੍ਰਸੰਗ : ਇਹ ਕਾਵਿ ਸਤਰਾਂ ਪੰਜਾਬੀ ਦੀ ਪਾਠ ਪੁਸਤਕ 'ਸਮਕਾਲੀ ਪੰਜਾਬੀ ਕਵਿਤਾ' ਕਾਵਿ ਸੰਗ੍ਰਹਿ ਵਿਚੋਂ ਹਰਭਜਨ ਸਿੰਘ ਦੀ ਕਵਿਤਾ 'ਧਰਤੀ ਦੇ ਹੇਠਾਂ' ਨਾਮੀ ਕਵਿਤਾ ਵਿਚ ਦਰਜ ਹਨ। ਇਹ ਕਵਿਤਾ ਗੁਰੂ ਨਾਨਕ ਦੀ ਸਤਰ 'ਧੌਲ ਧਰਮ ਦਇਆ ਦਾ ਪੂਤ' ਤੇ ਆਧਾਰਿਤ ਨਵੀ ਰੂਪਕ ਰਚਨਾ ਹੈ। ਇਸ ਕਵਿਤਾ ਰਾਹੀਂ ਅੱਜ ਦੇ ਸੰਸਾਰ ਅੰਦਰ ਚਲ ਰਹੇ ਧੀ ਦੇ ਸੰਤਾਪ ਦੀ ਪੇਸ਼ਕਾਰੀ ਕੀਤੀ ਹੋਈ ਹੈ।

ਵਿਆਖਿਆ : ਹਰਭਜਨ ਸਿੰਘ ਨੇ ਇਹਨਾਂ ਸਤਰਾਂ ਦੁਆਰਾ ਇਹ ਪ੍ਰਗਟਾਇਆ ਹੈ ਕਿ ਜਦੋਂ ਧਰਤੀ ਦੀ ਹਰ ਸ਼ੈਅ ਥੱਕ ਗਈ, ਹਾਰ ਗਈ ਭਾਵ ਕਿ ਮਨਾਂ ਕਰ ਗਈ ਧੀ ਨੇ ਉਦੋਂ ਵੀ ਹਾਰ ਨਹੀਂ ਮੰਨੀ। ਬ੍ਰਹਮਾਂ ਨੇ ਜਿਸ ਸਮੇਂ ਸੰਸਾਰ ਦੀ ਉਤਪਤੀ ਕੀਤੀ ਤਾਂ ਕਈ ਪ੍ਰਕਾਰ ਦੀਆਂ ਸਮੱਸਿਆਵਾਂ ਨੂੰ ਸਿਰਜਿਆ ਤਾਂ ਉਹਨਾਂ ਸਾਰੀਆਂ ਹੀ ਸਮੱਸਿਆਵਾਂ ਨਾਲ ਲੜਨ ਲਈ ਧੀ ਨੂੰ ਪੈਦਾ ਕਰ ਦਿਤਾ ਭਾਵ ਕਿ ਸ਼ਕਤੀ ਨੂੰ ਪੈਦਾ ਕਰ ਦਿਤਾ। ਉਹ ਸ਼ਕਤੀ ਹੈ ਧੀ ਜਿਸ ਨੂੰ ਸਮਾਜ ਪੱਖੋਂ ਪੂਰਨ ਆਜ਼ਾਦੀ ਨਾ ਹੋਣ ਦੇ ਬਾਵਜੂਦ ਵੀ ਹਰ ਤਰ੍ਹਾਂ ਦਾ ਸੰਘਰਸ਼ ਤੇ ਸੰਤਾਪ ਭੋਗਦੀ ਹੈ। ਸੋ ਇਸ ਕਵਿਤਾ ਰਾਹੀਂ ਹਰਭਜਨ ਸਿੰਘ ਨੇ ਪਿਤਾ ਦੀ ਧੀ ਪ੍ਰਤੀ ਸੰਵੇਦਨਾਂ ਅਤੇ ਧੀ ਦੇ ਤ੍ਰਾਸਦਿਕ ਜੀਵਨ ਦੀ ਬਿਆਨਬਾਜ਼ੀ ਕੀਤੀ ਹੋਈ ਹੈ।

ਰੁੱਖ ਤੇ ਰਿਸ਼ੀ

ਆਪਣੀ ਛਾਂ ਦੇ ਪਸਾਰੇ ਤੋਂ ਪਰ੍ਹਾਂ

ਮਸਾਂ ਚਾਰ ਕਦਮ ਗਿਆ ਸਾਂ

ਕਿ ਪਈ ਮਗਰੋਂ 'ਵਾਜ਼ :

..................."

.........................

ਮਹਿਕ ਨਹੀਂ ਹੋਵਾਂਗਾ ਤਾਂ ਹੋਵਾਂਗਾ

ਮੈਂ ਮਹਿਕ ਦਾ ਖਿਆਲ।

ਪ੍ਰਸੰਗ : ਇਹ ਕਾਵਿ ਸਤਰਾਂ 'ਸਮਕਾਲੀ ਪੰਜਾਬੀ ਕਵਿਤਾ' ਵਿਚੋਂ ਲਈਆਂ ਗਈਆਂ ਹਨ। ਜਿਸ ਦੇ ਲੇਖਕ ਹਰਭਜਨ ਸਿੰਘ ਹਨ। ਉਹਨਾਂ ਇਕ ਲੰਬੀ ਬਿਰਤਾਂਤਕ ਰਚਨਾ 'ਰੁਖ ਤੇ ਰਿਸ਼ੀ' ਲਿਖੀ। ਜਿਸ ਵਿਚੋਂ ਇਹ ਕਾਵਿ ਖੰਡ ਲਿਆ ਗਿਆ ਹੈ। ਇਸ ਕਵਿਤਾ ਰਾਹੀਂ 'ਮਨੁੱਖ ਨੇ ਰੁੱਖ ਤੇ ਰਿਸ਼ੀ' ਦੇ ਆਪਸੀ ਸੰਵਾਦਾਂ ਦੁਆਰਾ ਸਮਾਨਤਾਵਾਂ ਅਤੇ ਵੱਖਰੇਵਿਆਂ ਨੂੰ ਪੇਸ਼ ਕੀਤਾ ਹੋਇਆ ਹੈ।

ਵਿਆਖਿਆ : ਇਸ ਕਵਿਤਾ ਦੁਆਰਾ ਇਹ ਸਪੱਸ਼ਟ ਦਰਸ਼ਾਇਆ ਗਿਆ ਹੈ ਕਿ ਅਸਲ ਰੂਪ ਵਿਚ ਰੁੱਖ ਹੀ ਰਿਸ਼ੀ ਹੈ ਕਿਉਂਕਿ ਰੁੱਖ ਦੀ ਮਨੁੱਖ ਲਈ ਬਹੁਤ ਹੀ ਵੱਡੀ ਦੇਣ ਹੈ। ਇਹ ਕਵਿਤਾ ਜੀਵਨ ਅਤੇ ਮੌਤ ਦੀ ਬੁਨਿਆਦ ਨੂੰ ਦਰਸ਼ਾਉਂਦੀ ਹੋਈ ਸਮਾਜਕ ਸੀਮਤ ਘੇਰਿਆਂ 'ਚੋਂ

ਪਾਰ ਜਾਣ ਲਈ ਪ੍ਰੇਰਿਤ ਕਰਦੀ ਹੈ। ਕਵੀ ਨੇ ਕਵਿਤਾ ਦੇ ਆਰੰਭ ਵਿਚ ਹੀ ਆਪਣੇ ਅਸਲੇ ਤੋਂ ਟੁਟ ਕੇ ਦੂਰ ਜਾਣ ਦੀਆਂ ਹਾਣੀਆਂ ਬਾਰੇ ਪਾਠਕ ਨੂੰ ਜਾਗਰੂਕ ਕੀਤਾ ਹੈ। ਰੁੱਖ ਨੂੰ ਸੰਬੋਧਨ ਸ਼ੈਲੀ ਵਿਚ ਕਿਹਾ ਹੈ ਕਿ ਤੇਰੇ ਉਤੇ ਆਉਣ ਵਾਲੀਆਂ ਨਸਲਾਂ ਨੂੰ ਮਾਣ ਹੈ।ਤੇਰੇ ਤੋਂ ਵੱਡਾ ਰਿਸ਼ੀ ਹੋਰ ਕੋਈ ਨਹੀਂ ਕਿਉਂਕਿ ਤੂੰ ਹਰ ਤਰ੍ਹਾਂ ਦੀਆਂ ਪਰਿਸਿਥੀਆਂ ਨੂੰ ਸਹਿਣ ਕਰਨ ਯੋਗ ਹੈਂ।ਚਾਹੇ ਧੁੱਪ ਹੋਵੇ ਜਾਂ ਕਕਰ (ਠੰਡ), ਮੀਂਹ ਪਵੇ ਜਾਂ ਸੋਕਾ। ਇਹ ਸਭ ਕੁਝ ਝੱਲ ਕੇ ਵੀ ਮਨੁੱਖ ਨੂੰ ਫਲ ਰੂਪੀ ਪ੍ਰਸ਼ਾਦਿ ਪ੍ਰਦਾਨ ਕਰਦਾ ਹੈ।ਇਸ ਲਈ ਤੇਰੇ ਤੋਂ ਮਹਾਨ ਹੋਰ ਕੌਣ ਹੋ ਸਕਦਾ ਹੈ।

ਤੁਰੀਏ ਜੇ ਘਰੋਂ ਫੇਰ ਮੁੜ ਕੇ ਨਾ ਵੇਖੀਏ ਪਿਛਾਂਹ
ਇਹਨੂੰ ਭੰਗ ਨਾ ਹੋਣ ਦੇ।

ਵਿਆਖਿਆ : ਇਹਨਾਂ ਸਤਰਾਂ ਵਿਚ ਕਵੀ ਨੇ ਰੁੱਖ ਦੀ ਪ੍ਰਗਤੀਵਾਦੀ ਸੋਚ ਦੀ ਪੇਸ਼ਕਾਰੀ ਕੀਤੀ ਹੋਈ ਹੈ। ਆਪਣੇ ਅਸਲੇ ਨਾਲੋਂ ਟੁੱਟਣ ਨੂੰ ਲੋਕ-ਭਲਾਈ ਲਈ ਨਵੇਂ ਰੂਪ ਵਿਚ ਪੇਸ਼ ਕੀਤਾ ਹੋਇਆ ਹੈ। ਇਥੇ ਰੁੱਖ ਪਾਠਕ ਨੂੰ ਸੂਚਿਤ ਕਰ ਰਿਹਾ ਹੈ ਕਿ ਆਪਣਾ ਲਕਸ਼ ਲੈ ਕੇ ਤੁਰ ਪਈਏ ਤਾਂ ਫਿਰ ਪਿੱਛੇ ਦੀ ਚਿੰਤਾ ਕਰਨ ਦੀ ਲੋੜ ਨਹੀਂ ਕਿਉਂਕਿ ਪਿੱਛੇ ਤੇਰੇ ਹੋਰ ਵੀ ਬਹੁਤ ਸਾਰੇ ਸਾਥੀ ਹਨ ਜੋ ਤੇਰੀਆਂ ਕਮੀਆਂ ਨੂੰ ਪੂਰਾ ਕਰਨਗੇ। ਤੈਨੂੰ ਪਿਛਾਂਹ ਦੇਖਣ ਦੀ ਲੋੜ ਨਹੀਂ ਕਿਉਂਕਿ ਪਿੱਛੇ ਕੁਦਰਤ ਹੈ। ਜਿਸ ਨੇ ਉਹਨਾਂ ਨੂੰ ਪੈਦਾ ਕੀਤਾ ਹੋਇਆ ਹੈ। ਏਥੇ ਪਏ ਵੀ ਤੂੰ ਸੁਕ ਜਾਣਾ ਚਲ ਕਿਤੇ ਚੱਲੀਏ ਤੇ ਮੁਕਣਯੋਗ ਹੋਈਏ।

ਪ੍ਰਸੰਗ : ਇਹ ਕਾਵਿ ਸਤਰਾਂ ਪੰਜਾਬੀ ਦੀ ਪਾਠ ਪੁਸਤਕ 'ਸਮਕਾਲੀ ਪੰਜਾਬੀ ਕਵਿਤਾ' ਕਾਵਿ ਸੰਗ੍ਰਹਿ ਵਿਚੋਂ ਹਰਭਜਨ ਸਿੰਘ ਦੀ ਕਵਿਤਾ 'ਧਰਤੀ ਦੇ ਹੇਠਾਂ' ਨਾਮੀ ਕਵਿਤਾ ਵਿਚ ਦਰਜ ਹਨ। ਇਹ ਕਵਿਤਾ ਗੁਰੂ ਨਾਨਕ ਦੀ ਸਤਰ 'ਧੌਲ ਧਰਮ ਦਇਆ ਦਾ ਪੂਤ' ਤੇ ਆਧਾਰਿਤ ਨਵੀ ਰੂਪਕ ਰਚਨਾ ਹੈ। ਇਸ ਕਵਿਤਾ ਰਾਹੀਂ ਅੱਜ ਦੇ ਸੰਸਾਰ ਅੰਦਰ ਚਲ ਰਹੇ ਦੇ ਸੰਤਾਪ ਦੀ ਪੇਸ਼ਕਾਰੀ ਕੀਤੀ ਹੋਈ ਹੈ।

ਵਿਆਖਿਆ : ਇਹਨਾਂ ਸਤਰਾਂ ਦੁਆਰਾ ਕਵੀ ਨੇ ਰੁੱਖ ਦੀ ਪ੍ਰਗਤੀਵਾਦੀ ਸੋਚ ਨੂੰ ਦਰਸ਼ਾਇਆ ਹੋਇਆ ਹੈ। ਰੁੱਖ ਦਾ ਮਾਨਵੀਕਰਣ ਕੀਤਾ ਹੋਇਆ ਹੈ ਤੇ ਰੁੱਖ ਕਹਿੰਦਾ ਹੈ ਕਿ ਅੰਤ ਹਰ ਸ਼ੈਅ ਨੇ ਮੁਕ ਜਾਣਾ ਹੈ। ਇਸ ਲਈ ਅਗਾਂਹ ਵਧ ਕੇ ਦੂਜਿਆਂ ਦੀ ਭਲਾਈ ਲਈ ਮੁਕਣਾ ਹੀ ਯੋਗ ਹੈ। ਕਵੀ ਮਨੁੱਖ ਨੂੰ ਸੀਮਿਤ ਘੇਰਿਆਂ 'ਚੋਂ ਬਾਹਰ ਕੱਢ ਕੇ ਦੇਖਣਾ ਚਾਹੁੰਦਾ ਹੈ। ਜਿਵੇਂ ਟੋਭਿਆਂ ਦਾ ਪਾਣੀ ਅਗਰ ਟੋਭਿਆਂ ਵਿਚ ਹੀ ਸੁਕ ਜਾਵੇ ਤਾਂ ਉਸ ਦੀ ਮਹਾਨਤਾ ਨਹੀਂ ਪਰ ਜੇਕਰ ਸਮੁੰਦਰ ਵਿਚ ਮਿਲ ਕੇ ਸੁਕੇ ਤਾਂ ਉਸ ਦੀ ਮਹਾਨਤਾ ਹੈ। ਕਵੀ ਕਹਿੰਦਾ ਹੈ ਕਿ ਮਨੁੱਖ ਦਾ ਲਕਸ਼ ਹੀ ਦੂਜਿਆਂ ਦੀ ਸੇਵਾ ਹੋਣਾ ਚਾਹੀਦਾ ਹੈ ਤਾਂ ਹੀ ਉਹ ਮਨੁੱਖ ਮਹਾਨ ਹੋ ਸਕਦਾ ਹੈ।

ਹਰ ਮੋੜ ਤੇ ਸਲੀਬਾਂ

ਹਰ ਮੋੜ ਤੇ ਸਲੀਬਾਂ, ਹਰ ਪੈਰ ਤੇ ਹਨੇਰਾ।
ਫਿਰ ਵੀ ਅਸੀਂ ਸੁਕੇ ਨਾ, ਸਾਡਾ ਵੀ ਦੇਖ ਜੇਰਾ।

................................

ਮੇਰੇ ਵੀ ਪੈਰ ਚੁੰਮ ਕੇ, ਇਕ ਦਿਨ ਕਹੇਗੀ ਬੇੜੀ,
ਸਦ ਸ਼ੁਕਰ ਹੈ ਕਿ ਆਇਐ, ਮਹਿਬੂਬ ਅੰਤ ਮੇਰਾ।

ਪ੍ਰਸੰਗ : ਇਹ ਗਜ਼ਲ 'ਹਰ ਮੋੜ ਤੇ ਸਲੀਬਾਂ' ਸਾਡੀ ਪੰਜਾਬੀ ਦੀ ਪਾਠ-ਪੁਸਤਕ 'ਸਮਕਾਲੀ ਪੰਜਾਬੀ ਕਵਿਤਾ' ਵਿਚੋਂ ਲਈ ਗਈ ਹੈ। ਜਿਸ ਦਾ ਲੇਖਕ ਜਗਤਾਰ ਹੈ। ਇਹ ਜਗਤਾਰ ਦੀ ਚਰਚਿਤ ਗਜ਼ਲ ਹੈ ਜਿਹੜੀ ਉਸਦੇ ਗਜ਼ਲ ਸੰਗ੍ਰਹਿ 'ਸ਼ੀਸ਼ੇ ਦਾ ਜੰਗਲ' ਵਿਚ ਦਰਜ ਹੈ। ਇਹ ਗਜ਼ਲ ਕ੍ਰਾਂਤੀਕਾਰੀ ਰੂਪ ਵਿਚ ਰੋਮਾਂਸ ਨੂੰ ਪੇਸ਼ ਕਰਦੀ ਹੈ।

ਵਿਆਖਿਆ : ਇਸ ਗਜ਼ਲ ਵਿਚ ਜਗਤਾਰ ਨੇ ਕ੍ਰਾਂਤੀਕਾਰੀ ਨਾਇਕ ਨੂੰ ਰੋਮਾਂਸ ਦੇ ਖੇਤਰ ਵਿਚ ਪੇਸ਼ ਕੀਤਾ ਹੋਇਆ ਹੈ।ਜਿਹੜਾ ਸ਼ਕਤੀ ਪ੍ਰਵਚਨਾਂ ਨਾਲ ਟਕਰਾਉਂਦਾ ਹੋਇਆ ਆਪਣੀ ਮੰਜ਼ਿਲ ਵਲ ਟੁਰਿਆ ਜਾਂਦਾ ਹੈ। ਉਸ ਦੀ ਮੰਜ਼ਲ ਇਤਿਹਾਸ ਨੂੰ ਅੰਧਕਾਰ 'ਚੋਂ ਮੁਕਤ ਕਰਵਾਉਣ ਦਾ ਮਕਸਦ ਲੈਕੇ ਚਲਿਆ ਹੈ। ਕਵੀ ਕਹਿੰਦਾ ਹੈ ਕਿ ਦੁਨੀਆਂ ਵਿਚ ਹਰ ਮੋੜ ਤੇ ਸੂਲੀ ਤੇ ਅੰਧਕਾਰ ਹੈ। ਜਿਸ ਦੀ ਰੁਕਾਵਟ ਕਾਰਨ ਵੀ ਅਸੀਂ ਰੁਕੇ ਨਹੀਂ ਬਲਕਿ ਆਪਣੀ ਮੰਜ਼ਿਲ ਵਲ ਤੁਰੇ ਆ ਰਹੇ ਹਾਂ। ਦੇਖ! ਇਹ ਸਾਡੀ ਕਿੰਨੀ ਵੱਡੀ ਹਿੰਮਤ ਹੈ। ਅਸੀਂ ਇੰਨੇ ਪੱਕੇ ਹਾਂ ਕਿ ਜ਼ਮਾਨੇ ਦੇ ਮਿਟਾਉਣ ਦੇ ਬਾਵਜੂਦ ਵੀ ਮਿਟੇ ਨਹੀਂ। ਦੁਨੀਆਂ ਵਿਚ ਪਾਪ ਤੇ ਜ਼ੁਲਮ ਜ਼ਿਆਦਾ ਦੇਰ ਤਕ ਨਹੀਂ ਰਹਿ ਸਕਦਾ ਜਿਸਨੂੰ ਵੇਖ ਕੇ ਮੇਰਾ ਖੂਨ ਵੀ ਉੱਬਲ ਆਇਆ ਹੈ। ਲੇਖਕ/ ਕਵੀ ਆਪਣੀ ਮਾਸ਼ੂਕ ਨੂੰ ਸੰਬੋਧਨ ਕਰਕੇ ਲਿਖਦਾ ਹੈ ਕਿ ਤੇਰੀ ਪ੍ਰਾਪਤੀ ਲਈ ਮੈਂ ਉੱਠ ਖੜੋਤਾ ਤੇ ਹਰ ਥਾਂ ਉਤੇ ਤੇਰਾ ਹੀ ਜ਼ਿਕਰ ਕੀਤਾ ਜਾਣ ਲਗਾ। ਮੈਨੂੰ ਆ ਕੇ ਤੇਰੀ ਯਾਦ ਨੇ ਜਗਾਇਆ ਤੇ ਮੇਰੇ ਅੰਦਰ ਜੋਸ਼ ਆਇਆ ਤੇ ਮੈਂ ਉਹ ਕਰ ਦਿਖਾਇਆ ਜੋ ਨਹੀ ਸੀ ਕੀਤਾ ਜਾਣ ਯੋਗ। ਮੈਂ ਤੇਰੀ ਪ੍ਰਾਪਤੀ ਲਈ ਹਰ ਮੁਸੀਬਤ ਨੂੰ ਸਵੀਕਾਰ ਕਰਨ ਲਈ ਤਿਆਰ ਹਾਂ। ਇਸ ਪ੍ਰਕਾਰ ਇਹ ਗਜ਼ਲ ਕ੍ਰਾਂਤੀਕਾਰੀ ਵਿਚਾਰਾਂ ਨੂੰ ਪ੍ਰਗਟ ਕਰਦੀ ਹੈ ਕਿ ਕਿਵੇਂ ਇਕ ਪਿਆਰ ਕਰਨ ਵਾਲਾ ਆਪਣੀ ਮਾਸ਼ੂਕ ਲਈ ਹਰ ਤਰ੍ਹਾਂ ਦਾ ਸੰਘਰਸ਼ ਕਰਨ ਲਈ ਤਿਆਰ ਬਰ ਤਿਆਰ ਹੈ।

ਕੋਈ ਮਜ਼ਬੂਰੀ ਨਹੀਂ

ਕੋਈ ਮਜਬੂਰੀ ਨਹੀਂ ਜੇ ਦਿਲ ਕਰੇ ਤਾਂ ਖ਼ਤ ਲਿਖੀ।
ਰਿਸ਼ਤਿਆਂ ਦੀ ਭੀੜ 'ਚੋ ਫ਼ੁਰਸਤ ਮਿਲੇ ਤਾਂ ਖ਼ਤ ਲਿਖੀਂ।

ਪ੍ਰਸੰਗ : ਇਹ ਗਜ਼ਲ 'ਕੋਈ ਮਜ਼ਬੂਰੀ ਨਹੀਂ' ਸਾਡੀ ਪੰਜਾਬੀ ਦੇ ਕਾਵਿ ਸੰਗ੍ਰਹਿ 'ਸਮਕਾਲੀ ਪੰਜਾਬੀ ਕਵਿਤਾ ਵਿਚ ਦਰਜ ਹੈ, ਜਿਸ ਦੇ ਲੇਖਕ ਜਗਤਾਰ ਜੀ ਹਨ। ਉਹਨਾਂ ਦੀ ਇਹ ਪ੍ਰਸਿੱਧ ਗਜ਼ਲ ਸੰਬੋਧਨੀ ਸ਼ੈਲੀ ਵਿਚ ਹੈ। ਜਗਤਾਰ ਆਪਣੀ ਮਹਿਬੂਬਾਂ ਨੂੰ ਸੰਬੋਧਨ ਕਰਦਾ ਹੋਇਆ ਉਸ ਤੋਂ ਖ਼ਤ ਲਿਖੇ ਜਾਣ ਦੀ ਤਾਂਘ ਰੱਖਦਾ ਹੈ।

ਵਿਆਖਿਆ : ਇਸ ਗਜ਼ਲ ਦੁਆਰਾ ਕਵੀ ਨੇ ਆਪਣੀ ਮਹਿਬੂਬਾਂ ਨੂੰ ਸੰਬੋਧਨ ਕਰਕੇ ਕਿਹਾ ਹੈ ਕਿ ਜੇਕਰ ਤੈਨੂੰ ਦੁਨਿਆਵੀ ਸੰਸਾਰਕ ਰਿਸ਼ਤਿਆ ਚੋਂ ਫੁਰਸਤ ਮਿਲੇਗੀ ਤਾਂ ਮੈਨੂੰ ਖ਼ਤ ਲਿਖਣਾ। ਸੁਖਾਂ ਵਿਚ ਕੋਈ ਕਿਸੇ ਨੂੰ ਚੇਤੇ ਕਰੇ ਜਾਂ ਨਹੀਂ ਪਰ ਤੈਨੂੰ ਕਿਧਰੇ ਔਖੀ ਘੜੀ 'ਚ ਲੋੜ ਪਵੇਂ ਤਾਂ ਖਤ ਲਿਖਣਾ। ਇਸ ਗਜ਼ਲ ਤੋਂ ਪਤਾ ਚਲਦਾ ਹੈ ਕਿ ਕਵੀ ਜਿਸ ਮਹਿਬੂਬਾਂ ਨੂੰ ਪਿਆਰ ਕਰਦਾ ਸੀ, ਉਹ ਉਸ ਨੂੰ ਪ੍ਰਾਪਤ ਨਹੀਂ ਹੋ ਸਕੀ। ਉਸਦੇ ਵਿਯੋਗੇ ਜਾਣ ਦੀ ਸਥਿਤੀ ਵਿਚ ਆਪਣੀ ਪਰਿਸਥਿਤੀ ਨੂੰ ਬਿਆਨ ਕਰਦਾ ਹੋਇਆ ਕਹਿੰਦਾ ਹੈ ਕਿ ਮੇਰੇ 'ਚੋਂ ਤਾਂ ਕੋਈ ਫੁੱਲ ਨਹੀਂ ਖਿੜਨਾ ਪਰ ਤੇਰੇ 'ਚੋਂ ਜਦੋਂ ਖਿੜੇਗਾ ਤਾਂ ਮੈਨੂੰ ਜ਼ਰੂਰ ਦਸ ਦੇਣਾ। ਕਵੀ ਕਹਿੰਦਾ ਹੈ ਕਿ ਜੇਕਰ ਜਿੰਦਗੀ ਦੇ ਕਿਸੇ ਵੀ ਮੋੜ ਤੇ ਤੈਨੂੰ ਮੁਸ਼ਕਿਲ ਬਣੇ ਤਾਂ ਮੈਨੂੰ ਖ਼ਤ ਲਿਖੀ। ਕਿਧਰੇ ਵੀ ਮਹਿਫਲਾਂ ਵਿਚ ਮੇਰਾ ਨਾਂ ਆਵੇ ਤੇ ਕਿਸੇ ਨੂੰ ਚੁਭੇਂ ਤਾ ਖ਼ਤ ਲਿਖੀ। ਇਸ ਪ੍ਰਕਾਰ ਇਹ ਗਜ਼ਲ ਰੋਮਾਂਟਿਕ ਹੈ ਜੋ ਦੋ ਪਿਆਰ ਕਰਨ ਵਾਲਿਆ ਦੇ ਵਿਛੋੜੇ ਦੀ ਅਵਸਥਾ ਨੂੰ ਬਿਆਨ ਕਰਦੀ

ਹੈ। ਜੋ ਵਿਛੋੜਾ ਮਹਿਬੂਬ ਨੂੰ ਸਹਿਣ ਨਹੀਂ ਹੋ ਰਿਹਾ ਹੈ। ਜਿਸ ਕਰਕੇ ਉਹ ਆਪਣੀ ਮਹਿਬੂਬਾ ਨੂੰ ਸੰਬੋਧਨੀ ਸ਼ੈਲੀ ਵਿਚ ਖ਼ਤ ਲਿਖਣ ਲਈ ਕਹਿ ਰਿਹਾ ਹੈ। ਉਹ ਖ਼ਤ ਹੀ ਨਹੀਂ ਬਲਕਿ ਮਹਿਬੂਬਾ ਦੀ ਮੌਜੂਦਾ ਸਥਿਤੀ ਨੂੰ ਜਾਨਣ ਦੀ ਤਾਂਘ ਰੱਖਦਾ ਹੈ

ਰੁੱਖਾਂ ਹੇਠ ਛੁਪ ਕੇ

ਰੁੱਖਾਂ ਹੇਠ ਛੁਪ ਕੇ ਕਦ ਤਕ ਆਪਣਾ ਆਪ ਬਚਾਵੇਂਗਾ।
ਰੰਗਾਂ ਦੀ ਵਾਛੜ ਵਿਚ ਇਕ ਦਿਨ, ਵੇਖ ਲਵੀਂ ਭਿੱਜ ਜਾਵੇਂਗਾ।

ਪ੍ਰਸੰਗ : ਇਹ ਗ਼ਜ਼ਲ 'ਰੁੱਖਾਂ ਹੇਠ ਛੁਪ ਕੇ' ਪੰਜਾਬੀ ਦੀ ਪਾਠ-ਪੁਸਤਕ 'ਸਮਕਾਲੀ ਪੰਜਾਬੀ ਕਵਿਤਾ' ਵਿਚੋਂ ਲਈ ਗਈ ਹੈ ਜੋ ਕਿ ਜਗਤਾਰ ਦੁਆਰਾ ਲਿਖੀ ਗਈ ਹੈ। ਇਸ ਗ਼ਜ਼ਲ ਦੇ ਵੱਖ ਵੱਖ ਸ਼ੇਅਰਾਂ ਵਿਚ ਵੱਖ ਵੱਖ ਮਾਨਵੀ ਅਹਿਸਾਸਾਂ ਨੂੰ ਪ੍ਰਗਟ ਕੀਤਾ ਗਿਆ ਹੈ।

ਵਿਆਖਿਆ : ਇਸ ਗ਼ਜ਼ਲ ਦੁਆਰਾ ਮਨੁੱਖੀ ਸਾਂਝ ਯਥਾਰਥ-ਵਾਦ ਨੂੰ ਪ੍ਰਗਟਾਇਆ ਗਿਆ ਹੈ। ਮਨੁੱਖ ਨੂੰ ਜਾਗਰੂਕ ਕੀਤਾ ਹੋਇਆ ਹੈ ਕਿ ਜੀਵਨ ਅੰਦਰ ਹਕੀਕਤਾਂ ਤੋਂ ਬਚਿਆ ਨਹੀਂ ਜਾ ਸਕਦਾ। ਸਗੋਂ ਇਹਨਾਂ ਹਕੀਕਤਾਂ ਤੋਂ ਲੰਘ ਕੇ, ਉਹਨਾਂ ਦੀ ਪਛਾਣ ਕਰਕੇ ਹੀ ਚੰਗਾ ਜੀਵਨ ਗੁਜ਼ਾਰਿਆ ਜਾ ਸਕਦਾ ਹੈ। ਇਹਨਾਂ ਹਕੀਕਤਾਂ ਦੀ ਕਦਰ ਕਰਕੇ ਹੀ ਵਧੀਆ ਜੀਵਨ ਆਪਣੀ ਤੋਰੇ ਤੁਰਦਾ ਹੈ। ਗ਼ਜ਼ਲਕਾਰ ਨੇ ਇਸ ਗ਼ਜ਼ਲ ਰਾਹੀਂ ਵਾਰ ਵਾਰ ਇਹ ਕਿਹਾ ਹੈ ਕਿ ਜਿਹਨਾਂ ਹਾਲਾਤਾਂ ਵਿਚ ਤੂੰ ਵਿਚਰ ਰਿਹਾ ਹੈਂ, ਉਹਨਾਂ ਦਾ ਅਸਰ ਤੇਰੇ ਤੇ ਜ਼ਰੂਰ ਹੋਵੇਗਾ। ਇਸ ਲਈ ਉਹਨਾਂ ਹਾਲਾਤਾਂ ਤੋਂ ਛੁਪ ਕੇ ਨਹੀਂ ਬਲਕਿ ਬਹਾਦਰੀ ਨਾਲ ਮਾੜੀਆਂ ਕਦਰਾਂ-ਕੀਮਤਾਂ ਨੂੰ ਤੋੜ ਕੇ, ਉਹਨਾਂ ਨੂੰ ਨਵਾਂ ਰੂਪ ਦੇ ਕੇ ਨਵੇਂ ਢੰਗ ਨਾਲ ਜੀਵਨ ਗੁਜ਼ਾਰ। ਭਾਵ ਕਿ ਸੱਚ ਤੋਂ ਛੁਪ ਕੇ ਨਹੀਂ ਰਿਹਾ ਜਾ ਸਕਦਾ। ਸੱਚ ਨੂੰ ਕਬੂਲ ਕਰਕੇ ਹੀ ਉਸ ਦੇ ਨਾਲ ਚਲਣਾ ਵਧੀਆ ਜੀਵਨ ਹੈ

ਕੰਡਿਆਲੀ ਥੋਰ੍ਹ

ਮੈਂ ਕੰਡਿਆਲੀ ਥੋਰ੍ਹ ਵੇ ਸਜਣਾ
ਉੱਗੀ ਵਿਚ ਉਜਾੜਾਂ।
ਜਾਂ ਉਡਦੀ ਬਦਲੋਟੀ ਕੋਈ,
ਵਰ੍ਹ ਗਈ ਵਿਚ ਪਹਾੜਾਂ।

ਪ੍ਰਸੰਗ : ਇਹ ਗੀਤ ਰੂਪ ਕਾਵਿ ਸਾਡੀ ਪੰਜਾਬੀ ਪਾਠ-ਪੁਸਤਕ 'ਸਮਕਾਲੀ ਪੰਜਾਬੀ ਕਵਿਤਾ' ਕਾਵਿ ਸੰਗ੍ਰਹਿ ਵਿਚ ਦਰਜ ਹੈ, ਜੋ ਕਿ ਸ਼ਿਵ ਕੁਮਾਰ ਬਟਾਲਵੀ ਦੁਆਰਾ ਲਿਖਿਆ ਗਿਆ ਹੈ। ਇਸ ਗੀਤ ਦੁਆਰਾ ਮੱਨੁਖ ਨੇ ਸਮਾਜਕ ਹੋਣੀ ਦੀ ਪੀੜਾ ਕੰਡਿਆਲੀ ਥੋਰ੍ਹ ਦੇ ਰੂਪ ਵਿਚ ਰੋਈ ਹੋਈ ਹੈ।

ਵਿਆਖਿਆ : ਇਸ ਗੀਤ ਵਿਚ ਸੰਬੋਧਨ ਕਰਤਾ ਇਕ ਪੀੜਾਂ-ਵਿੰਨ੍ਹੀ ਮੁਟਿਆਰ ਹੈ, ਜੋ ਹਰ ਥਾਂ ਵਿਪਰੀਤ ਵਰਤਾਓ ਅਤੇ ਹਾਲਾਤ ਦੇ ਤਸ਼ੱਦਦ ਦੀ ਸ਼ਿਕਾਰ ਹੈ। ਜੋ ਕਿ ਆਪਣਾ ਦੁੱਖ ਆਪਣੇ ਸੱਜਣ ਸਾਹਮਣੇ ਬਿਆਨ ਕਰ ਰਹੀ ਹੈ। ਪੀੜਾਂ-ਵਿੰਨੀ ਮੁਟਿਆਰ ਕੰਡਿਆਲੀ ਥੋਰ੍ਹ ਦੇ ਰੂਪ ਵਿਚ ਸਮਾਜ ਦੀ ਅਣ-ਗਹਿਲੀ ਦਾ ਸ਼ਿਕਾਰ ਹੋਈ ਪੇਸ਼ ਕੀਤੀ ਗਈ ਹੈ। ਮਨੁੱਖ ਦੀ ਹੋਂਦ ਦਾ ਦੁਖ ਮੁਟਿਆਰ ਦੀ ਹੋਣੀ ਨਾਲ ਇਕ ਰੂਪ ਹੈ। ਗੀਤ ਦੇ ਅੰਤਰਿਆਂ ਵਿੱਚ ਮੁਟਿਆਰ ਦਾ ਬਿੰਬ ਸੁੰਦਰ ਅਤੇ ਮਾਸੂਮ ਹੋਣਾਂ ਨਾਲ ਵਟਾਉਂਦਾ ਅਤੇ ਦਸ਼ਾ ਦੇ ਪ੍ਰਸੰਗ ਵਿਚ ਪੇਸ਼ ਹੋਇਆ ਹੈ । ਕੰਡਿਆਲੀ ਥੋਰ੍ਹ ਦੀ ਹੋਂਦ ਦਾ ਸਥਾਨ ਕ੍ਰਮਵਾਰ ਉਜਾੜ, ਕੁਰਾਹੇ, ਬੇਲਾ ਅਤੇ ਬਾਗ ਹਨ ਤੇ ਉਸ ਦੀ ਦਸ਼ਾ

ਵਿਪਰੀਤ ਹਾਲਾਤ ਦੀ ਸ਼ਿਕਾਰ ਮਾਨਵੀ ਜਾਂ ਪ੍ਰਕਿਰਤਕ ਪਿਰ ਦੀ ਅਜਿਹੀ ਵਿਥਿਆ ਹੈ ਜਿੱਥੇ ਉਸ ਦਾ ਹੁਨਰ, ਤਸ਼ੱਦਦ ਦਾ ਸ਼ਿਕਾਰ ਰੂਪ ਉਸਦੇ ਪੂਰਬਲੇ ਸੁੰਦਰ ਤੇ ਮਾਸੂਮ ਰੂਪ ਨਾਲ ਟਕਰਾਉ ਨੂੰ ਉਭਾਰਦਾ ਹੈ। ਇਸ ਗੀਤ ਦੀ ਸ਼ਕਤੀ ਅਜਿਹੇ ਟਕਰਾਉ ਨੂੰ ਸਿਰਜਣ ਵਿਚ ਹੈ।

ਗ਼ਜ਼ਲ

ਤੂੰ ਵਿਦਾ ਹੋਇਉ ਮੇਰੇ ਦਿਲ ਤੇ ਉਦਾਸੀ ਛਾ ਗਈ

ਪੀੜ ਦਿਲ ਦੀ ਬੂੰਦ ਬਣ ਕੇ ਅੱਖੀਆਂ ਵਿਚ ਆ ਗਈ

ਪ੍ਰਸੰਗ : ਇਹ ਗ਼ਜ਼ਲ ਕਾਵਿ ਰੂਪ ਸਾਡੀ ਪੰਜਾਬੀ ਦੀ ਪਾਠ-ਪੁਸਤਕ 'ਸਮਕਾਲੀ ਪੰਜਾਬੀ ਕਵਿਤਾ' ਵਿੱਚੋਂ ਲਈ ਗਈ ਹੈ। ਜਿਸ ਦਾ ਲੇਖਕ ਸ਼ਿਵ ਕੁਮਾਰ ਬਟਾਲਵੀ ਹੈ। ਇਸ ਗ਼ਜ਼ਲ ਵਿੱਚ ਪਿਆਰ ਦੇ ਦਰਦ ਅਤੇ ਵਿਛੋੜੇ ਦੀ ਉਦਾਸੀ ਦਾ ਵਰਨਣ ਕੀਤਾ ਹੋਇਆ ਹੈ।

ਵਿਆਖਿਆ : ਸ਼ਿਵ ਕੁਮਾਰ ਬਟਾਲਵੀ ਨੇ ਇਸ ਗ਼ਜ਼ਲ ਦੁਆਰਾ ਕਿਸੇ ਅੰਤ ਨਜ਼ਦੀਕੀ ਪਿਆਰੇ ਦੇ ਵਿਦਾ ਹੋਣ ਤੋਂ ਬਾਅਦ ਉਸ ਦੀ ਉਦਾਸੀ (ਵਿਛੋੜੇ) ਵਿਚ ਜੋ ਦਿਲ ਦੀ ਹਾਲਤ ਹੁੰਦੀ ਹੈ। ਉਸ ਹਾਲਤ ਦਾ ਵਰਨਣ ਕੀਤਾ ਹੋਇਆ ਹੈ। ਕਵੀ ਕਹਿੰਦਾ ਹੈ ਕਿ ਤੇਰੇ ਵਿਛੋੜੇ ਦਾ ਦੁਖ ਮੇਰੇ ਤੋਂ ਜ਼ਰਿਆ ਨਹੀਂ ਗਿਆ ਤੇ ਪਾਣੀ ਦੀ ਬੂੰਦ ਬਣ ਕੇ ਅੱਖੀਆਂ ਰਾਹੀਂ ਬਹਿ ਤੁਰਿਆ। ਮੈਂ ਦੂਰ ਤਕ ਤੇਰੇ ਵਿਛੜਣ ਦੇ ਰਾਹ ਵਲ ਤੱਕਦਾ ਰਿਹਾ ਪਰ ਤੇਰੇ ਪੈਰਾਂ ਦੇ ਨਿਸ਼ਾਨ ਵੀ ਕੁਝ ਦੇਰ ਪਿੱਛੋਂ ਮਿਟ ਗਏ। ਤੇਰੇ ਮੇਰੇ ਵਿਛੜਣ ਤੋਂ ਪਹਿਲਾਂ ਸਾਡੇ ਚਿਹਰੇ ਉੱਤੇ ਜੋ ਲਾਲੀ ਸੀ ਉਹ ਵਿਛੜਣ ਪਿਛੋਂ ਪੀਲੀ ਪੈ ਗਈ। ਤੇਰੇ ਵਿਛੜਣ ਤੋਂ ਪਿੱਛੋਂ ਮੇਰੀ ਜੀਭ ਤੇ ਨਜ਼ਰਾਂ ਮੈਨੂੰ ਜਵਾਬ ਦੇ ਗਈਆਂ। ਤੇਰੇ ਇਸ਼ਕ ਦੁਆਰਾ ਦਿੱਤਾ ਗਿਆ ਦੁਖ ਮੇਰੇ ਤੋਂ ਝੱਲਿਆ ਨਹੀਂ ਗਿਆ। ਜਿਸ ਕਾਰਨ ਮੇਰਾ ਉਸੇ ਹੀ ਦੁਖ ਨਾਲ ਅੰਤ ਹੋ ਗਿਆ। ਇਸ ਪ੍ਰਕਾਰ ਗਜ਼ਲ ਵਿਚ ਕਾਵਿ ਪਾਤਰ ਦਾ ਸਾਰੇ ਦਾ ਸਾਰਾ ਦੁੱਖ ਜੁਬਾਂ ਦਾ ਖਾਮੋਸ਼ ਹੋਣਾ, ਨਜ਼ਰਾਂ ਦਾ ਪੱਥਰਾਂ ਜਾਣਾ ਅਤੇ ਦਿਲ ਤੇ ਉਦਾਸੀ ਛਾ ਜਾਣਾ ਆਦਿ ਉਸ ਦੇ ਸਰੀਰਕ ਚਿਨ੍ਹਾਂ ਰਾਹੀਂ ਪ੍ਰਗਟ ਹੁੰਦੇ ਹਨ।

ਧੀਏ ਨੀ।
ਧੀਏ ਨੀ।
ਧੀਆਂ ਤਾਂ ਧਨ ਨੇ ਹੁੰਦੀਆਂ
ਧੀਆਂ ਦੇ ਜੇਡ ਨਾ ਕੋਈ

ਪ੍ਰਸੰਗ : ਇਹ ਕਾਵਿ ਟੋਟਾ ਚੌਧਲ/ਇੱਛਰਾਂ ਸਾਡੀ ਪੰਜਾਬੀ ਦੇ ਕਾਵਿ ਸੰਗ੍ਰਹਿ (ਸਮਕਾਲੀ ਪੰਜਾਬੀ ਕਵਿਤਾ' ਵਿਚ ਦਰਜ ਹੈ, ਜੋ ਕਿ ਸ਼ਿਵ ਕੁਮਾਰ ਬਟਾਲਵੀ ਦੀ ਅਮਰ ਰਚਨਾ 'ਲੂਣਾ' ਚੋਂ ਲਿਆ ਗਿਆ ਹੈ। ਜਿਸ ਦੇ ਲੇਖਕ ਸ਼ਿਵ ਕੁਮਾਰ ਬਟਾਲਵੀ ਹਨ। ਇਸ ਕਾਵਿ ਰਾਹੀਂ ਇੱਛਰਾਂ ਦੇ ਪਿਉ ਚੌਧਲ ਅਤੇ ਇੱਛਰਾਂ ਦੇ ਦੁਖੀ ਮਨ ਦੇ ਵਾਰਤਾਲਾਪ ਨੂੰ ਪੇਸ਼ ਕੀਤਾ ਹੋਇਆ ਹੈ।

ਵਿਆਖਿਆ : ਇਸ ਕਾਵਿ ਰੂਪ ਚੌਧਲ ਰਾਹੀਂ ਧੀ ਦੇ ਪਿਉ ਦੀ ਸਥਿਤੀ ਅਤੇ ਪਿਉ ਦੀ ਬੇ-ਵਸੀ ਦੀ ਪੇਸ਼ਕਾਰੀ ਕੀਤੀ ਹੋਈ ਹੈ। ਪਿਉ ਦੀ ਧੀ ਪ੍ਰਤੀ ਸੰਵੇਦਨਾਂ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਕਵੀ ਕਹਿੰਦਾ ਹੈ ਕਿ ਪਿਉ ਆਪਣੀ ਧੀ ਦੇ ਦੁਖ ਨੂੰ ਸਹਿਣ ਨਾ ਕਰਦਾ ਹੋਇਆ ਬੇ-ਵੱਸ ਦਿਖਾਇਆ ਹੋਇਆ ਹੈ। ਉਹ ਕਹਿੰਦਾ ਹੈ ਕਿ ਧੀਆਂ ਦਾ ਦੁੱਖ ਡਾਹਢਾ ਹੈ ਪਰ ਧੀ ਨੂੰ ਪੇਕੇ ਘਰ ਵੀ ਨਹੀਂ ਰੱਖਿਆ ਜਾ ਸਕਦਾ ਕਿਉਂਕਿ ਧੀਆਂ ਨਾਲ ਹੀ ਸੰਸਾਰ ਵਧਦਾ ਹੈ। ਜੇਕਰ ਧੀਆਂ ਪੇਕੇ ਘਰ ਰਹਿਣ ਤਾਂ ਸਮਾਜ ਉਹਨਾਂ ਨੂੰ ਇਜੱਤ ਵੀ ਨਹੀਂ ਦਿੰਦਾ ਹੈ।

ਇੱਛਰਾਂ ਦੇ ਸਿਰਲੇਖ ਰਾਹੀਂ ਸ਼ਿਵ ਕੁਮਾਰ ਬਟਾਲਵੀ ਨੇ ਇਛਰਾਂ ਦੇ ਦੁਖ ਦਾ ਵਰਨਨ ਕੀਤਾ ਹੋਇਆ ਹੈ। ਰਾਜਾ ਸਲਵਾਹਣ ਦੇ ਘਰ ਇਛਰਾਂ ਨੂੰ ਮਾਣ ਸਤਿਕਾਰ ਨਹੀਂ ਮਿਲਿਆ। ਜਿਸ ਕਾਰਨ ਉਹ ਦੁਖੀ ਹੋ ਕੇ ਆਪਣੇ ਪਿਉ ਚੌਧਲ ਨੂੰ ਰੋ ਰੋ ਕੇ ਅਰਜੋਈ ਕਰਦੀ ਹੈ ਕਿ ਮੈਨੂੰ ਉਸ ਘਰ ਨਾ ਭੇਜੀਂ। ਇੱਛਰਾਂ ਕਹਿੰਦੀ ਹੈ ਕਿ ਮੈਨੂੰ ਬਿਨਾ ਸਤਿਕਾਰ ਦੇ ਮਰਨਾ ਕਬੂਲ ਹੈ, ਪਰ ਰਾਜੇ ਸਲਵਾਹਨ ਦਾ ਘਰ ਪ੍ਰਵਾਨ ਨਹੀਂ ਹੈ। ਸ਼ਿਵ ਦੀ 'ਲੂਣਾ' ਵਿੱਚ ਕੇਵਲ ਲੂਣਾ ਹੀ ਨਿਰਦੋਸ਼ ਨਹੀਂ ਬਲਕਿ ਸਲਵਾਹਨ ਦਾ ਲੂਣਾ ਨਾਲ ਵਿਆਹ ਰਚਾਉਣਾ ਵੀ ਇੱਛਰਾਂ ਦੀ ਦੁਖਦਾਈ ਸਥਿਤੀ ਨੂੰ ਚਿਤਰਦਾ ਹੈ। ਇੱਛਰਾਂ ਦੇ ਰੂਪ ਵਿਚ ਧੀ ਦੀ ਵਿਸ਼ੇਸ਼ ਸਥਿਤੀ ਸਮਾਜ ਵਿਚ ਔਰਤ ਦੀ ਆਮ ਸਥਿਤੀ ਬਣ ਜਾਂਦੀ ਹੈ। ਇਸ ਕਾਵਿ ਦੁਆਰਾ ਧੀ ਦੀ ਸਥਿਤੀ ਦੁੱਖਾਂ ਦੇ ਮਾਰੂਥਲ ਵਿਚ ਭੁਜਦੀ ਹੋਈ ਪੇਸ਼ ਕੀਤੀ ਹੈ।

ਕੁਛ ਕਿਹਾ ਤਾਂ......

ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ
ਚੁਪ ਰਿਹਾ ਤਾਂ ਸ਼ਮ੍ਹਾਦਾਨ ਕੀ ਕਹਿਣਗੇ

ਪ੍ਰਸੰਗ : ਇਹ ਕਾਵਿ ਸਤਰਾਂ 'ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ' ਸਾਡੀ ਪੰਜਾਬੀ ਦੀ ਪੁਸਤਕ 'ਸਮਕਾਲੀ ਪੰਜਾਬੀ ਕਵਿਤਾ' ਵਿਚ ਦਰਜ ਹੈ ਅਤੇ ਸੁਰਜੀਤ ਪਾਤਰ ਦਾ ਲਿਖਿਆ ਹੋਇਆ ਹੈ। ਇਹ ਗ਼ਜ਼ਲ ਆਪਸੀ ਪ੍ਰਗਟਾਵੇ ਤੇ ਖ਼ਾਮੋਸ਼ੀ ਦੇ ਦਵੰਦ ਤੋਂ ਆਰੰਭ ਹੋਕੇ ਜੁਗ ਗਰਦੀ ਦੀ ਆਸ਼ਾ ਤਕ ਪਹੁੰਚਦੀ ਹੈ ਅਤੇ ਅੰਤ ਵਿਚ ਸਮੇਂ ਦੀ ਉਸ 'ਹਵਾ' ਨੂੰ ਚਿਤਰਦੀ ਹੈ ਜੋ ਮਨੁੱਖ ਦੀਆਂ ਸਾਰੀਆਂ ਇੱਛਾਵਾਂ ਨੂੰ ਮੇਟ ਰਹੀ ਹੈ।

ਵਿਆਖਿਆ : ਇਸ ਗ਼ਜ਼ਲ ਕਾਵਿ ਰੂਪ ਦੁਆਰਾ ਸੁਰਜੀਤ ਪਾਤਰ ਨੇ ਕੁਝ ਤਲਖ ਸੱਚ ਪੇਸ਼ ਕੀਤੇ ਹੋਏ ਹਨ। ਕਵੀ ਕਹਿੰਦਾ ਹੈ ਕਿ ਜੇ ਸੱਚ ਬੋਲਿਆ ਤਾਂ ਜੁਲਮ/ਪਾਪ ਸਹਿਣ ਨਹੀਂ ਕਰ ਪਾਉਣਗੇ। ਪਰ ਜੇ ਚੁੱਪ ਰਿਹਾ ਤਾਂ ਆਉਣ ਵਾਲੀ ਪੀੜੀ ਕੀ ਕਹੇਗੀ ? ਸਮਾਜ ਵਿਚਲੇ ਕੁਝ ਤਲਖ ਸੱਚ ਪੇਸ਼ ਕੀਤੇ ਗਏ ਹਨ। ਜਿਵੇਂ ਬੰਦਿਆਂ ਦਾ ਅਦਾਲਤਾ ਦੇ ਜ਼ਾਹਰ ਨਿਆਂ ਦੀ ਉਡੀਕ ਵਿਚ ਬਿਰਖਾਂ ਵਾਂਗ ਸੁੱਕ ਜਾਣਾ, ਵਿਦੇਸ਼ ਗਏ ਪੁੱਤਰਾਂ ਦਾ ਆ ਕੇ ਮਾਂ ਦਾ ਸਿਵਾ ਸੇਕਣਾ ਅਤੇ ਕੁਝ ਬੰਦਿਆਂ ਦਾ ਮਰ ਕੇ ਗੀਤ ਵਿਚ ਵਤਨ ਦੀ ਤਮੰਨਾ ਕਰਨਾ ਆਦਿ ਅਜ ਸਭ ਕੁਝ ਸਮਾਜ ਅੰਦਰ ਵਾਪਰ ਰਿਹਾ ਹੈ। ਸੰਘਰਸ਼ ਅਤੇ ਗੀਤ ਦੋਵੇਂ ਸਦਾ ਸੰਗੀ ਹਨ। ਗੀਤ ਬੋਲ ਅਤੇ ਖ਼ਾਮੋਸ਼ੀ ਦੇ ਦਵੰਦ 'ਚੋਂ ਨਿਕਲ ਕੇ ਇਤਿਹਾਸ ਦੀ ਜੁਗਗਰਦੀ ਦੇ ਪ੍ਰੇਰਨਾ ਬਣਦੇ ਹਨ।

ਚੱਲ ਪਾਤਰ ਹੁਣ ਢੂੰਡਣ ਚਲੀਏ

ਚੱਲ ਪਾਤਰ ਹੁਣ ਢੂੰਡਣ ਚਲੀਏ ਭੁੱਲੀਆਂ ਹੋਈਆਂ ਥਾਵਾਂ
ਕਿੱਥੇ ਕਿੱਥੇ ਛੱਡ ਆਏ ਹਾਂ ਅਣਲਿਖੀਆਂ ਕਵਿਤਾਵਾਂ

ਪ੍ਰਸੰਗ : ਇਹ ਕਾਵਿ ਗੀਤ-ਨੁਮਾ ਗਜ਼ਲ ਸਾਡੀ ਪੰਜਾਬੀ ਦੀ ਪਾਠ-ਪੁਸਤਕ 'ਸਮਕਾਲੀ ਪੰਜਾਬੀ ਕਵਿਤਾ' ਵਿਚ ਦਰਜ ਹੈ। ਜਿਸ ਦੇ ਲੇਖਕ ਸੁਰਜੀਤ ਪਾਤਰ ਹਨ। ਸੁਰਜੀਤ ਪਾਤਰ ਦੀ ਇਹ ਗੀਤ-ਨੁਮਾ ਗਜ਼ਲ ਸੁਲਤਾਨ ਬਾਹੂ ਦੀਆਂ ਸੀ-ਹਰਫ਼ੀਆਂ ਦੀ ਤਰਜ਼ ਤੇ ਲਿਖੀ ਗਈ ਹੈ। ਇਹ ਗਜ਼ਲ ਸਵੈ-ਸੰਬੋਧਨ ਤੋਂ ਸ਼ੁਰੂ ਹੁੰਦੀ ਹੈ। ਇਸ ਵਿਚ ਕਾਵਿ ਪਾਤਰ ਅੰਤਰ ਝਾਤ, ਪਿਛੋਕੜ ਅਤੇ ਭਵਿੱਖ ਮੁਖੀ ਦ੍ਰਿਸ਼ਟੀ ਤਿੰਨਾਂ ਦੇ ਅੰਤਰ-ਸੰਬੰਧ ਵਾਲੀਆਂ ਜਟਿਲ ਸਥਿਤੀਆਂ ਨੂੰ ਪੇਸ਼ ਕਰਦੀ ਹੈ।

ਵਿਆਖਿਆ : ਸੁਰਜੀਤ ਪਾਤਰ ਦੀ ਇਹ ਗਜ਼ਲ ਵਿਅਕਤੀ ਦੀ ਗਵਾਚੀ ਹੋਂਦ ਨੂੰ ਆਪਣੀ ਕਾਮਨਾ ਦੇ ਵੱਖ ਵੱਖ ਪਾਸਾਰਾਂ ਰਾਹੀਂ ਪੇਸ਼ ਕਰਦੀ ਹੈ। ਇਸ ਗਜ਼ਲ ਰਾਹੀਂ ਕਾਵਿ ਪਾਤਰ ਆਪਣੇ

ਪਿਛੋਕੜ ਵਿਚਲੀਆਂ ਵਿਖਰੀਆਂ ਹੋਈਆਂ ਸਮਗਿਰੀਆਂ ਦਾ ਪ੍ਰਗਟਾਵਾ ਕਰਦਾ ਹੋਇਆ ਕਿਸੇ ਘਲੂਘਾਰੇ ਤੋਂ ਬੱਚ ਕੇ ਨਿਕਲ ਆਉਣ ਦੀ ਸਥਿਤੀ ਨੂੰ ਵੀ ਪੇਸ਼ ਕਰ ਰਿਹਾ ਹੈ। ਇੱਥੇ ਕਵੀ ਆਪਣੇ ਪਿਛੋਕੜ ਵਿਚ ਛੱਡੀਆਂ ਹੋਈਆਂ ਯਾਦਾਂ ਨੂੰ ਯਾਦ ਕਰ ਰਿਹਾ ਹੈ। ਕਵੀ ਪਾਤਰ ਕਿਸੇ ਪੁਰਾਣੇ ਪਿੰਡ ਤੋਂ ਉਜੜ ਕੇ ਆਇਆ ਹੋਇਆ ਅਤੇ ਉਹਨਾਂ ਪੁਰਾਣੀਆਂ ਇਕ ਇਕ ਯਾਦਾਂ ਬਾਰੇ ਇਸ ਗਜ਼ਲ ਵਿਚ ਪੇਸ਼ ਕਰਕੇ ਪਛਤਾਵਾ ਜ਼ਾਹਿਰ ਕਰ ਰਿਹਾ ਹੈ। ਸਾਰੇ ਹੀ ਪਛਤਾਵੇਂ ਦਾ ਸਮਝੌਤਾ ਇਹਨਾਂ ਸ਼ਬਦਾਂ ਨਾਲ ਕਰਦਾ ਹੋਇਆ ਕਹਿੰਦਾ ਹੈ :-

ਮਾਰੂਥਲ ਚੋਂ ਭੱਜ ਆਇਆ ਮੈਂ ਆਪਣੇ ਪੈਰ ਬਚਾ ਕੇ
ਪਰ ਉਥੇ ਰਹਿ ਗਈਆਂ ਜੋ ਸਨ ਮੇਰੀ ਖ਼ਾਤਰ ਰਾਹਵਾਂ।

ਸੋ ਇਸ ਪ੍ਰਕਾਰ ਇਸ ਗਜ਼ਲ ਦੁਆਰਾ ਕਵੀ ਨੇ ਆਪਣੀਆਂ ਪੁਰਾਣੀਆਂ ਸਿਮਰਤੀਆਂ ਨੂੰ ਤਾਜ਼ਾ ਕੀਤਾ ਹੋਇਆ ਹੈ :-

ਆਇਆ ਨੰਦ ਕਿਸ਼ੋਰ
ਪਿੱਛੇ ਪਿੱਛੇ ਰਿਜ਼ਕ ਦੇ
ਆਇਆ ਨੰਦ ਕਿਸ਼ੋਰ

ਪ੍ਰਸੰਗ : ਇਹ ਕਵਿਤਾ 'ਆਇਆ ਨੰਦ ਕਿਸ਼ੋਰ' ਸਾਡੀ ਪੰਜਾਬੀ ਦੀ ਪਾਠ-ਪੁਸਤਕ 'ਸਮਕਾਲੀ ਪੰਜਾਬੀ ਕਵਿਤਾ' ਵਿਚੋਂ ਲਈ ਗਈ ਹੈ। ਜਿਸ ਦਾ ਲੇਖਕ ਸੁਰਜੀਤ ਪਾਤਰ ਹੈ। ਇਹ ਕਵਿਤਾ ਪੰਜਾਬੀ ਬੋਲੀ ਅਤੇ ਸਭਿਆਚਾਰ ਪ੍ਰਤੀ ਉਹਨਾਂ ਲੋਕਾਂ ਨੂੰ ਜਾਗਰੂਕ ਕਰਦੀ ਹੈ। ਜਿਹੜੇ ਇਸ ਤੋਂ ਉਪਰਾਮ ਹੋ ਕੇ ਵਿਦੇਸ਼ਾਂ ਨੂੰ ਜਾ ਰਹੇ ਹਨ।

ਵਿਆਖਿਆ : ਸੁਰਜੀਤ ਪਾਤਰ ਨੇ ਇਸ ਕਵਿਤਾ ਦੁਆਰਾ ਉਹਨਾਂ ਲੋਕਾਂ ਉੱਤੇ ਵਿਅੰਗ ਕੀਤਾ ਹੋਇਆ ਹੈ ਜਿਹੜੇ ਪੰਜਾਬੀ ਬੋਲੀ ਅਤੇ ਸਭਿਆਚਾਰ ਪਾਸੋਂ ਮੁੱਖ ਮੋੜ ਕੇ ਵਿਦੇਸ਼ਾਂ ਵਲ ਭੱਜੀ ਜਾ ਰਹੇ ਹਨ। ਇਸ ਕਵਿਤਾ ਰਾਹੀਂ ਕਵੀ ਨੇ ਦੋ ਤਰ੍ਹਾਂ ਦੇ ਰਿਸ਼ਤਿਆਂ ਨੂੰ ਉਜਾਗਰ ਕੀਤਾ ਹੋਇਆ ਹੈ- ਇਕ ਰਿਸ਼ਤਾ ਹੈ ਅੱਖਰ ਤੇ ਰਿਜ਼ਕ ਦਾ ਅਤੇ ਦੂਜਾ ਅੱਖਰ ਤੇ ਅਕਾਂਖਿਆ ਦਾ। ਪਹਿਲੇ ਰਿਸ਼ਤੇ ਵਿਚ ਇਹ ਦਸਿਆ ਹੈ ਕਿ ਕਿਵੇਂ ਨੰਦ ਕਿਸ਼ੋਰ ਆਪਣੇ ਪਿੰਡ ਵਿਹਾਰ ਨੂੰ ਛੱਡ ਕੇ ਰੋਜ਼ੀ ਰੋਟੀ ਲਈ ਆ ਪੰਜਾਬ ਵਸਦਾ ਹੈ ਤੇ ਉਸ ਦਾ ਜੰਮਿਆ ਹੋਇਆ ਪੁੱਤਰ ਉੱਥੇ ਹੀ ਸਕੂਲਾਂ ਵਿਚ ਪੰਜਾਬੀ ਪੜ੍ਹਨਾ ਉਨ੍ਹਾਂ ਦੇ ਰਿਜ਼ਕ ਨਾਲ ਜੁੜਿਆ ਹੋਇਆ ਹੈ। ਦੂਜਾ ਸੰਦਰਭ ਹੈ ਅੱਖਰ ਅਤੇ ਅਕਾਂਖਿਆਂ ਦੇ ਸਾਕ ਦਾ ਅੱਛਰ ਸਿੰਘ ਦੇ ਪੋਤਿਆਂ ਦਾ ਕਾਰ ਵਿਚ ਬੈਠ ਕੇ ਲੁਧਿਆਣੇ ਦੇ ਸਕੂਲ ਵਿਚ ਏ. ਬੀ. ਸੀ. ਡੀ. ਪੜ੍ਹਨ ਆਉਣਾ ਉਹਨਾਂ ਦੀ ਜ਼ਾਤੀ-ਲੋੜ ਜਾਂ ਅਕਾਂਖਿਆ ਨਾਲ ਜੁੜਿਆ ਹੋਇਆ ਹੈ :-

ਮੇਰੇ ਤੋਂ ਆਸ ਨ ਕਰਿਓ ਕਿ ਮੈਂ ਖੇਤਾ ਦਾ ਪੁੱਤ ਹੋ ਕੇ
ਤੁਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰਾਂਗਾ
ਜਿਨ੍ਹਾਂ ਦੇ ਹੜ 'ਚ ਰੁੜ ਜਾਂਦੀ ਹੈ
ਸਾਡੇ ਬੱਚਿਆਂ ਦੀ ਤੋਤਲੀ ਕਵਿਤਾ
ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ

ਪ੍ਰਸੰਗ : ਇਹ ਕਾਵਿ-ਸਤਰਾਂ 'ਪਾਸ਼' ਰਚਿਤ ਕਵਿਤਾ 'ਇਨਕਾਰ' ਵਿਚੋਂ ਲਈਆਂ ਗਈਆਂ ਹਨ ਜੋ 'ਸਮਕਾਲੀ ਪੰਜਾਬੀ ਕਵਿਤਾ' ਕਾਵਿ-ਸੰਗ੍ਰਹਿ ਵਿਚ ਦਰਜ ਹਨ। ਇਹਨਾਂ ਸਤਰਾਂ ਵਿਚ

ਕਵੀ ਹਰ ਤਰ੍ਹਾਂ ਦੀ ਰੁਮਾਂਟਿਕਤਾ ਨੂੰ ਰੱਦ ਕਰਦਾ ਹੋਇਆ ਖੇਤਾਂ ਦਾ ਪੁੱਤਰ ਬਣਕੇ ਗੱਲ ਕਰਨ ਵਿਚ ਯਕੀਨ ਰਖਦਾ ਹੈ।

ਵਿਆਖਿਆ : ਕਵੀ ਸਾਰੇ ਹੀ ਸਮਾਜ ਨੂੰ ਕਹਿੰਦਾ ਹੈ ਕਿ ਮੇਰੇ ਉਤੇ ਹਰਗਿਜ਼ ਇਹ ਆਸ ਨਾ ਕਰਨਾ ਕਿ ਮੈਂ ਬਹੁਤ ਹੀ ਰੁਮਾਂਟਿਕ ਅਤੇ ਲਿੰਬੀਆਂ ਪੋਚੀਆਂ ਗੱਲਾਂ ਕਰਾਂਗਾ। ਜਿਨ੍ਹਾਂ ਕਾਰਨ ਬੱਚਿਆਂ ਦੀ ਤੋਤਲੀ ਕਵਿਤਾ ਅਤੇ ਧੀਆਂ ਦੇ ਹਾਸੇ ਤੇ ਪ੍ਰਸ਼ਨ ਚਿੰਨ੍ਹ ਲਗਦਾ ਹੈ।

ਮੈਂ ਤਾ ਜਦ ਵੀ ਕੀਤੀ – ਖਾਦ ਦੇ ਘਾਟੇ
ਕਿਸੇ ਗਰੀਬੜੀ ਦੀ ਹਿੱਕ ਵਾਂਗੂ ਪਿਚਕ ਗਏ
ਗੰਨਿਆਂ ਦੀ ਗੱਲ ਕਰਾਂਗਾ।

..........................
ਮੈਂ ਦੁਲਾਨ ਦੇ ਖੂੰਜੇ 'ਚ ਪਈ ਸੌਣੀ ਦੀ ਫਸਲ
ਤੇ ਦਲਾਨ ਦੇ ਬੂਹੇ ਤੇ ਖੜੇ ਸਿਆਲ ਦੀ ਕੀ ਗੱਲ ਕਰਾਂਗਾ।

ਪ੍ਰਸੰਗ: ਇਹ ਕਾਵਿ–ਸਤਰਾਂ 'ਪਾਸ਼' ਰਚਿਤ ਕਵਿਤਾ 'ਇਨਕਾਰ' ਵਿਚੋਂ ਲਈਆਂ ਗਈਆਂ ਹਨ ਜੋ 'ਸਮਕਾਲੀ ਪੰਜਾਬੀ ਕਵਿਤਾ' ਕਾਵਿ–ਸੰਗ੍ਰਹਿ ਵਿਚ ਦਰਜ ਹਨ। ਇਹਨਾਂ ਸਤਰਾਂ ਵਿਚ ਕਵੀ ਹਰ ਤਰ੍ਹਾਂ ਦੀ ਰੁਮਾਂਟਿਕਤਾ ਨੂੰ ਰੱਦ ਕਰਦਾ ਹੋਇਆ ਖੇਤਾਂ ਦਾ ਪੁੱਤਰ ਬਣਕੇ ਗੱਲ ਕਰਨ ਵਿਚ ਯਕੀਨ ਰਖਦਾ ਹੈ।

ਵਿਆਖਿਆ : ਕਵੀ ਅਨੁਸਾਰ ਜਦ ਵੀ ਉਸ ਨੇ ਕਵਿਤਾ ਰਾਹੀਂ ਗੱਲ ਕੀਤੀ ਤਾਂ ਉਹ ਉਹਨਾਂ ਕਿਸਾਨਾਂ ਦੀ ਗੱਲ ਕੀਤੀ ਜੋ ਕਿਸੇ ਨਾ ਕਿਸੇ ਮਜਬੂਰੀ ਵਿਚ ਪਿਸ ਰਹੇ ਹਨ ਅਤੇ ਹੱਡ ਭੰਨਵੀ ਮਿਹਨਤ ਮਗਰੋਂ ਥੋੜੀ ਜਿਹੀ ਫਸਲ ਜਿਹਨਾਂ ਦੇ ਵਿਹੜੇ ਵਿੱਚ ਖਿਲੱਰਦੀ ਰਹਿੰਦੀ ਹੈ। ਕਵੀ ਕਹਿੰਦਾ ਹੈ ਕਿ ਉਸ ਕੋਲੋ ਹਰਗਿਜ਼ ਉਮੀਦ ਨਾ ਕੀਤੀ ਜਾਵੇ ਕਿ ਉਹ ਫੁੱਲਾਂ ਬੂਟਿਆਂ ਦੀ ਗੱਲ ਕਰੇਗਾ ਅਤੇ ਇਹਨਾਂ ਫੁੱਲਾਂ ਦੇ ਨਾਵਾਂ ਤੇ ਕੁੜੀਆਂ ਦੇ ਨਾਮ ਰੱਖੇਗਾ।

ਮੇਰੇ ਕੋਲ ਸੁਹਜ ਦੀ ਉਸ ਸੁਪਨ ਸੀਮਾਂ ਤੋਂ ਉਰ੍ਹੇ
ਹਾਲਾਂ ਕਰਨ ਨੂੰ ਬਹੁਤ ਗੱਲਾਂ ਹਨ
ਅਜੇ ਮੈਂ ਧਰਤ ਤੇ ਛਾਈ

ਪ੍ਰਸੰਗ : ਇਹ ਕਾਵਿ–ਸਤਰਾਂ 'ਪਾਸ਼' ਰਚਿਤ ਕਵਿਤਾ 'ਇਨਕਾਰ' ਵਿਚੋਂ ਲਈਆਂ ਗਈਆਂ ਹਨ ਜੋ 'ਸਮਕਾਲੀ ਪੰਜਾਬੀ ਕਵਿਤਾ' ਕਾਵਿ–ਸੰਗ੍ਰਹਿ ਵਿਚ ਦਰਜ ਹਨ। ਇਹਨਾਂ ਸਤਰਾਂ ਵਿਚ ਕਵੀ ਹਰ ਤਰ੍ਹਾਂ ਦੀ ਰੁਮਾਂਟਿਕਤਾ ਨੂੰ ਰੱਦ ਕਰਦਾ ਹੋਇਆ ਖੇਤਾਂ ਦਾ ਪੁੱਤਰ ਬਣਕੇ ਗੱਲ ਕਰਨ ਵਿਚ ਯਕੀਨ ਰਖਦਾ ਹੈ।

ਵਿਆਖਿਆ : ਕਵੀ ਕਹਿੰਦਾ ਹੈ ਕਿ ਮੈਂ ਰੁਮਾਂਸ ਅਤੇ ਸੁਪਨਿਆਂ ਦੀਆਂ ਗੱਲਾਂ ਨਹੀਂ ਕਰ ਸਕਦਾ। ਰੁਮਾਂਸ ਆਦਿ ਦੀਆਂ ਗੱਲਾਂ ਕਰਨ ਤੋਂ ਪਹਿਲਾਂ ਉਸ ਕੋਲ ਬਹੁਤ ਗੱਲਾਂ ਹਨ। ਮੈਂ ਤਾਂ ਢਿੱਡੋਂ ਭੁੱਖੇ ਮੁਜਾਰਿਆਂ ਦੀ ਗੱਲ ਕਰਾਂਗਾ। ਕਵੀ ਕਹਿੰਦਾ ਹੈ ਕਿ ਮੈਂ ਤਾਂ ਹਮੇਸ਼ਾਂ ਮਿਹਨਤ ਮਾਰੇ ਲੋਕਾਂ ਦੀ, ਭੁੱਖੇ ਢਿੱਡ ਵਾਲੇ ਲੋਕਾਂ ਦੀ ਅਤੇ ਮੁਜਾਰਿਆਂ ਦੀ ਗੱਲ ਕੀਤੀ ਹੈ। ਸੋ ਮੇਰੇ ਕੋਲੋਂ ਰੁਮਾਂਸ ਆਦਿ ਦੀਆਂ ਗੱਲਾਂ ਕਰਨ ਦੀ ਆਸ ਨਾ ਕਰਿਉ ਕਿਉਂਕਿ ਇਸ ਦੇ ਕਾਰਨ ਹੀ ਸਾਡੀਆਂ ਧੀਆਂ ਦੇ ਕੰਜਕ ਜਿਹੇ ਹਾਸੇ ਅਤੇ ਤੋਤਲੀ ਕਵਿਤਾ ਉਤੇ ਪ੍ਰਸ਼ਨ ਚਿੰਨ੍ਹ ਲਗ ਜਾਂਦਾ ਹੈ।

## ਸਭ ਤੋਂ ਖਤਰਨਾਕ

ਕਿਰਤ ਦੀ ਲੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਪੁਲਸ ਦੀ ਕੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਗੱਦਾਰੀ-ਲੋਭ ਦੀ ਮੁੱਠ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ

ਪ੍ਰਸੰਗ : ਇਹ ਕਵਿਤਾ ਸਾਡੀ ਪੰਜਾਬੀ ਦੀ ਪਾਠ-ਪੁਸਤਕ 'ਸਮਕਾਲੀ ਪੰਜਾਬੀ ਕਵਿਤਾ' ਨਾਮੀ ਕਾਵਿ-ਸੰਗ੍ਰਹਿ ਵਿਚੋਂ ਲਈ ਗਈ ਹੈ। ਜਿਸਦਾ ਲੇਖਕ ਪਾਸ਼ ਹੈ। ਇਹ ਕਵਿਤਾ ਤੁਲਨਾਤਮਕ ਰੂਪ ਵਿਚ ਸਭ ਤੋਂ ਵਧ ਖ਼ਤਰਨਾਕ ਸਮਝੀਆਂ ਜਾਣ ਵਾਲੀਆਂ ਹਕੀਕਤਾਂ ਤੋਂ ਉਲਟ ਉਹ ਜੀਵਨ ਹੈ। ਜਿਸ ਵਿਚੋਂ ਸੁਪਨੇ, ਅਹਿਸਾਸ ਤੇ ਸੰਵੇਦਨਾਵਾਂ ਹੀ ਖਤਮ ਹੋ ਜਾਣ।

ਵਿਆਖਿਆ : ਇਸ ਕਵਿਤਾ ਦੁਆਰਾ ਪਾਸ਼ ਨੇ ਕੁਝ ਖ਼ਤਰਨਾਕ ਸਮਝੀਆਂ ਜਾਣ ਵਾਲੀਆਂ ਹਕੀਕਤਾਂ ਨੂੰ ਛੱਡ ਕੇ ਜੀਵਨ ਦੇ ਕੁਝ ਖ਼ਤਰਨਾਕ ਪਹਿਲੂਆਂ ਨੂੰ ਉਭਾਰਿਆ ਹੋਇਆ ਹੈ। ਕਵੀ ਕਹਿੰਦਾ ਹੈ ਕਿ ਸਮਾਜਕ ਵਿਚਾਰਾਂ ਲੁੱਟ, ਕੁੱਟ ਤੇ ਲੋਭ ਦੀ ਮੁੱਠ ਇੰਨੀ ਖ਼ਤਰਨਾਕ ਨਹੀਂ ਜਿਹਨਾਂ ਕਰਕੇ ਬੇ-ਅੱਣਖਾਂ ਤੇ ਆਲਸੀ ਜੀਵਨ ਹੈ। ਕਵੀ ਅਨੁਸਾਰ ਖ਼ਤਰਨਾਕ ਹੈ ਲੁੱਟ, ਕੁੱਟ ਤੇ ਲੋਭ ਦੀ ਮੁੱਠ ਨੂੰ ਰੋਕਣ ਦੀ ਥਾਂ ਚੁਪ ਕਰਕੇ ਸਹਿਣ ਕਰ ਜਾਣਾ। ਭਾਵ ਕਿ ਮਾੜ੍ਹੀਆਂ ਹਰਕਤਾਂ ਅੱਗੇ ਚੁੱਪ ਕਰ ਜਾਣਾ ਜਾਂ ਆਪਣੀ ਡਿਊਟੀ ਨੂੰ ਇਮਾਨਦਾਰੀ ਨਾਲ ਨਾ ਨਿਭਾਉਣਾ ਜਾਂ ਸਾਡੇ ਅੰਦਰ ਦੀ ਚੇਤਨਾ ਦਾ ਮਰ ਜਾਣਾ ਹੀ ਸਭ ਤੋਂ ਖ਼ਤਰਨਾਕ ਹੁੰਦਾ ਹੈ। ਸਭ ਤੋਂ ਖ਼ਤਤਨਾਕ ਉਹ ਅੱਖ ਹੈ, ਜਿਹੜੀ ਜ਼ੁਲਮ ਅੱਗੇ ਨਹੀਂ ਬੋਲਦੀ। ਕਿਸੇ ਥਾਂ ਕਤਲ ਕਾਂਡ ਤੋਂ ਬਾਅਦ ਉੱਥੇ ਚੰਨ ਚੜ੍ਹਨਾ ਬੜਾ ਖਤਰਨਾਕ ਹੁੰਦਾ ਹੈ ਜੋ ਸੁਖਾਵਾਂ ਨਹੀਂ ਲਗਦਾ ਸਗੋਂ ਮਿਰਚਾਂ ਵਾਂਗ ਲੜਦਾ ਹੈ।

ਕਵੀ ਅਨੁਸਾਰ ਮਨੁੱਖ ਦੀ ਚੇਤਨਾ ਜਾਗਰੂਕ ਰਹਿਣੀ ਜਰੂਰੀ ਹੈ ਕਿਉਂਕਿ ਅਗਰ ਚੇਤਨਾ ਹੀ ਖਾਮੋਸ਼ ਹੋ ਗਈ ਤਾਂ ਪਾਪ ਅਤੇ ਜ਼ੁਲਮ ਦਾ ਪਾਸਾਰਾ ਹਰ ਪਾਸੇ ਪਸਰ ਜਾਵੇਗਾ।

------

# ਕਵਿਤਾ ਦਾ ਵਿਸ਼ਾ ਤੇ ਉੱਦੇਸ਼

## ਹਰਿਭਜਨ ਸਿੰਘ

1. ਝਰੀ ਨੁੰਗਧੀਆਂ ਪੌਣ : ਇਸ ਗੀਤ ਵਿਚ ਸੰਬੋਧਨ ਧਿਰ ਭਰ ਜਵਾਨੀ ਵਿਚ ਪਹੁੰਚੀ ਇਕ ਮੁਟਿਆਰ ਹੈ ਜੋ ਆਪਣੇ ਪ੍ਰੀਤਮ ਸਾਹਮਣੇ ਆਪਣੇ ਪ੍ਰਵਾਨੇ ਜਾਣ ਦੀ ਲੋਚਾ ਕਰਦੀ ਹੈ। ਇਉਂ ਲਗਦਾ ਹੈ ਜਿਵੇਂ ਅਪਾਰ ਸੰਭਾਵਨਾਵਾਂ ਭਰਪੂਰ ਜ਼ਿੰਦਗੀ ਮਨੁਖ ਨੂੰ ਨਵੀਆਂ ਤਕਦੀਰਾਂ ਦੇ ਲੜ ਲਗਣ ਲਈ ਵੰਗਾਰ ਰਹੀ ਹੋਵੇ। ਨਵੀਂ ਸੋਚ ਮਨੁੱਖ ਨੂੰ ਪੁਰਾਣੀ ਵਰਜਣਾ ਅਥਵਾ ਮਨਾਹੀ ਵਿੱਚੋਂ ਬਾਹਰ ਆ ਕੇ ਜੀਵਨ ਦੇ ਹੁਸਨ-ਇਸ਼ਕ ਦੇ ਲੜ ਲਗਨ ਲਈ ਉਕਸਾ ਰਹੀ ਹੈ। ਗੀਤ ਵਿਚ ਮੁਟਿਆਰ ਆਪਣੇ ਤਰਲੇ ਦੇ ਨਾਲ ਨਾਲ ਆਪਣੇ ਨਿਜ ਦਾ ਪ੍ਰਗਟਾਵਾ ਵੀ ਕਰ ਰਹੀ ਹੈ। ਜ਼ਿੰਦਗੀ ਦਾ ਹੁਸਨ ਹੀ ਮਨੁੱਖ ਦੇ ਕਾਰਜਾਂ ਦਾ ਮੂਲ ਪ੍ਰੇਰਕ ਹੁੰਦਾ ਹੈ। ਇਸ ਤੋਂ ਬਿਨ੍ਹਾਂ ਮਨੁੱਖ ਵਿਚ ਨਵੀਆਂ ਪੁਲਾਂਘਾਂ ਪੁੱਟਣ ਦੀ ਚੇਤਨਾ ਅਤੇ ਸ਼ਕਤੀ ਨਹੀਂ ਜਾਗਦੀ।

2. ਧਰਤੀ ਦੇ ਹੇਠਾਂ : ਇਹ ਕਵਿਤਾ ਹਰਿਭਜਨ ਸਿੰਘ ਦੇ ਤੀਸਰੇ ਦੌਰ ਦੀ ਰਚਨਾ ਹੈ ਜਿਥੇ ਉਹ ਪਾਤਰਾਂ ਅਤੇ ਰਿਸ਼ਤਿਆਂ ਦੇ ਅਸਲੇ ਦੀ ਖੋਜ ਵਲ ਰੁਚਿਤ ਹੋਇਆ ਹੈ। ਇਹ ਕਵਿਤਾ ਗੁਰੂ ਨਾਨਕ ਦੀ ਸਤਰ 'ਧੌਲ ਧਰਮ ਦਇਆ ਕਾ ਪੂਤ' ਤੇ ਆਧਾਰਿਤ ਨਵੀਂ ਰੂਪਕ ਰਚਨਾ ਹੈ। ਕਵਿਤਾ ਪਿਤਾ ਦੀ ਦ੍ਰਿਸ਼ਟੀ ਤੋਂ ਧੀ ਬਾਰੇ ਗਹਿਰੀ ਸੰਵੇਦਨਾ ਜਗਾਉਂਦੀ ਹੈ ਕਿ ਧੀ ਨੇ ਧਰਤੀ ਹੇਠਲੇ ਬੋਲਦ (ਧੌਲ) ਦੀ ਥਾਂ ਸਾਰੀ ਸ੍ਰਿਸ਼ਟੀ ਦਾ ਭਾਰ ਚੁਕਿਆ ਹੋਇਆ ਹੈ। ਇੰਝ ਧੌਲ ਵਾਲੀ ਮਿੱਥ ਨੂੰ ਨਵਾਂ ਅਰਥ ਦੇ ਕੇ ਸਮਾਜ ਵਿਚ ਧੀ ਦੀ ਤ੍ਰਾਸਦਿਕ ਸਥਿਤੀ ਨੂੰ ਸਾਹਮਣੇ ਲਿਆਂਦਾ ਹੈ।

3. ਰੁਖ ਤੇ ਰਿਸ਼ੀ : ਆਪਣੀ ਉਮਰ ਦੇ ਆਖਰੀ ਦੌਰ ਵਿਚ ਹਰਿਭਜਨ ਸਿੰਘ ਨੇ ਇਕ ਲੰਬੀ ਬਿਰਤਾਂਤਕ ਰਚਨਾ 'ਰੁਖ ਤੇ ਰਿਸ਼ੀ' ਲਿਖੀ ਹੈ। ਇਹ ਕਾਵਿ-ਖੰਡ ਉਸੇ ਪੁਸਤਕ ਵਿਚੋਂ ਹੈ। ਇਸ ਕਵਿਤਾ ਵਿਚ ਮਨੁਖ, ਰੁਖ ਅਤੇ ਰਿਸ਼ੀ ਦੇ ਸੰਵਾਦ ਨੂੰ ਚਿੱਤਰ ਕੇ ਤਿੰਨਾਂ ਦੇ ਵਖਰੇਵੇਂ ਅਤੇ ਏਕਾਕਾਰ ਵਿੱਚੋਂ ਜੀਵਨ ਦੇ ਨਵੇਂ ਅਰਥ, ਨਵੇਂ ਰੌਹਸ ਤਲਾਸ਼ੇ ਹਨ। ਇਸ ਖੰਡ ਵਿਚ ਰਿਸ਼ੀ ਤੋਂ ਰੁਖ ਵਲ ਦੀ ਯਾਤਰਾ ਹੈ - ਰੁੱਖ ਹੀ ਅਸਲ ਰਿਸ਼ੀ ਹੈ। ਇਕ ਚੀਜ਼ ਬਹੁਤ ਸਾਰਿਆ ਰੂਪੋਂ ਵਿਚ ਬਦਲਦੀ ਹੈ - ਰੋਟੀ ਵਿਚ ਵੀ ਰੁੱਖ ਦੇ ਬਾਲਣ ਦੀ ਅੱਗ ਹੈ। ਕਵਿਤਾ ਜੀਵਨ ਅਤੇ ਮੌਤ ਦੇ ਬੁਨਿਆਦੀ ਪ੍ਰਸ਼ਨਾਂ ਤੋਂ ਮੁਖਾਤਿਬ ਹੁੰਦੀ ਹੈ। ਇਸ ਵਿੱਚ ਮਨੁੱਖ ਨੂੰ ਘੇਰਾਵਾਦੀ ਸਭਿਆਚਾਰ ਤੋਂ ਪਾਰ ਜਾਣ ਦਾ ਪੈਗਾਮ ਦਿਤਾ ਗਿਆ ਹੈ।

ਜਗਤਾਰ

1. ਹਰ ਮੋੜ 'ਤੇ ਸਲੀਬਾਂ : ਹਰ ਮੋੜ 'ਤੇ ਸਲੀਬਾਂ ਜਗਤਾਰ ਦੀ ਸ੍ਵੈ-ਰਚਿਤ ਗਜ਼ਲ ਹੈ। ਜਿਹੜੀ ਉਸਦੇ ਗਜ਼ਲ ਸੰਗ੍ਰਹਿ 'ਸ਼ੀਸ਼ੇ ਦਾ ਜੰਗਲ' ਵਿਚ ਦਰਜ ਹੈ। ਇਹ ਕਵਿਤਾ ਕ੍ਰਾਂਤੀਕਾਰੀ ਵਿਚਾਰਾ ਅਤੇ ਰੋਮਾਂਸ ਦਾ ਮਿਸ਼ਰਣ ਹੈ। ਅਸਲ ਵਿਚ ਇਹ ਉਹ ਦੌਰ ਸੀ ਜਦੋਂ ਪੰਜਾਬੀ ਕਵਿਤਾ ਵਿਚ ਜੁਝਾਰੂ ਰੋਮਾਂਸ ਭਾਰੂ ਸੀ। ਇਸ ਗਜ਼ਲ ਵਿਚ ਜਗਤਾਰ ਨੇ ਕ੍ਰਾਂਤੀਕਾਰੀ ਨਾਇਕ ਨੂੰ ਪੇਸ਼ ਕੀਤਾ ਹੈ। ਜਿਹੜਾ ਸ਼ਕਤੀ ਪ੍ਰਵਚਨਾਂ ਨਾਲ ਟਕਰਾਉਂਦਾ ਹੈ। ਫਿਰ ਕਾਵਿ-ਨਾਇਕ ਇਤਿਹਾਸ ਨੂੰ ਨੇੜੇ ਤੋਂ ਮੁਕਤ ਕਰਾਉਣ ਦਾ ਮਕਸਦ ਲੈ ਕੇ ਚਲਿਆ ਹੈ।

2. ਕੋਈ ਮਜ਼ਬੂਰੀ ਨਹੀ : 'ਕੋਈ ਮਜਬੂਰੀ ਨਹੀਂ' ਜਗਤਾਰ ਦੀ ਪ੍ਰਸਿੱਧ ਗਜ਼ਲ ਹੈ।ਜਿਸ ਵਿਚ ਉਸਨੇ ਸੰਬੋਧਨੀ ਸ਼ੈਲੀ ਅਪਨਾਈ ਹੈ। ਇਹ ਸੰਬੋਧਨ ਮਹਿਬੂਬਾ ਨੂੰ ਹੈ ਜਿਸ ਤੋਂ ਉਸ ਦਾ ਮਹਿਬੂਬ ਖ਼ਤ ਲਿਖੇ ਜਾਣ ਦੀ ਤਾਂਘ ਰੱਖਦਾ ਹੈ। ਇਹ ਗਜ਼ਲ ਮਨੁੱਖ ਦੀਆਂ ਮੂਲ ਮਾਨਵੀ ਭਾਵਨਾਵਾਂ ਨੂੰ ਸੁਹਜਾਤਮਕ ਰੂਪ ਵਿਚ ਪੇਸ਼ ਕਰਦੀ ਹੈ।

3. ਰੁੱਖਾਂ ਹੇਠ ਛੁਪ ਕੇ : ਇਸ ਗਜ਼ਲ ਵਿਚ ਜਗਤਾਰ ਨੇ ਵੱਖ-ਵੱਖ ਸ਼ੇਅਰਾਂ ਵਿਚ ਵੱਖ-ਵੱਖ ਮਾਨਵੀ ਅਹਿਸਾਸਾਂ ਨੂੰ ਪ੍ਰਗਟ ਕੀਤਾ ਹੈ ਪਰ ਇਨ੍ਹਾਂ ਵੱਖ-ਵੱਖ ਵਿਚਾਰਾਂ ਵਿਚ ਕੇਂਦਰੀ ਸਾਂਝ ਨਜ਼ਰ ਆਉਂਦੀ ਹੈ। ਇਹ ਕੇਂਦਰੀ ਸਾਂਝ ਹੈ ਯਥਾਰਥ ਨਾਲ ਮਨੁੱਖੀ ਸਾਂਝ ਦੀ। ਹਕੀਕਤਾਂ ਤੋਂ ਬਚਿਆ ਨਹੀਂ ਜਾ ਸਕਦਾ, ਇਹਨਾਂ 'ਚੋਂ ਲੰਘਕੇ ਹੀ ਜੀਵਨ ਤੋਰ ਤੁਰਦੀ ਹੈ

ਸ਼ਿਵ ਕੁਮਾਰ

1. ਕੰਡਿਆਲੀ ਥੋਰ੍ਹ : ਇਸ ਗੀਤ ਵਿਚ ਮਨੁੱਖ ਦੀ ਸਮਾਜਿਕ ਹੋਣੀ ਦੀ ਪੀੜਾ ਕੰਡਿਆਲੀ ਥੋਰ੍ਹ ਦੇ ਰੂਪਕ ਰਾਹੀਂ ਪੇਸ਼ ਹੋਈ ਹੈ। ਗੀਤ ਵਿਚ ਸੰਬੋਧਨ ਕਰਤਾ ਇਕ ਪੀੜਾ-ਵਿੰਨ੍ਹੀ ਮੁਟਿਆਰ ਹੈ, ਜੋ ਹਰ ਥਾਂ ਵਿਪਰੀਤ ਵਰਤਾਉ ਅਤੇ ਹਾਲਾਤ ਦੇ ਤਸ਼ੱਦਦ ਦੀ ਸ਼ਿਕਾਰ ਹੈ। ਆਪਣਾ ਦੁੱਖ ਆਪਣੇ ਸੱਜਣ ਸਾਹਮਣੇ ਬਿਆਨ ਕਰ ਰਹੀ ਹੈ। ਮਨੁਖ ਦੀ ਹੋਂਦ ਦਾ ਦੁੱਖ ਮੁਟਿਆਰ ਦੀ ਹੋਣੀ ਨਾਲ ਇਕ ਰੂਪ ਹੈ। ਗੀਤ ਦੇ ਅੰਤਰਿਆਂ ਵਿਚ ਮੁਟਿਆਰ ਦਾ ਬਿੰਬ ਸੁੰਦਰ ਅਤੇ ਮਾਸੂਮ ਹੋਂਦਾ ਨਾਲ ਰੂਪ ਵਟਾਉਂਦਾ ਅਤੇ ਦਸ਼ਾ ਦੇ ਪ੍ਰਸੰਗ ਵਿਚ ਪੇਸ਼ ਹੋਇਆ ਹੈ। ਕੰਡਿਆਲੀ ਥੋਰ੍ਹ ਦੀ ਹੋਂਦ ਦਾ ਸਥਾਨ ਕ੍ਰਮਵਾਰ ਉਜਾੜ, ਕੁਰਾਹੇ, ਬੇਲਾ ਅਤੇ ਬਾਗ ਹਨ ਤੇ ਉਸ ਦੀ ਦਸ਼ਾ ਵਿਪਰੀਤ ਹਾਲਾਤ ਦੀ ਸ਼ਿਕਾਰ ਮਾਨਵੀਂ ਜਾਂ ਪ੍ਰਕਿਰਤਕ ਧਿਰ ਦੀ ਅਜਿਹੀ ਵਿਥਿਆ ਹੈ ਜਿਥੇ ਉਸਦਾ ਹੁਣਵਾਂ, ਤੱਸਦਦ ਦਾ ਸ਼ਿਕਾਰ ਰੂਪ ਉਸਦੇ ਪੂਰਬਲੇ ਸੁੰਦਰ ਤੇ ਮਾਸੂਮ ਰੂਪ ਨਾਲ ਟਕਰਾਉ ਨੂੰ ਉਭਾਰਦਾ ਹੈ। ਇਸ ਗੀਤ ਦੀ ਸ਼ਕਤੀ ਅਜਿਹੇ ਟਕਰਾਉ ਨੂੰ ਸਿਰਜਣ ਵਿਚ ਹੈ।

2. ਤੂੰ ਵਿਦਾ ਹੋਇਓਂ : ਸ਼ਿਵ ਕੁਮਾਰ ਦੀ ਇਹ ਗਜ਼ਲ ਕਿਸੇ ਅੱਤ ਪਿਆਰੇ ਦੇ ਵਿਦਾ ਹੋਣ ਤੋਂ ਬਾਅਦ ਕਾਵਿ-ਪਾਤਰ ਦੀ ਵਿਜੋਗੀ ਦਸ਼ਾ ਅਤੇ ਉਸਦੀ ਸਰਵ ਮੁੱਖ ਯਾਤਰਾ ਦਾ ਬਿਆਨ ਹੈ। ਗਜ਼ਲ ਵਿੱਚ ਕਾਵਿ-ਪਾਤਰ ਦਾ ਸਾਰੇ ਦਾ ਸਾਰਾ ਦੁੱਖ ਇਕੱਠਾ ਹੋ ਕੇ ਉਸਦੇ ਸਰੀਰਕ ਚਿਨ੍ਹਾਂ ਰਾਹੀਂ ਪ੍ਰਗਟ ਹੁੰਦਾ ਹੈ। ਦਿਲ ਤੇ ਉਦਾਸੀ ਛਾਉਣੀ, ਪੀੜ ਦਾ ਅੱਖਾਂ ਵਿੱਚ ਆਉਣਾ, ਨਜ਼ਰ ਦਾ ਪੈਰ ਨੂੰ ਚੁੰਮਣਾ, ਜ਼ੁਬਾਨ ਦਾ ਖਾਮੋਸ਼ ਹੋਣਾ ਤੇ ਦਿਲ ਦਾ ਘਬਰਾਉਣਾ ਆਦਿ ਦੇਹੀ ਦਿਲ ਦੀ ਭਾਸ਼ਾ ਦੇ ਚਿੰਨ੍ਹ ਹਨ।

3. ਲੂਣਾ : ਸ਼ਿਵ ਕੁਮਾਰ ਦੀ ਅਮਰ ਰਚਨਾ 'ਲੂਣਾ' ਚੋਂ ਲਿਆ ਇਹ ਕਾਵਿ - ਖੰਡ ਵਿਚ ਸ਼ਿਵ ਕੁਮਾਰ ਨੇ ਕੇਵਲ ਲੂਣਾ ਨੂੰ ਹੀ ਨਿਰਦੋਸ਼ ਨਹੀਂ ਠਹਿਰਾਇਆ, ਸਗੋਂ ਸਲਵਾਨ ਦੇ ਲੂਣਾ ਨਾਲ ਵਿਆਹ ਕਾਰਨ ਇਛਰਾਂ ਦੀ ਦੁਖਦਾਈ ਸਥਿਤੀ ਨੂੰ ਵੀ ਚਿਤਰਿਆ ਹੈ। ਇਛਰਾਂ ਦੇ ਰੂਪ ਵਿਚ ਧੀ ਦੀ ਵਿਸ਼ੇਸ਼ ਸਥਿਤੀ ਸਮਾਜ ਵਿਚ ਔਰਤ ਦੀ ਆਮ ਸਥਿਤੀ ਨਾਲ ਇਕ ਰੂਪ ਹੋ ਕੇ ਪੇਸ਼ ਹੋਈ ਹੈ। ਸਮਾਜ ਰਿਸ਼ਤੇ ਧੀ ਨੂੰ ਦੁੱਖਾਂ ਦੇ ਮਾਰੂਥਲ ਵਿਚ ਭੁਜਦਿਆਂ ਹੋਇਆਂ ਵਿਆਹਿਆ ਗਿਆ ਹੈ।

## ਸੁਰਜੀਤ ਪਾਤਰ

1. ਕੁਝ ਕਿਹਾ ਤਾਂ ਹਨੇਰਾ : ਸੁਰਜੀਤ ਪਾਤਰ ਦੀ ਇਹ ਗਜ਼ਲ ਪ੍ਰਗਟਾਵੇ ਤੇ ਖ਼ਾਮੋਸ਼ੀ ਤੇ ਦਵੰਦ ਤੋਂ ਸ਼ੁਰੂ ਹੋ ਕੇ ਜੁਗਗਰਦੀ ਦੀ ਆਸ਼ਾ ਤਕ ਪਹੁੰਚਦੀ ਹੈ ਅਤੇ ਸਮੇਂ ਦੀ ਉਸ 'ਹਵਾ' ਨੂੰ ਚਿਤਰਿਤ ਕਰਦੀ ਹੈ, ਜੋ ਮਨੁੱਖ ਦੀਆਂ ਸਭ ਆਸ਼ਾਵਾਂ ਨੂੰ ਮੇਟ ਰਹੀ ਹੈ। ਕਵਿਤਾ ਦੇ ਸ਼ੁਰੂ ਵਿਚ ਜਿਸ 'ਰਾਤ' ਅਤੇ 'ਹਨੇਰ' ਦਾ ਸਹਿਮ ਹੈ। ਉਹ ਅੰਤ ਵਿਚ ਇਸ 'ਹਵਾ' ਦੁਆਰਾ ਚਿਹਨਿਤ ਹੋਏ ਹਨ। ਸਮਾਜ ਵਿਚ ਕੁਝ ਤਲਖ਼ ਸੱਚ ਹਨ - ਬੰਦਿਆਂ ਦਾ ਅਦਾਲਤਾਂ ਦੇ ਬਾਹਰ ਨਿਆਂ ਦੀ ਉਡੀਕ ਵਿਚ ਬਿਰਖਾ ਵਾਂਗ ਸੁਕ ਜਾਣਾ, ਵਿਦੇਸ਼ ਗਏ ਪੁੱਤਰ ਦਾ ਆ ਕੇ ਮਾਂ ਦਾ ਸਿਵਾ ਸੇਕਣਾ, ਬੰਦਿਆਂ ਦਾ ਮਰ ਕੇ ਗੀਤ ਵਿਚ ਵਤਨ ਦੀ ਤਮੰਨਾ ਕਰਨਾ ਤੇ ਇਸ ਸਭ ਦੇ ਪ੍ਰਤੀਕਰਮ ਵਜੋਂ ਬਲਦੇ ਹੱਥਾਂ ਦੁਆਰਾ ਹਵਾ ਵਿਚ ਆਪਣੇ ਹਰਫ਼ ਲਿਖਣਾ। ਇਹ ਤਲਖ਼ ਸੱਚ ਗੀਤ ਦੇ ਬੋਲਾਂ ਦਾ ਸੱਚ ਬਣਦਾ ਹੈ। ਸੰਘਰਸ਼ ਅਤੇ ਗੀਤ ਦੋਵੇਂ ਸਦਾ ਸੰਗੀ ਹਨ। ਗੀਤ ਬੋਲ ਅਤੇ ਖਾਮੋਸ਼ੀ ਦੇ ਦਵੰਦ 'ਚੋਂ ਨਿਕਲ ਕੇ ਇਤਿਹਾਸ ਦੀ ਜੁਗਗਰਦੀ ਦਾ ਪ੍ਰੇਰਕ ਤੱਤ ਬਣਦਾ ਹੈ।

2. ਚਲ ਪਾਤਰ ਹੁਣ ਢੂੰਡਣ ਚਲੀਏ : ਪਾਤਰ ਦੀ ਇਹ ਗੀਤ-ਨੁਮਾ ਗਜ਼ਲ ਸੁਲਤਾਨ ਬਾਹੂ ਦੀਆਂ ਸੀ-ਹਰਫ਼ੀਆਂ ਦੀ ਤਰਜ਼ ਤੇ ਲਿਖੀ ਗਈ ਹੈ। ਇਸ ਤੋਂ ਪਹਿਲਾਂ ਸ਼ਿਵ ਕੁਮਾਰ ਦਾ ਗੀਤ (ਕੰਡਿਆਲੀ ਥੋਰ੍ਹ) ਵੀ ਇਸੇ ਬਹਿਰ ਅਤੇ ਧੁਨ ਵਿਚ ਹੈ। ਸੁਲਤਾਨ ਬਾਹੂ ਦਾ ਕਲਾਮ ਜਿੱਥੇ ਵਸਤੂ ਮੁੱਖ ਹੈ ਉੱਥੇ ਸ਼ਿਵ ਕੁਮਾਰ 'ਮੈਂ' ਦੀ ਸਥਿਤੀ ਨੂੰ ਕੇਂਦਰ ਵਿਚ ਰੱਖ ਕੇ ਹੋਂਦ ਦਾ ਸੰਤਾਪ ਪ੍ਰਗਟ ਕਰਦਾ ਹੈ। ਸੁਰਜੀਤ ਪਾਤਰ ਇਹਨਾਂ ਦੋਹਾਂ ਤੋਂ ਵੱਖਰੀ ਹੋਂਦ, ਦੀ ਸਥਿਤੀ ਅਤੇ ਗਤੀ ਦੇ ਮੂਲ ਦਵੰਦ ਨੂੰ ਪੇਸ਼ ਕਰਦਾ ਹੈ। ਇਹ ਗਜ਼ਲ ਸਵੈ-ਸੰਬੋਧਨ ਤੋਂ ਸ਼ੁਰੂ ਹੁੰਦੀ ਹੈ। ਇਸਦਾ ਕਾਵਿ ਪਾਤਰ ਅੰਤਰ ਝਾਤ, ਪਿਛਲਝਾਤ ਅਤੇ ਭਵਿੱਖ ਮੁਖੀ ਦ੍ਰਿਸ਼ਟੀ ਤਿੰਨਾਂ ਦੇ ਅੰਤਰ-ਸੰਬੰਧ ਵਾਲੀਆਂ ਜਟਿਲ ਸਥਿਤੀਆਂ ਨੂੰ ਪੇਸ਼ ਕਰਦਾ ਹੈ। ਉਹ ਇਕ ਐਸੇ ਬਿੰਦੂ ਉਪਰ ਖੜਾ ਹੈ ਜਿੱਥੇ ਉਹ ਵਿਗੋਚੇ ਅਤੇ ਸੁਪਨੇ ਦੇ ਮੂਲ ਦਵੰਦ ਨੂੰ ਹੰਢਾ ਰਿਹਾ ਹੈ। ਇਹ ਗਜ਼ਲ ਵਿਅਕਤੀ ਦੀ ਗਵਾਚੀ ਹੋਂਦ ਨੂੰ ਉਸਦੀ ਕਾਮਨਾ ਦੇ ਵੱਖ-ਵੱਖ ਪਾਸਾਰਾਂ ਵਿਚ ਪੇਸ਼ ਕਰਦਾ ਹੈ।

3. ਆਇਆ ਨੰਦ ਕਿਸ਼ੋਰ : ਸੁਰਜੀਤ ਪਾਤਰ ਦੀ ਇਹ ਕਵਿਤਾ ਪੰਜਾਬੀ ਬੋਲੀ ਅਤੇ ਸਭਿਆਚਾਰ ਨੂੰ ਦਰਪੇਸ਼ ਵਰਤਮਾਨ ਵੰਗਾਰਾਂ ਦੇ ਪੱਖ ਤੋਂ ਬੜੀ ਅਹਿਮ ਹੈ। ਪੰਜਾਬੀ ਬੋਲੀ ਬਾਰੇ ਇਕ ਪਾਸੇ ਇਹ ਇਸ ਤੋਂ ਉਪਰਾਮ ਹੋ ਰਹੇ ਅਮੀਰ ਪੰਜਾਬੀਆਂ ਤੋਂ ਵਿਅੰਗ ਸਿਰਜਦੀ ਹੈ ਦੂਜੇ ਪਾਸੇ ਇਕ ਪਿੰਡ ਦੇ ਆਮ ਸਕੂਲ ਵਿਚ ਪੰਜਾਬੀ ਪੜ੍ਹ ਰਹੇ ਪ੍ਰਵਾਸੀ ਮਜ਼ਦੂਰਾਂ ਦੇ ਬੱਚਿਆਂ ਦੀ ਨੰਨ੍ਹੀ ਜ਼ਿੰਦਗੀ ਨੂੰ ਚਿਤਰਿਤ ਕਰਦੀ ਹੈ। ਮਾਧੁਰੀ ਨਾਂ ਦੀ ਬੱਚੀ ਦੋ ਗੁੱਤਾਂ ਰਿਬਨ ਵਿਚ ਬੰਨ੍ਹ ਕੇ ਸੋਹਣੀ ਪੱਟੀ ਪੋਚਕੇ ੳ—ਅ ਲਿਖਦੀ ਹੈ। ਪਾਤਰ ਨੇ ਇਸ ਸਮੱਸਿਆ ਨੂੰ ਦੋ ਸੰਦਰਭਾਂ ਅਧੀਨ ਲਿਆ ਹੈ। ਇਕ ਸੰਦਰਭ

ਹੈ 'ਅੱਖਰਾਂ' ਅਤੇ ਰਿਜ਼ਕ ਦੇ ਸਾਕ ਦਾ, ਜਿੱਥੇ ਪ੍ਰਵਾਸੀ ਮਜ਼ਦੂਰਾਂ ਦੇ ਬੱਚਿਆਂ ਦਾ ਪੰਜਾਬੀ ਪੜ੍ਹਨਾ ਉਨ੍ਹਾਂ ਦੇ ਰਿਜ਼ਕ ਨਾਲ ਜੁੜਿਆ ਹੋਇਆ ਹੈ। ਦੂਜਾ ਸੰਦਰਭ ਹੈ 'ਅੱਖਰ ਅਤੇ ਅਕਾਂਖਿਆ' ਨਾਲ ਸਕੂਲ ਵਿਚ ਦਾ। ਅੱਛਰ ਸਿੰਘ ਦੇ ਪੋਤਿਆਂ ਦਾ ਕਾਰ ਵਿਚ ਬੈਠ ਕੇ ਲੁਧਿਆਣੇ ਦੇ ਡੀ.ਏ. ਪੜ੍ਹਨ ਆਉਣਾ ਉਹਨਾਂ ਦੀ ਜਮਾਤੀ ਲੋੜ ਜਾਂ ਅਕਾਂਖਿਆ ਨਾਲ ਜੁੜਿਆ ਹੋਇਆ ਹੈ।

ਪਾਸ਼

1. ਇਨਕਾਰ : ਇਸ ਕਵਿਤਾ ਦੀ ਕਾਵਿ-ਦ੍ਰਿਸ਼ਟੀ ਬੜੀ ਵਿਸ਼ੇਸ਼ ਹੈ। ਜਿਸ ਤਰ੍ਹਾਂ ਦੀ ਗੱਲ ਕਰਨ ਦੀ ਕਾਵਿ-ਪਾਤਰ ਤੋਂ ਆਸ ਨਹੀਂ ਕੀਤੀ ਜਾਂਦੀ, ਉਹ ਉਸ ਦੇ ਨਕਾਰ ਵਿੱਚੋਂ ਉਹ ਗੱਲ ਕਰਦਾ ਹੈ।ਜਿਸ ਦੀ ਉਸ ਤੋਂ ਆਸ ਕੀਤੀ ਜਾਂਦੀ ਹੈ। ਖੇਤਾਂ ਦੇ ਪੁੱਤ ਕਵੀ ਦਾ ਸੁਹਜ-ਸ਼ਾਸਤਰ ਵੀ ਵੱਖਰਾ ਹੈ। ਪਾਸ਼ ਦਾ ਗਲ ਕਰਨ ਦਾ ਤਰੀਕਾ ਇਹੋ ਹੈ ਕਿ ਉਹ ਕਿਸੇ ਚੀਜ਼ ਦੇ ਵਿਰੋਧ ਵਿਚ ਆਪਣਾ ਤਰਕ, ਅਤੇ ਸੱਚ ਬਿਆਨਦਾ ਹੈ। ਕਵਿਤਾ ਵਿਚ ਦੋ ਤਰ੍ਹਾਂ ਦੇ ਪਾਤਰ ਹਨ ਇਕ ਤਿਆਗਨ-ਯੋਗ, ਜੋ ਬੁਰਜੂਆ ਸਮਾਜ ਦੇ 'ਹੱਥ-ਠੋਕੇ' ਹਨ ਤੇ ਦੂਜੇ ਜੋ ਹਾਲਾਤ ਦਾ ਸ਼ਿਕਾਰ ਹਨ ਤੇ ਜਿਹਨਾਂ ਦੀ ਤ੍ਰਾਸਦੀ ਵਿਚੋਂ ਹੀ ਰੋਹ ਅਤੇ ਕ੍ਰਾਂਤੀ ਜਾਗਦੀ ਹੈ। ਕਵਿਤਾ ਜ਼ਿੰਦਗੀ ਦੀਆਂ ਉਹਨਾਂ ਤਲਖ਼ ਹਕੀਕਤਾਂ ਨੂੰ ਬਿਆਨ ਕਰਦੀ ਜਾਂਦੀ ਹੈ, ਜਿਨ੍ਹਾਂ ਨੂੰ ਮੌਜੂਦਾ ਨਿਜ਼ਾਮ ਨੇ ਸਿਰਜਿਆ ਹੈ।

2. ਸਭ ਤੋਂ ਖਤਰਨਾਕ : ਕਵਿਤਾ ਇਕ ਤੁਲਨਾ ਤੋਂ ਸ਼ੁਰੂ ਹੁੰਦੀ ਹੈ। ਸਭ ਤੋਂ ਵੱਧ ਖਤਰਨਾਕ ਸਮਝੀਆਂ ਜਾਂਦੀਆਂ ਹਕੀਕਤਾਂ - ਕਿਰਤ ਦੀ ਲੁੱਟ ਅਤੇ ਪੁਲਿਸ ਦੀ ਕੁੱਟ ਦੇ ਟਾਕਰੇ ਤੇ ਇਸ ਤੋਂ ਵੀ ਖਤਰਨਾਕ ਪਲਾਂ ਨੂੰ ਫੋਕਸ ਵਿਚ ਲਿਆ ਕੇ ਇਹਨਾਂ ਉਪਰ ਧਿਆਨ ਕੇਂਦਰਿਤ ਕਰਦੀ ਹੈ। ਪਾਸ਼ ਅਨੁਸਾਰ ਸਭ ਤੋਂ ਖਤਰਨਾਕ ਜੀਵਨ ਉਹ ਹੈ ਜਿੱਥੇ ਸਾਡੇ ਸੁਪਨੇ, ਅਹਿਸਾਸ ਤੇ ਸੰਵੇਦਨਾ ਖਤਮ ਹੋ ਜਾਵੇ। ਕਿਸੇ ਥਾਂ ਕਤਲ-ਕਾਂਡ ਤੋਂ ਬਾਅਦ ਉਥੇ ਚੰਨ ਚੜ੍ਹਦਾ ਬੜਾ ਖਤਰਨਾਕ ਹੁੰਦਾ ਹੈ ਜੋ ਸੁਖਾਵਾਂ ਨਹੀਂ ਲਗਦਾ ਸਗੋਂ ਮਿਰਚਾਂ ਵਾਂਗ ਲੜਦਾ ਹੈ। ਇੰਝ ਕਿਰਤ ਦੀ ਲੁਟ ਤੇ ਪੁਲਿਸ ਦੀ ਕੁੱਟ ਨੂੰ ਲੋਕਾਂ ਦੀ ਸੁੱਤੀ ਹੋਈ ਚੇਤਨਾ ਤੇ ਗਵਾਚੀ ਸੰਵੇਦਨਾ ਨਾਲ ਟਕਰਾ ਕੇ ਇਹਨਾਂ ਸਭਨਾਂ ਨੂੰ ਹੀ ਸਭ ਤੋਂ ਖਤਰਨਾਕ ਰੂਪ ਵਿਚ ਉਭਾਰਿਆ ਗਿਆ ਹੈ।

## ਉੱਦੇਸ਼

ਵੇ ਮੈਂ ਭਰੀ ਸੁੰਗਾਧੀਆਂ ਪੌਣ

ਇਹ ਗੀਤ ਰੂਪ ਕਾਵਿ ਹਰਭਜਨ ਸਿੰਘ ਦੁਆਰਾ ਲਿਖਿਆ ਹੋਇਆ ਹੈ। ਜਿਸ ਦਾ ਵਿਸ਼ ਪਿਆਰ ਹੈ।ਇਸ ਗੀਤ ਰੂਪ ਕਾਵਿ ਦਾ ਉੱਦੇਸ਼ ਸੱਚੀ ਚਾਹਤ ਹੈ। ਕਵੀ ਕਹਿੰਦਾ ਹੈ ਕਿ ਜੇਕਰ ਕਿਸੇ ਨੂੰ ਪਿਆਰ ਦੀ ਚਾਹਤ ਵੀ ਚਾਹੀਏ ਤਾਂ ਫੇਰ ਉਸ ਦੇ ਦਰ ਉਤੇ ਵਹਿ ਪਵੀਏ ਤੇ ਉਸ ਨੂੰ ਆਪਾ ਪਰਣਾਏ ਜਾਣ ਲਈ ਮਜਬੂਰ ਕਰੀਏ ਤਾਂ ਕਿ ਉਹ ਫੇਰ ਤੁਹਾਡਾ ਹੀ ਬਣ ਜਾਵੇ। ਸੋ ਇਸ ਦਾ ਉਦੇਸ਼ ਹੈ 'ਸਚਾ ਪਿਆਰ'।

ਧਰਤੀ ਦੇ ਹੇਠਾਂ

ਇਹ ਕਵਿਤਾ 'ਧਰਤੀ ਦੇ ਹੇਠਾਂ' ਹਰਭਜਨ ਸਿੰਘ ਦੁਆਰਾ ਲਿਖੀ ਹੋਈ ਹੈ। ਇਹ ਇਕ ਪੁਰਾਣੀ ਮਿੱਥ ਅਨੁਸਾਰ ਲੋਕਾਂ ਦਾ ਵਿਚਾਰ ਸੀ ਕਿ ਧਰਤੀ ਬੌਲਦ ਦੇ ਸਿੰਗਾਂ ਨੇ ਚੁੱਕੀ ਹੋਈ ਹੈ ਜੋ ਕਿ ਕੇਵਲ ਮਿੱਥ ਸੀ, ਸੱਚ ਨਹੀਂ ਸੀ। ਇਸ ਕਵਿਤਾ ਦਾ ਉੱਦੇਸ਼ ਧੀ ਪੁਤੀ ਪਿਉ ਦੀ

ਸੰਵੇਦਨਾ ਨੂੰ ਜਗਾਇਆ ਹੋਇਆ ਹੈ। ਧੀ ਦੀ ਦਰਦ ਭਰੀ ਵਿਥਿਆ ਦੇ ਬਿਆਨ ਰਾਹੀਂ ਇਹ ਦਰਸਾਇਆ ਹੋਇਆ ਹੈ ਕਿ ਧੀ ਸਾਰੀ ਹੀ ਜਿੰਦਗੀ ਸੰਤਾਪ ਭੋਗਦੀ ਹੈ, ਪਰ ਮੂੰਹੋ ਬੋਲਦੀ ਨਹੀਂ। ਉਸ ਦੀ ਸਹਿਣ ਸ਼ੀਲਤਾ ਦਾ ਵਰਨਣ ਕਰਦਿਆਂ ਹੋਇਆਂ ਉਸ ਪ੍ਰਤੀ ਸਮਾਜ ਦੇ ਸਾਰੇ ਹੀ ਲੋਕਾਂ ਨੂੰ ਪਿਆਰ ਅਤੇ ਸਤਿਕਾਰ ਕਰਨ ਦੀ ਲੋੜ ਵਲ ਜ਼ੋਰ ਦਿੱਤਾ ਹੋਇਆ ਹੈ। ਸੋ ਸਾਨੂੰ ਸਾਰਿਆਂ ਨੂੰ ਹੀ ਧੀ ਪ੍ਰਤੀ ਇੱਜ਼ਤ ਦੀਆਂ ਨਜ਼ਰਾਂ ਨਾਲ ਵੇਖਣ ਦੀ ਲੋੜ ਹੈ। ਸਗੋਂ ਭਰੂਣ ਹੱਤਿਆ ਵਰਗੇ ਜ਼ੁਲਮ ਨੂੰ ਵੀ ਰੋਕ ਲਗਾਉਣ ਦੀ ਲੋੜ ਹੈ।

ਰੁੱਖ ਤੇ ਰਿਸ਼ੀ

ਰੁੱਖ ਤੇ ਰਿਸ਼ੀ ਨਾਮੀ ਕਵਿਤਾ ਤੋਂ ਦੋ ਤਰ੍ਹਾਂ ਦੇ ਉਦੇਸ਼ ਨਿਕਲਦੇ ਹਨ ਇਕ ਇਹ ਕਿ ਕਿਸੇ ਵੀ ਸ਼ੈਅ ਨੂੰ ਆਪਣੇ ਮੁੱਢ ਨਾਲੋਂ ਵਿਛੜਨਾ ਨਹੀਂ ਚਾਹੀਦਾ ਕਿਉਂਕਿ ਮੁੱਢ ਤੋਂ ਟੁੱਟ ਕੇ ਕਿਸੇ ਵੀ ਚੀਜ਼ ਦਾ ਪ੍ਰਭਾਵ ਨਹੀਂ ਰਹਿੰਦਾ। ਜੋ ਕਿ ਆਪਣੇ ਮੁੱਢ ਨਾਲ ਬੱਝ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਦੂਜਾ ਇਹ ਕਿ ਮੁੱਢ ਨਾਲ ਬੱਝੇ ਰਹਿਣ ਦੀ ਕੋਈ ਜ਼ਰੂਰਤ ਨਹੀਂ ਹੈ ਕਿਉਂਕਿ ਆਪਣੇ ਮੁੱਢ ਨਾਲ ਬੱਝ ਕਿ ਆਪਾ ਸਮਾਪਤ ਕੀਤਾ ਜਾ ਸਕਦਾ ਹੈ। ਪਰ ਪ੍ਰਾਪਤ ਕੁਝ ਵੀ ਨਹੀਂ ਹੁੰਦਾ। ਦੂਜਿਆਂ ਦੀ ਭਲਾਈ ਲਈ ਆਪਣੇ ਮੁੱਢ ਤੋਂ ਦੂਰ ਜਾ ਕੇ ਵੀ ਮੌਕਾ ਨਹੀਂ ਛਡੱਣਾ ਚਾਹੀਦਾ ਜੋ ਕਿ ਮਨੁੱਖੀ ਜਾਮੇ ਦਾ ਮੁੱਖ-ਮਨੋਰਥ ਹੈ। ਪਾਣੀ ਦੀ ਤਰ੍ਹਾਂ ਸਾਡਾ ਜੀਵਨ ਵੀ ਹੋਣਾ ਚਾਹੀਦਾ ਹੈ ਜਿਵੇਂ ਪਾਣੀ ਦੂਜਿਆਂ ਦੀ ਸੇਵਾ ਲਈ ਅੱਗੇ ਅੱਗੇ ਹੀ ਵਧਦਾ ਜਾਂਦਾ ਹੈ।

ਹਰ ਮੋੜ ਤੇ ਸਲੀਬਾਂ

ਇਸ ਗਜ਼ਲ ਦੁਆਰਾ ਕਵੀ ਜਗਤਾਰ ਨੇ ਕ੍ਰਾਂਤੀਕਾਰੀ ਵਿਚਾਰਾਂ ਨੂੰ ਪੇਸ਼ ਕੀਤਾ ਹੋਇਆ ਹੈ ਅਤੇ ਪਾਠਕ ਨੂੰ ਹਮੇਸ਼ਾ ਲਈ ਮੁਸ਼ਕਿਲ ਤੋਂ ਮੁਸ਼ਕਿਲ ਪਰਿਸਥਿਤੀਆਂ ਨਾਲ ਟਕਰਾਉਣ ਲਈ ਕਿਹਾ ਹੋਇਆ ਹੈ। ਗਜ਼ਲਕਾਰ ਵਿਦਿਆਰਥੀ ਨੂੰ ਕਹਿੰਦਾ ਹੈ ਕਿ ਜ਼ਿੰਦਗੀ ਵਿਚ ਆ ਰਹੀਆਂ ਔਕੜਾਂ ਤੋਂ ਮੂੰਹ ਨਹੀਂ ਫੇਰਨਾ ਬਲਕਿ ਸੰਘਰਸ਼ ਕਰਕੇ ਔਕੜਾਂ ਉਤੇ ਜਿਤ ਪ੍ਰਾਪਤ ਕਰਨੀ ਹੈ।

ਕੋਈ ਮਜਬੂਰੀ ਨਹੀਂ

ਇਹ ਗਜ਼ਲ ਵੀ ਨਿਸਵਾਰਥ ਪਿਆਰ ਦੀ ਤਰਜ਼ਮਾਨੀ ਕਰਦੀ ਹੋਈ ਪਾਠਕ ਨੂੰ ਨਿਸਵਾਰਥ 'ਚੋਂ ਬਾਹਰ ਨਿਕਲਣ ਲਈ ਵੰਗਾਰਦੀ ਹੈ। ਸਵਾਰਥੀ ਪਿਆਰ, ਪਿਆਰ ਨਹੀਂ ਹੁੰਦਾ ਬਲਕਿ ਅਸਲ ਪਿਆਰ ਉਹੀ ਹੈ ਜੋ ਨਿਸਵਾਰਥ ਹੋ ਕੇ ਆਪਾ ਦੂਜਿਆਂ ਦੇ ਹਵਾਲੇ ਕਰਨ ਦੀ ਗਲ ਕਰਦਾ ਹੈ। ਇਸ ਗਜ਼ਲ ਦਾ ਮਨੋਰਥ ਹੈ ਮਨੁੱਖ ਨੂੰ ਮੂਲ ਮਾਨਵੀ ਕਦਰਾਂ ਕੀਮਤਾਂ ਦੀ ਪਹਿਚਾਣ ਕਰਾਉਣਾ ਅਤੇ ਉਹਨਾਂ ਉਤੇ ਪੂਰਾ ਉਤਰਨਾ।

ਰੁੱਖਾਂ ਹੇਠ ਛੁਪਕੇ

ਇਹ ਗਜ਼ਲ ਵੱਖ ਵੱਖ ਮਾਨਵੀ ਅਹਿਸਾਸਾਂ ਦਾ ਪ੍ਰਗਟਾਵਾ ਕਰਦੀ ਹੈ ਅਤੇ ਯਥਾਰਥਕਤਾ ਦੀ ਮਹਾਨਤਾ ਨੂੰ ਪੇਸ਼ ਕਰਦੀ ਹੈ। ਇਸ ਰਾਹੀਂ ਪਾਠਕ ਨੂੰ ਇਹ ਸੰਦੇਸ਼ ਹੈ ਕਿ ਸੱਚ ਤੋਂ ਮੂੰਹ ਫੇਰ ਕੇ ਜੀਵਨ ਜੀਉਣਾ ਗਵਾਰ ਹੈ ਕਿਉਂਕਿ ਸੱਚ ਹੀ ਅੰਤ ਤੱਕ ਜੀਉਂਦਾ ਰਹਿੰਦਾ ਹੈ। ਝੂਠ, ਫਰੇਬ ਅਤੇ ਛਲ ਕੱਪਟ ਥੋੜ੍ਹਾ ਚਿਰਾ ਹੁੰਦਾ ਹੈ। ਇਸ ਪ੍ਰਕਾਰ ਦੇ ਗੁਣਾ ਨੂੰ ਧਾਰਨ ਕਰਨਾ ਭਾਵ ਕਿ ਆਪਣੀ ਹੋਂਦ ਨੂੰ ਮਿਟਾਉਣਾ ਹੈ। ਇਸ ਗਜ਼ਲਕਾਰ ਦਾ ਸੰਦੇਸ਼ ਹੈ ਕਿ ਮਨੁੱਖ ਨੂੰ ਯਥਾਰਥਕਤਾ ਦਾ ਪੱਲਾ ਨਹੀਂ ਛੱਡਣਾ ਚਾਹੀਦਾ।

ਕੰਡਿਆਲੀ ਥੋਰ੍ਹ

ਇਹ ਗੀਤ ਇਕ ਸੁੰਦਰ ਮਾਸੂਮ ਮੁਟਿਆਰ ਦੇ ਦਰਦ ਦਾ ਪ੍ਰਗਟਾਵਾ ਹੈ, ਜਿਹੜੀ ਉੱਥੇ ਜਨਮ ਲੈਂਦੀ ਹੈ, ਜਿਥੇ ਉਸਦੀ ਕੋਈ ਕਦਰ ਕਰਨ ਵਾਲਾ ਨਹੀਂ ਹੈ। ਪਰ ਫਿਰ ਵੀ ਹਿੰਮਤ ਨਹੀਂ ਹਾਰਦੀ ਬਲਕਿ ਆਪਣੇ ਪਿਆਰੇ ਆਸ਼ਕ ਦੀ ਯਾਦ ਵਿਚ ਹੀ ਆਪਣੇ ਵਿਰਾਗ ਦੀ ਪੇਸ਼ਕਾਰੀ ਕਰਦੀ ਹੋਈ ਜੀਵਨ ਗੁਜਾਰਦੀ ਹੈ। ਇਸ ਗੀਤ ਦਾ ਪਾਠਕ ਨੂੰ ਸੰਦੇਸ਼ ਹੈ ਕਿ ਜੀਵਨ ਅੰਦਰ ਘਬਰਾ ਕੇ ਭਾਵੁਕ ਨਹੀਂ ਹੋਣਾ ਹੈ, ਸਗੋਂ ਆਪਣੀ ਮੰਜ਼ਿਲ ਵਲ ਸੰਘਰਸ਼ ਕਰਦੇ ਰਹਿਣਾ ਹੈ।

ਗਜ਼ਲ

ਇਹ ਗਜ਼ਲ ਰੋਮਾਂਟਿਕ ਹੈ। ਜਿਸ ਰਾਹੀਂ ਸ਼ਿਵ ਨੇ ਆਦਰਸ਼ਕ ਪਿਆਰ ਦੀ ਗੱਲ ਕੀਤੀ ਹੋਈ ਹੈ। ਕਵੀ ਅਨੁਸਾਰ ਤੁਹਾਡਾ ਪਿਆਰ ਆਦਰਸ਼ਕ ਹੋਣਾ ਚਾਹੀਦਾ ਹੈ। ਭਾਵੇਂ ਉਸ ਦੀ ਨਾ ਪ੍ਰਾਪਤੀ ਕਾਰਨ ਤੁਸੀ ਉਸ ਦੀ ਪ੍ਰਾਪਤੀ ਦੀ ਤਾਂਘ ਵਿੱਚ ਮਰ ਮਿਟ ਜਾਓ।

ਚੌਧਲ / ਇੱਜਰਾਂ

ਇਹ ਕਾਵਿ ਚੌਧਲ ਅਤੇ ਇੱਛਰਾਂ ਦੇ ਦਰਦ ਨੂੰ ਵਾਰਤਾਲਾਪ ਰਾਹੀਂ ਪ੍ਰਗਟ ਕਰਦਾ ਹੈ। ਚੌਧਲ ਜੋ ਕਿ ਇੱਛਰਾਂ ਦਾ ਪਿਉ ਹੈ। ਉਹ ਆਪਣੀ ਸਮਾਜਿਕ ਮਜਬੂਰੀ ਬਿਆਨ ਕਰਦਾ ਹੋਇਆ ਪਿਉ ਦਾ ਧੀਆਂ ਪ੍ਰਤੀ ਦਰਦ ਦੀ ਪੇਸ਼ਕਾਰੀ ਕਰਦਾ ਹੈ। ਦੂਜੇ ਪਾਸੇ ਧੀ ਜਿਹੜੀਆਂ ਸਧਰਾਂ ਲੈ ਕੇ ਸਹੁਰੇ ਘਰ ਜਾਂਦੀ ਹੈ, ਜੇ ਕਰ ਉਸਦੀ ਉਸ ਘਰ ਕਦਰ ਨ ਹੋਵੇ ਤਾਂ ਉਸਦੇ ਉਸ ਪ੍ਰਕਾਰ ਦੇ ਜੀਵਨ ਨਾਲੋਂ ਮੌਤ ਬਿਹਤਰ ਹੈ।

ਇਸ ਕਵਿਤਾ ਦੁਆਰਾ ਪਾਠਕ ਲਈ ਇਹ ਉਦੇਸ਼ ਹੈ ਕਿ ਪਿਓ ਆਪਣੀ ਧੀ ਪ੍ਰਤੀ ਬਹੁਤ ਹੀ ਸੰਵੇਦਨਸ਼ੀਲ ਹੈ, ਪਰ ਸਮਾਜਕ ਮਜਬੂਰੀਆਂ ਕਾਰਨ ਧੀ ਨੂੰ ਆਪਣੇ ਤੋਂ ਵਿਛੋੜਨਾ ਪੈਂਦਾ ਹੈ ਅਤੇ ਜਿਹਨਾਂ ਦੇ ਲੜ ਲਾਈ ਜਾਂਦੀ ਹੈ, ਉਹਨਾਂ ਨੂੰ ਇਸ ਰਿਸ਼ਤੇ ਦੀ ਕਦਰ ਕਰਨੀ ਚਾਹੀਦੀ ਹੈ। ਦੂਜੇ ਪਾਸੇ ਧੀ ਜਿਸ ਪ੍ਰਕਾਰ ਦੀਆਂ ਇੱਛਾਵਾਂ ਨੂੰ ਲੈ ਕੇ ਸਹੁਰੇ ਘਰ ਜਾਂਦੀ ਹੈ। ਜਦੋਂ ਉਸ ਦੀਆਂ ਉਹ ਸੱਧਰਾਂ ਜਾਂ ਇਛਾਵਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਉਹ ਉਸ ਬੇ ਕਦਰੀ ਤੇ ਜਹਾਲਤ ਦੀ ਜ਼ਿੰਦਗੀ ਨਾਲੋਂ ਮਰਨਾ ਚੰਗਾ ਸਮਝਦੀ ਹੈ। ਸੋ ਧੀਆਂ ਜਿਸ ਘਰ ਜਾਂਦੀਆਂ ਹਨ, ਉਹਨਾਂ ਦਾ ਫਰਜ ਹੈ ਕਿ ਧੀ ਦੀ ਮਾਣ ਮਰਿਆਦਾ ਦਾ ਧਿਆਨ ਰੱਖਿਆ ਜਾਵੇ।

ਕੁਝ ਕਿਹਾ ਤਾਂ

ਸੁਰਜੀਤ ਪਾਤਰ ਦੀ ਇਹ ਗਜ਼ਲ ਖਾਮੋਸ਼ੀ ਅਤੇ ਪ੍ਰਗਟਾਵੇ ਦਾ ਦਵੰਦ ਪੇਸ਼ ਕਰਦੀ ਹੈ। ਇਸ ਵਿਚ ਕੁਝ ਤਲਖ ਸੱਚ ਹਨ। ਜਿਹਨਾਂ ਦੀ ਪੇਸ਼ਕਾਰੀ ਕੀਤੀ ਹੋਈ ਹੈ। ਗਜ਼ਲ ਦਾ ਉਦੇਸ਼ ਪਾਠਕ ਨੂੰ ਤਲਖ ਸਚਾਈਆਂ ਬਾਰੇ ਜਾਗਰੂਕ ਕਰਨਾ ਹੈ। ਇਥੇ ਇਹ ਵੀ ਦਰਸ਼ਾਇਆ ਹੋਇਆ ਹੈ ਕਿ ਸੰਸਾਰ ਦੀ ਹਰ ਸ਼ੈਅ ਨੇ ਮਿੱਟ ਜਾਣਾ ਹੈ। ਇਸ ਲਈ ਸੱਚ ਬੋਲਣ ਤੋਂ ਪਿੱਛੇ ਨਹੀਂ ਹੱਟਣਾ ਚਾਹੀਦਾ, ਕਿਉਂਕਿ ਸੱਚ ਹੀ ਮਨੁੱਖ ਦੀ ਪਹਿਚਾਣ ਹੈ।

ਚੱਲ ਪਾਤਰ ਹੁਣ ਢੂੰਡਣ ਚਲੀਏ

ਇਸ ਗਜ਼ਲ ਦੁਆਰਾ ਗਜ਼ਲਕਾਰ ਨੇ ਆਪਣੇ ਅਤੀਤ ਨੂੰ ਚੇਤਾ ਕੀਤਾ ਹੋਇਆ ਹੈ। ਇਵੇਂ ਪ੍ਰਤੀਤ ਹੁੰਦਾ ਹੈ ਕਿ ਕਵੀ ਕਿਸੇ ਮੁਸੀਬਤ ਕਾਰਨ ਬੇ-ਵੱਸ ਹੋ ਕੇ ਆਪਣੀ ਜਾਨ ਬਚਾ ਕੇ

ਆਇਆ ਹੋਇਆ ਹੈ। ਜਿਸ ਥਾਂ ਨੂੰ ਛੱਡ ਕੇ ਆਇਆ ਹੈ, ਉਥੋਂ ਦੀ ਹਰ ਸ਼ੈਅ ਉਸ ਨੂੰ ਚੇਤੇ ਆਉਂਦੀ ਹੈ। ਕਵੀ ਆਪਣੀਆਂ ਵਿਸਰੀਆਂ ਹੋਈਆਂ ਯਾਦਾਂ ਨੂੰ ਯਾਦ ਕਰਕੇ ਆਪਣੇ ਅੰਤਰੀਵੀ ਦਰਦ ਦਾ ਪ੍ਰਗਟਾਵਾ ਕਰ ਰਿਹਾ ਹੈ। ਇਸ ਗਜ਼ਲ ਦਾ ਉਦੇਸ਼ ਇਹ ਹੈ ਕਿ ਮਨੁੱਖ ਨੂੰ ਆਪਣਾ ਅਤੀਤ ਨਾ ਹੀ ਭੁੱਲਦਾ ਹੈ ਅਤੇ ਨਾ ਹੀ ਭੁਲਨਾ ਚਾਹੀਦਾ ਹੈ।

ਆਇਆ ਨੰਦ ਕਿਸ਼ੋਰ

ਸੁਰਜੀਤ ਪਾਤਰ ਦੀ ਇਹ ਕਵਿਤਾ ਪੰਜਾਬੀ ਬੋਲੀ ਅਤੇ ਸਭਿਆਚਾਰ ਪ੍ਰਤੀ ਪੰਜਾਬੀਆਂ ਨੂੰ ਜਾਗਰੂਕ ਕਰਦੀ ਹੋਈ ਹਲੂਣਾ ਦਿੰਦੀ ਹੈ। ਇਕ ਪਾਸੇ ਨੰਦ ਕਿਸ਼ੋਰ ਦਾ ਬਿਹਾਰ ਤੋਂ ਚਲ ਕੇ ਪੰਜਾਬ ਆ ਕੇ ਰੋਜ਼ੀ ਰੋਟੀ ਕਮਾਉਣਾ ਅਤੇ ਉਹਨਾਂ ਦੇ ਬੱਚਿਆਂ ਦਾ ਇਥੋਂ ਦੇ ਸਕੂਲਾਂ ਵਿਚ ਪੰਜਾਬੀ ਪੜ੍ਹਨਾ। ਦੂਜੇ ਪਾਸੇ ਇਥੋਂ ਦੇ ਅਮੀਰ ਲੋਕਾਂ ਦਾ ਪੰਜਾਬੀ ਤੋਂ ਉਪਰਾਮ ਹੋ ਕੇ ਮੂੰਹ ਫੇਰਨਾ। ਅਮੀਰ ਪੰਜਾਬੀਆਂ ਉਤੇ ਵਿਅੰਗ ਕੀਤਾ ਹੋਇਆ ਹੈ। ਪਰ ਅਸਲ ਵਿਚ ਇਸ ਕਵਿਤਾ ਦਾ ਉਦੇਸ਼ ਪੰਜਾਬੀਆਂ ਨੂੰ ਆਪਣੀ ਮਾਂ ਬੋਲੀ (ਪੰਜਾਬੀ) ਦੀ ਸੰਭਾਲ ਲਈ ਲਲਕਾਰ ਹੈ। ਪੰਜਾਬੀ ਬੋਲੀ ਅਤੇ ਸਭਿਆਚਾਰ ਦੀ ਮਹੱਤਤਾ ਦਰਸ਼ਾਉਦਿਆਂ ਹੋਇਆਂ ਇਸ ਦੀ ਸਾਂਭ ਸੰਭਾਲ ਲਈ ਆਮ ਪੰਜਾਬੀ ਲੋਕਾਂ ਨੂੰ ਸੁਚੇਤ ਕੀਤਾ ਹੋਇਆ ਹੈ।

ਇਨਕਾਰ

ਪਾਸ਼ ਦੀ ਕਵਿਤਾ ਇਨਕਾਰ ਸਾਡੇ ਸਮਾਜ ਵਿਚ ਵਿਚਰ ਰਹੀਆਂ ਕਈ ਤਲਖ ਸੱਚਾਈਆਂ ਨੂੰ ਪੇਸ਼ ਕਰਦੀ ਹੈ। ਕਵੀ ਉਹਨਾਂ ਲੋਕਾਂ ਦੀ ਗੱਲ ਕਰਦਾ ਹੈ ਜਿਹੜੇ ਸਮਾਜ ਅੰਦਰ ਕੁਝ ਅਮੀਰ ਲੋਕਾਂ ਦੇ ਹੱਥ ਠੋਕੇ ਹੀ ਬਣ ਕੇ ਰਹਿ ਜਾਂਦੇ ਹਨ। ਦੂਜੇ ਪਾਸੇ ਕੁਝ ਉਹ ਲੋਕ ਹਨ ਜਿਹੜੇ ਕਈ ਪ੍ਰਕਾਰ ਦੇ ਹਾਲਾਤਾਂ ਦਾ ਸ਼ਿਕਾਰ ਹੁੰਦੇ ਹਨ ਅਤੇ ਜਿਹਨਾਂ ਦੀ ਰੂਹ ਵਿਚੋਂ ਹੀ ਕ੍ਰਾਂਤੀ ਉਭਰਦੀ ਹੈ। ਇਹਨਾਂ ਦੋਹਾਂ ਤਰ੍ਹਾਂ ਦੇ ਪਾਤਰਾਂ ਦੀ ਗੱਲ ਕਰਨ ਤੋਂ ਬਾਅਦ ਕਵੀ ਆਪਣਾ ਸਪਸ਼ਟੀਕਰਨ ਦਿੰਦਾ ਹੋਇਆ ਕਹਿੰਦਾ ਹੈ ਕਿ ਮੇਰੇ ਤੋਂ ਇਸ ਪ੍ਰਕਾਰ ਦੀ ਆਸ ਨ ਕਰਿਉ ਕਿ ਮੈਂ ਇਹਨਾਂ ਲੋਕਾਂ ਵਾਂਗ ਕਿਸੇ ਦਾ ਹੱਥ ਠੋਕਾ ਬਣ ਕੇ ਰਹਿ ਜਾਵਾਂਗਾ। ਮੈਂ ਕੇਵਲ ਮਜ਼ਦੂਰ ਅਤੇ ਕਾਮਾ ਵਰਗ ਦੀ ਗੱਲ ਹੀ ਕਰਾਂਗਾ। ਇਸ ਕਵਿਤਾ ਦਾ ਸੰਦੇਸ਼ ਹੈ ਕਿ ਨਿਰਪੱਖ ਹੋ ਕੇ ਮਨੁੱਖ ਨੂੰ ਕਾਮੇ ਤੇ ਮਿਹਨਤੀ ਲੋਕਾਂ ਦੀ ਗੱਲ ਹੀ ਕਰਨੀ ਚਾਹੀਦੀ ਹੈ।

ਸਭ ਤੋਂ ਖ਼ਤਰਨਾਕ

ਪਾਸ਼ ਨੇ ਇਸ ਕਵਿਤਾ ਦੁਆਰਾ ਆਮ ਸਮਾਜ ਅੰਦਰ ਸਭ ਤੋਂ ਖ਼ਤਰਨਾਕ ਸਮਝੀਆਂ ਜਾਣ ਵਾਲੀਆਂ ਹਕੀਕਤਾਂ ਨੂੰ ਖ਼ਤਰਨਾਕ ਨਹੀਂ ਕਿਹਾ ਬਲਕਿ ਇਹਨਾਂ ਤੋਂ ਵੀ ਖ਼ਤਰਨਾਕ ਚੀਜ਼ਾਂ ਦੀ ਬਿਆਨਬਾਜ਼ੀ ਕੀਤੀ ਹੋਈ ਹੈ। ਪਾਸ਼ ਅਨੁਸਾਰ ਸਭ ਤੋਂ ਖ਼ਤਰਨਾਕ ਜੀਵਨ ਉਹ ਹੈ, ਜਿਥੇ ਸਾਡੇ ਸੁਪਨੇ, ਅਹਿਸਾਸ ਤੇ ਸੰਵੇਦਨਾ ਖਤਮ ਹੋ ਜਾਵੇ। ਕਵੀ ਅਨੁਸਾਰ ਆਮ ਸਮਾਜ ਅੰਦਰ ਕੁਝ ਦਿਸਦੀਆਂ ਮਾੜੀਆਂ ਹਕੀਕਤਾਂ ਨੂੰ ਛੱਡ ਕੇ ਕੁਝ ਅਣਦਿਸਦੀਆਂ ਗਲਤ ਹਕੀਕਤਾਂ ਦੀ ਪਛਾਣ ਵੀ ਹੋਣੀ ਬਹੁਤ ਹੀ ਜ਼ਰੂਰੀ ਬਣ ਜਾਂਦੀ ਹੈ। ਕਵਿਤਾ ਦਾ ਉਪਦੇਸ਼ ਹੈ ਕਿ ਸਮਾਜ ਵਿਚੋਂ ਅਣਦਿਸਦੀਆਂ ਗਲਤ ਹਕੀਕਤਾਂ ਦੀ ਖੋਜ ਕਰਕੇ ਉਹਨਾਂ ਨੂੰ ਸਮਾਜ ਵਿਚੋਂ ਖਤਮ ਕਰਨ ਦੀ ਲੋੜ ਹੈ। ਜਿਸ ਪਾਸੇ ਆਮ ਲੋਕ ਧਿਆਨ ਹੀ ਨਹੀਂ ਦੇ ਰਹੇ ਹਨ। ਜਦੋਂ ਕਿ ਉਹਨਾਂ ਵਲ ਧਿਆਨ ਦੇਣ ਦੀ ਬਹੁਤ ਹੀ ਲੋੜ ਹੈ।

-----

# ਕਵੀ ਦੀ ਪੰਜਾਬੀ ਸਾਹਿਤ ਨੂੰ ਦੇਣ ਅਤੇ ਸਥਾਨ

## ਪੰਜਾਬੀ ਸਾਹਿਤ ਦੇ ਖੇਤਰ ਵਿਚ ਡਾ: ਹਰਿਭਜਨ ਸਿੰਘ ਦੀ ਦੇਣ ਅਤੇ ਸਥਾਨ

ਡਾ: ਹਰਭਜਨ ਸਿੰਘ ਪੰਜਾਬੀ ਸਾਹਿਤ ਦੇ ਆਕਾਸ਼ ਵਿਚਲਾ ਉਹ ਧਰੁਵਤਾਰਾ ਹੈ ਜਿਸ ਦੀ ਰੋਸ਼ਨੀ ਆਪਣੇ ਆਲੇ-ਦੁਆਲੇ ਦੇ ਤਾਰਿਆਂ ਨਾਲੋਂ ਕਈ ਗੱਲਾਂ ਕਾਰਣ ਤੇਜ਼ ਹੈ। ਦੇਸ਼ ਦੀ ਵੰਡ ਪਿੱਛੋਂ ਆਧੁਨਿਕ ਕਵੀਆਂ ਵਿਚ ਹਰਿਭਜਨ ਸਿੰਘ ਦੀ ਥਾਂ ਵਿਸ਼ੇਸ਼ ਹੈ। ਹਰਭਜਨ ਸਿੰਘ ਦਾ ਜਨਮ 18 ਅਗਸਤ 1920 ਨੂੰ (ਅਸਾਮ) ਵਿਖੇ ਹੋਇਆ। ਪਿਤਾ ਦੀ ਮੌਤ ਪਿਛੋਂ ਉਹਨਾਂ ਦਾ ਬਚਪਨ ਲਾਹੌਰ ਕੋਲ ਪਿੰਡ 'ਇੱਛਰੇ' ਵਿਖੇ ਬੀਤਿਆ। ਹਰਿਭਜਨ ਸਿੰਘ ਨੂੰ ਪੰਜਾਬੀ ਦੀ ਸੰਰਚਨਾਵਾਦੀ ਆਲੋਚਨਾ ਦੇ ਪ੍ਰਮੁੱਖ ਸਮੀਖਿਆਕਾਰ ਵਜੋਂ ਜਾਣਿਆ ਜਾਂਦਾ ਹੈ। ਆਪ ਨੇ ਹਿੰਦੀ ਸਾਹਿਤ ਦਾ ਵੀ ਚੋਖਾ ਅਧਿਐਨ ਕੀਤਾ ਹੈ। ਉਹ ਹਿੰਦੀ ਦੀ ਐਮ.ਏ., ਪੀ.ਐਚ.ਡੀ. ਸਨ। 'ਗੁਰਮੁੱਖੀ ਲਿਪੀ ਵਿਚ ਹਿੰਦੀ ਸਾਹਿਤ' ਉਹਨਾਂ ਦੀ ਖੋਜ ਦਾ ਵਿਸ਼ਾ ਹੈ। ਹਰਿਭਜਨ ਸਿੰਘ ਨਵੀਨ ਕਵੀ ਹੋਣ ਦੇ ਨਾਲ-ਨਾਲ ਇਕ ਚੰਗੇ ਅਧਿਆਪਕ ਅਤੇ ਅਨੁਵਾਦਕ ਵੀ ਹਨ।

ਹਰਿਭਜਨ ਸਿੰਘ ਨੇ ਆਪਣੇ ਅਧਿਆਪਨ ਦਾ ਕਾਰਜ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦਿੱਲੀ ਤੋਂ ਸ਼ੁਰੂ ਕੀਤਾ। ਪਿੱਛੋਂ ਦਿੱਲੀ ਯੂਨੀਵਰਸਿਟੀ ਵਿਚ ਪੰਜਾਬੀ ਦੇ ਪ੍ਰੋਫੈਸਰ ਵੀ ਰਹੇ ਜਿੱਥੇ ਉਹਨਾਂ ਨੇ "ਦਿੱਲੀ ਆਲੋਚਨਾ ਸਕੂਲ" ਵਜੋਂ ਜਾਣੇ ਜਾਂਦੇ ਆਲੋਚਨਾ ਦੇ ਕੇਂਦਰ ਨੂੰ ਵਿਕਸਿਤ ਕੀਤਾ ਤੇ ਦਿੱਲੀ ਨੂੰ ਨਵੀਂ ਤਰ੍ਹਾਂ ਦੀਆਂ ਸਾਹਿਤਕ ਅਤੇ ਆਲੋਚਨਾਤਮਕ ਸਰਗਰਮੀਆਂ ਦਾ ਕੇਂਦਰ ਬਣਾਇਆ। ਉਹ ਸੁਹਜਵਾਦੀ ਕਵੀ, ਮਧੁਰ ਗੀਤਕਾਰ ਅਤੇ ਆਧੁਨਿਕਤਾ ਦਾ ਨਜ਼ਮਕਾਰ ਹੈ। ਉਸ ਦੀ ਕਵਿਤਾ ਵਿਚ ਸਮਾਪਤੀ ਵਿਰੁਧ ਵਿਦਰੋਹ ਦੀ ਸੁਰ ਹੈ। ਉਹ ਇਕ ਅਜਿਹਾ ਸ਼ਬਦ-ਸ਼ਿਲਪੀ ਹੈ ਜੋ ਕਲਾਤਮਕ ਲੋੜਾਂ ਅਧੀਨ ਸ਼ੈਲੀ ਨੂੰ ਬਦਲਦਾ ਤੇ ਸੰਵਾਰਦਾ ਚਲਾ ਜਾਂਦਾ ਹੈ। ਉਸ ਨੇ ਪਰੰਪਰਾਗਤ ਸੰਸਕਾਰਾਂ ਤੇ ਮਿੱਥ ਨੂੰ ਨਵੇਂ ਆਧੁਨਿਕ ਅਰਥ ਪ੍ਰਦਾਨ ਕੀਤੇ ਹਨ। ਉਹ ਸਰਬਾਂਗੀ ਸਾਹਿਤਕਾਰ ਹੈ ਪਰ ਕਾਵਿ ਰਚਨਾ ਵਿਚ ਉਸ ਨੂੰ ਸਿਰਮੌਰ ਸਥਾਨ ਪ੍ਰਾਪਤ ਹੈ।

### ਕਾਵਿ ਰਚਨਾਵਾਂ :

ਗਿਣਾਤਮਕ ਪੱਖ ਤੋਂ ਡਾ: ਹਰਿਭਜਨ ਸਿੰਘ ਨੇ ਸਾਨੂੰ ਬਹੁਤ ਸਾਰੇ ਕਾਵਿ ਸੰਗ੍ਰਹਿ ਦਿਤੇ। ਜਿਹਨਾਂ ਵਿਚ ਲਾਸ਼ਾਂ, ਤਾਰ-ਤੁਪਕਾ, ਅਧਰੈਣੀ, ਨਾ ਧੁੱਪੇ ਨਾ ਛਾਵੇਂ, ਸੜਕ ਦੇ ਸਫ਼ੇ ਉਤੇ, ਮੈਂ ਜੋ ਬੀਤ ਗਿਆ, ਅਲਫ ਦੁਪਹਿਰ, ਟੁੱਕੀਆਂ ਜੀਭਾਂ ਵਾਲੇ, ਮੱਥਾ ਦੀਵੇ ਵਾਲਾ, ਅਲਵਿਦਾ ਤੋਂ ਪਹਿਲਾਂ, ਮਾਵਾਂ ਧੀਆਂ ਤੇ ਨਿੱਕ-ਸੁੱਕ, ਰੁੱਖ ਤੇ ਰਿਸ਼ੀ ਅਤੇ ਚੌਥੇ ਦੀ ਉਡੀਕ ਆਦਿ ਪੁਸਤਕਾਂ ਵਿਚ ਸ਼ਾਮਿਲ ਉਸ ਦੀ ਸਮੁੱਚੀ ਕਵਿਤਾ ਦਾ ਸੰਗ੍ਰਹਿ 'ਮੇਰੀ ਕਾਵਿ-ਯਾਤਰਾ' ਸਿਰਲੇਖ ਅਧੀਨ ਵੀ ਛਪ ਚੁਕਿਆ ਹੈ।

ਆਲੋਚਨਾਵਾਂ :

ਅਧਿਅਨ ਅਤੇ ਅਧਿਆਪਨ, ਮੁੱਲ ਅਤੇ ਮੁਲਾਂਕਣ, ਸਾਹਿਤ ਸ਼ਾਸਤਰ, ਰੂਪਕੀ, ਪਾਰਗਾਮੀ, ਪਤਰਾਂਜਲੀ, ਖਾਮੋਸ਼ੀ ਦਾ ਜਜ਼ੀਰਾ, ਪਿਆਰ ਅਤੇ ਪਰਿਵਾਰ ਉਸ ਦੀਆਂ ਪ੍ਰਸਿੱਧ ਆਲੋਚਨਾ ਦੀਆਂ ਪੁਸਤਕਾਂ ਹਨ ਅਤੇ 'ਸਰਸਵਤੀ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ ਹੈ।

ਪੰਜਾਬੀ ਕਾਵਿ-ਖੇਤਰ ਵਿਚ ਸੁਹਜ-ਵਾਦੀ ਕਵੀ ਵਜੋਂ ਜਾਣੇ ਜਾਂਦੇ ਹਰਿਭਜਨ ਸਿੰਘ ਉੱਚ-ਕੋਟੀ ਦੇ ਸ਼ਾਇਰ ਹਨ ਜਿਹਨਾਂ ਨੇ ਪ੍ਰਗੀਤਕਤਾ ਨੂੰ ਆਪਣੇ ਕਾਵਿ ਦਾ ਆਧਾਰ ਤੱਤ ਬਣਾਇਆ ਹੈ। ਆਪ ਦੀ ਕਵਿਤਾ ਮਨੁੱਖੀ ਜੀਵਨ ਦੀਆਂ ਵਿਸੰਗਤੀਆਂ ਨੂੰ ਵਿਲੱਖਣ ਕਾਵਿਕ ਮੁਹਾਵਰੇ ਰਾਹੀਂ ਪੇਸ਼ ਕਰਦੀ ਹੈ। ਆਪ ਦੀ ਕਵਿਤਾ ਕਿਸੇ ਵਾਦ ਜਾਂ ਧਾਰਾ ਤੋਂ ਮੁਕਤ, ਸੁਤੰਤਰ ਹੋਕੇ ਵਿਚਰਦੀ ਹੈ ਜਿਸ ਵਿਚ ਸੁਹਜ, ਸਲੀਕਾ, ਪ੍ਰਗੀਤਕਤਾ ਆਦਿ ਕਾਵਿ-ਪੱਖ ਖੂਬਸੂਰਤੀ ਨਾਲ ਸਮੋਏ ਹੋਏ ਹਨ।

ਹਰਿਭਜਨ ਸਿੰਘ ਆਧੁਨਿਕ ਸੰਵੇਦਨਾ ਅਤੇ ਵਿਗਿਆਨਕ ਯੁਗ ਵਾਲਾ ਕਵੀ ਹੈ। ਸੁਹਜ ਸੰਵੇਦਨਾਵਾਂ ਨਾਲ ਭਰਪੂਰ ਪ੍ਰਗੀਤ ਰਚਨਾ ਦੇ ਨਾਲ ਨਾਲ ਉਸ ਨੇ ਚਿੰਤਨਸ਼ੀਲ ਢੰਗ ਦੀ ਕਾਵਿ ਰਚਨਾ ਕੀਤੀ ਹੈ। ਉਸ ਦੀ ਕਵਿਤਾ ਦੀ ਮੂਲ ਸੁਰ ਸਮਾਜਕ ਮਨਾਹੀ ਦੇ ਉਲੰਘਣ ਅਤੇ ਵਿਗੋਚੇ ਦੇ ਅਹਿਸਾਸ ਦੀ ਹੈ। ਹਰਿਭਜਨ ਸਿੰਘ ਵਿਅਕਤੀ ਨੂੰ ਸਮਾਜਕ ਅਤੇ ਸੱਤਾਮੂਲਕ ਦਬਾਵਾਂ ਤੋਂ ਮੁਕਤ ਵੇਖਣ ਦਾ ਅਭਿਲਾਸ਼ੀ ਹੈ। ਉਹ ਪਿਆਰ ਦੀ ਸੋਹਲ ਅਭਿਵਿਅੰਜਨਾ ਤੋਂ ਤੁਰ ਕੇ ਜੀਵਨ ਦੀ ਮੂਲ ਜਗਿਆਸਾ ਦੇ ਪ੍ਰਸ਼ਨਾਂ ਤਕ ਪਹੁੰਚਣ ਵਾਲਾ ਕਵੀ ਹੈ। ਉਸ ਅਨੁਸਾਰ ਜ਼ਿੰਦਗੀ ਆਪਣੇ ਆਪੇ ਤੂੰ ਦੂਰ ਹੁੰਦੇ ਹੋਏ ਜਾਣ ਦਾ ਨਾਮ ਹੈ। ਮਨੁੱਖ ਦੀ ਲਘੁਤਾ ਨੂੰ ਵਿਅੰਗ ਦ੍ਰਿਸ਼ਟੀ ਤੋਂ ਚਿਤਰਣ ਦੇ ਨਾਲ ਨਾਲ ਉਸ ਨੇ ਮਾਂ, ਧੀ ਤੇ ਕੁੜੀ ਦੀ ਡੂੰਘੀ ਮਾਨਸਿਕਤਾ ਤਕ ਪਹੁੰਚਣ ਵਾਲੀਆਂ ਕਵਿਤਾਵਾਂ ਲਿਖੀਆਂ ਹਨ। ਕਵਿਤਾ ਤੇ ਆਲੋਚਨਾ ਦੋਹਾਂ ਵਿਚ ਹਰਿਭਜਨ ਸਿੰਘ ਨੂੰ ਨਵੇਂ ਯੁੱਗ ਦਾ ਸਿਰਜਕ ਮੰਨਿਆ ਜਾਂਦਾ ਹੈ।

ਸ਼ਿਵ ਕੁਮਾਰ ਦੀ ਪੰਜਾਬੀ ਕਾਵਿ-ਸਾਹਿਤ ਨੂੰ ਦੇਣ

ਸ਼ਿਵ ਕੁਮਾਰ ਦੇ ਗੀਤ-ਕਾਵਿ ਦਾ ਵੱਖ-ਵੱਖ ਪੱਖਾਂ ਤੋਂ ਅਧਿਐਨ ਕਰਨ ਉਪਰੰਤ ਹੁਣ ਅਸੀ ਇਸ ਵਿਸ਼ੇ ਤੇ ਵਿਚਾਰ ਕਰਾਂਗੇ ਕਿ ਸ਼ਿਵ ਕੁਮਾਰ ਨੇ ਵਿਚਾਰ ਪੱਖੋਂ ਅਤੇ ਰੰਗ ਰੂਪ ਪੱਖੋਂ ਪੰਜਾਬੀ ਗੀਤ-ਕਾਵਿ ਵਿਚ ਕੀ ਨਵੀਨਤਾ ਲਿਆਂਦੀ ਤੇ ਇਸ ਵਿਚ ਕਿਹੜੀਆਂ ਨਵੀਆਂ ਧਾਰਨਾਵਾਂ ਪਾਈਆਂ। ਇਸ ਗੱਲ ਦਾ ਅਧਿਐਨ ਕਰਾਂਗੇ ਕਿ ਸ਼ਿਵ ਕੁਮਾਰ ਦੀ ਕਲਮ ਆਪਣੇ ਪਿੱਛੇ ਪੰਜਾਬੀ ਗੀਤ-ਸਾਹਿਤ ਲਈ ਕਿਹੜੀਆਂ ਪੈੜਾਂ ਛੱਡ ਗਈ ਹੈ ਜਿਨ੍ਹਾਂ ਉਪਰ ਚਲਣ ਦੀ ਉਸ ਦੇ ਸਮਕਾਲੀ ਹੁਣ ਤਕ ਕੋਸ਼ਿਸ਼ ਕਰਦੇ ਰਹੇ ਹਨ ਅਤੇ ਜਿਨ੍ਹਾਂ ਨੂੰ ਅਸੀਂ ਹੁਣ ਉਸਦੇ ਚਲੇ ਜਾਣ ਪਿੱਛੋਂ ਲੱਭਣ ਦੀ ਕੋਸ਼ਿਸ਼ ਕਰ ਰਹੇ ਹਾਂ।

ਸੋ ਅਸੀਂ ਇਹ ਦੇਖਣਾ ਹੈ ਕਿ ਸ਼ਿਵ ਨੇ 1960 ਤੋਂ 1973 ਤੱਕ ਪੰਜਾਬੀ ਗੀਤ ਦੇ ਵਿਕਾਸ ਵਿਚ ਕੀ ਹਿੱਸਾ ਪਾਇਆ ਹੈ ? ਕੀ ਉਹ ਆਪਣੇ ਸਮੇਂ ਦੀਆਂ ਪ੍ਰਚਲਿਤ ਧਾਰਾਵਾਂ ਦਾ ਹੀ ਪਿੱਛਲਗ ਰਿਹਾ ਜਾਂ ਇਹਨਾਂ ਪਰੰਪਰਾਗਤ ਧਾਰਨਾਵਾਂ ਤੋਂ ਹੱਟ ਕੇ ਪੰਜਾਬੀ ਗੀਤ ਨੂੰ ਕੋਈ ਨਵੀਂ ਸੇਧ ਦਿੱਤੀ। ਸ਼ਿਵ ਕੁਮਾਰ ਦੇ ਪੰਜਾਬੀ ਗੀਤ ਕਾਵਿ-ਜਗਤ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਦੇ ਪੰਜਾਬੀ ਗੀਤ ਦੀ ਵਿਸ਼ੇ ਤੇ ਕਲਾ ਪੱਖ ਤੋਂ ਰੂਪ ਰੇਖਾ ਨਿਰਧਾਰਿਤ ਕਰੀਏ।

ਵੈਸੇ ਤਾਂ ਗੀਤ ਆਦਿ ਕਾਲ ਤੋਂ ਹੀ ਰਚੇ ਜਾਂਦੇ ਰਹੇ ਹਨ ਪਰ ਆਧੁਨਿਕ ਪੰਜਾਬੀ ਗੀਤ ਭਾਈ ਵੀਰ ਸਿੰਘ ਤੋਂ ਲੈ ਕੇ ਅੰਮ੍ਰਿਤਾ-ਮੋਹਨ ਸਿੰਘ ਕਾਵਿ-ਧਾਰਾ ਤਕ ਪੰਜਾਬੀ ਗੀਤ 'ਸ਼ਿੰਗਾਰ ਰਸ' ਜਾਂ ਸਭਿਆਚਾਰਕ ਵਰਣਨ ਦੀਆਂ ਹੱਦਾਂ ਤੋਂ ਬਾਹਰ ਨਹੀਂ ਨਿਕਲ ਸਕਿਆ। ਅੰਮ੍ਰਿਤਾ ਪ੍ਰੀਤਮ ਅਤੇ ਮੋਹਨ ਸਿੰਘ ਨੇ ਭਾਵੇਂ ਆਪਣੇ ਗੀਤਾਂ ਵਿਚ ਨਿਜੀ ਪਿਆਰ ਦੇ ਬਿਰਹੇ ਨੂੰ ਗਾਇਆ

ਪਰੰਤੂ ਵਿਸ਼ਿਆਂ ਦੀ ਭਿੰਨਤਾ ਅਤੇ ਸਮਾਜਿਕ ਅੰਸ਼ ਕਾਰਣ 'ਬਿਰਹਾ ਦਾ ਵਿਸ਼ਾ' ਅੰਮ੍ਰਿਤਾ ਤੇ ਮੋਹਨ ਸਿੰਘ ਦੇ ਗੀਤਾਂ ਵਿਚ ਸਮੁੱਚਾ ਪ੍ਰਭਾਵ ਨਾ ਪਾ ਸਕਿਆ।

ਸ਼ਿਵ ਕੁਮਾਰ ਦੇ ਪੰਜਾਬੀ ਗੀਤ-ਸਹਿਤ ਵਿਚ ਪ੍ਰਵੇਸ਼ ਕਰਨ ਨਾਲ ਪੰਜਾਬੀ ਗੀਤ ਕਾਵਿ ਵਿਚ ਇਕ ਨਵਾਂ ਮੋੜ ਆਇਆ। ਸ਼ਿਵ ਕੁਮਾਰ ਨੇ ਪੰਜਾਬੀ ਗੀਤ ਵਿਚ ਸ਼ਿੰਗਾਰ ਰਸ ਦੀ ਥਾਂ 'ਬਿਰਹਾ' ਜਿਹੇ ਕਰੁਣਾ ਭਰਪੂਰ ਜਜ਼ਬੇ ਦਾ ਵਰਣਨ ਕੀਤਾ। ਉਸ ਦੇ ਗੀਤਾਂ ਵਿਚੋਂ ਬਿਰਹਾ ਦਾ ਅਕੱਥ ਵਰਣਨ, ਦੁੱਖਾਂ ਦਾ ਅਮੁਕ ਖ਼ਜ਼ਾਨਾ, ਹੰਝੂਆਂ ਦੇ ਦਰਿਆ ਅਤੇ ਪੀੜਾਂ ਦੇ ਬੋਹਲ ਛਾਤੀਆਂ ਮਾਰਦੇ ਨਜ਼ਰ ਪੈਂਦੇ ਹਨ। ਇਹੀ ਮੋੜ ਉਸਨੂੰ ਅਜ ਦੇ ਗੀਤਕਾਰਾਂ ਦੀ ਮੁਹਰਲੀ ਕਤਾਰ ਵਿਚ ਲਿਆ ਖੜ੍ਹਾ ਕਰਦਾ ਹੈ। ਸ਼ਿਵ ਕੁਮਾਰ ਤੋਂ ਪਹਿਲਾਂ ਭਾਈ ਵੀਰ ਸਿੰਘ ਨੇ ਅਧਿਆਤਮਿਕ ਗੀਤ ਲਿਖੇ, ਲਾਲਾ ਧਨੀ ਰਾਮ ਚਾਤ੍ਰਿਕ ਨੇ ਸਭਿਆਚਾਰਕ ਅਤੇ ਸਦਾਚਾਰਕ ਗੀਤ ਰਚੇ। ਬਾਬੂ ਫਿਰੋਜ਼ਦੀਨ ਸਰਫ਼ ਨੇ ਦੇਸ਼ ਪ੍ਰੇਮ ਸੰਸਕ੍ਰਿਤੀ ਦੇ ਪ੍ਰਮੁੱਖ ਗੀਤ ਰਚੇ। ਉਸ ਤੋਂ ਬਾਅਦ 1935 ਤੋਂ 1955 ਤੱਕ ਪੰਜਾਬੀ ਕਾਵਿ ਜਗਤ ਅੰਮ੍ਰਿਤ-ਮੋਹਨ ਸਿੰਘ ਕਾਵਿ-ਧਾਰਾ ਤੋਂ ਪ੍ਰਭਾਵਿਤ ਰਿਹਾ। ਇਸ ਧਾਰਾ ਦਾ ਪਿਆਰ ਵੇਦਨਾ ਤੋਂ ਬਹੁਤਾ ਜ਼ੋਰ ਸਮਾਜਿਕ ਅਤੇ ਸਮਾਜਵਾਦੀ ਵਿਸ਼ਿਆਂ ਤੇ ਰਿਹਾ।

ਮਨੁੱਖੀ ਜੀਵਨ ਵਿਚ ਕੇਵਲ ਸ਼ਿੰਗਾਰ ਰਸ ਜਾਂ ਸ਼ਾਂਤ ਰਸ ਹੀ ਕੰਮ ਨਹੀਂ ਆਉਂਦੇ। ਇਸ ਸੰਸਾਰ ਵਿਚ ਤਾਂ ਘਰ ਘਰ ਦੁੱਖਾਂ ਦੀ ਅੱਗ ਹੈ। ਫੇਰ ਇੱਥੇ ਏਨੀਆਂ ਖੁਸ਼ੀਆਂ ਕਿੱਥੇ ਕਿ ਹਰ ਵਕਤ ਸ਼ਿੰਗਾਰ ਰਸ ਦਾ ਹੀ ਆਨੰਦ ਮਾਣ ਸਕੀਏ। ਇਸ ਬੇਚੈਨ ਜੀਵਨ ਵਿਚ ਏਨੀ ਸ਼ਾਂਤੀ ਕਿੱਥੇ ਕਿ ਅਸੀਂ ਹਰ ਸਮੇਂ ਸ਼ਾਂਤ ਰਸ ਵਿਚ ਹੀ ਮਗਨ ਰਹੀਏ। ਦੂਸਰੇ ਵਿਸ਼ੇ ਜੋ ਸਾਡੇ ਗੀਤਾਂ ਵਿਚ ਹਨ ਜਿਵੇਂ ਸਮਾਜ ਸੁਧਾਰਕ ਜਾਂ ਸਦਾਚਾਰਕ ਉਹ ਵੀ ਵਕਤੀ ਵਿਸ਼ੇ ਹਨ ਜੋ ਦੇਸ਼ ਕੌਮ ਦੀਆਂ ਹੱਦ ਬੰਦੀਆਂ ਦੇ ਗੁਲਾਮ ਹਨ ਜੋ ਸਮੇਂ ਦੀ ਪਾਬੰਦੀ ਦੇ ਅਧੀਨ ਹਨ ਜਾਂ ਵਕਤੀ ਸਮਾਜਿਕ ਪ੍ਰਸਥਿਤੀਆਂ ਦੀ ਲਪੇਟ ਵਿਚ ਹਨ। ਹਰ ਦੇਸ਼ ਦੀ ਆਪਣੀ ਅਲਗ ਸਭਿਅਤਾ ਹੈ, ਅਲਗ ਰੀਤੀ ਰਿਵਾਜ ਹਨ। ਸੋ ਸਾਰੇ ਧਰਮਾਂ, ਸਾਰੇ ਦੇਸ਼ਾਂ ਦੀਆਂ ਸਦਾਚਾਰਕ ਕੀਮਤਾਂ ਸਮਾਨ ਨਹੀਂ ਹੋ ਸਕਦੀਆਂ ਅਤੇ ਇਹਨਾਂ ਵਿਸ਼ਿਆਂ ਨੂੰ ਸਦੀਵ ਕਾਲ ਵਿਸ਼ੇ ਵੀ ਨਹੀਂ ਕਿਹਾ ਜਾ ਸਕਦਾ। ਸਮਾਜਵਾਦ ਵੀ ਨਥਾਨ ਦੀ ਸੀਮਾ ਤੋਂ ਮੁਕਤ ਨਹੀਂ। ਅਜੇਹੇ ਮੁਲਕਾਂ ਵਿਚ ਜਿੱਥੇ ਸਮਾਜਵਾਦ ਆ ਚੁਕਿਆ ਹੈ ਉਹਨਾਂ ਲਈ ਅਜੇਹੇ ਵਿਸ਼ਿਆਂ ਦੀ ਕੋਈ ਅਹਿਮੀਅਤ ਨਹੀਂ।

ਸਮੁੱਚੀ ਮਨੁੱਖਤਾ ਨਾਲ ਸੰਬੰਧ ਰਖਣ ਵਾਲੇ ਵਿਸ਼ੇ ਹੀ ਦੇਸ਼ ਕਾਲ ਦੀਆਂ ਹੱਦਾਂ ਤੋਂ ਮੁਕਤ ਹੋ ਸਕਦੇ ਹਨ। ਸ਼ਿਵ ਕੁਮਾਰ ਦੇ ਵਿਸਿਆਂ ਵਿਚੋਂ 'ਬਿਰਹਾ' ਦਾ ਪ੍ਰਧਾਨ ਵਿਸ਼ਾ ਅਜਿਹਾ ਹੈ ਜੋ ਆਦਿ ਕਾਲ ਤੋਂ ਮਨੁੱਖੀ ਭਾਵਨਾਵਾਂ ਨਾਲ ਜੁੜਿਆ ਰਿਹਾ ਹੈ ਅਤੇ ਰਹਿੰਦੀ ਦੁਨੀਆਂ ਤਕ ਮਨੁੱਖੀ ਮਨ ਦੀਆਂ ਡੂੰਘੀਆਂ ਤਹਿਆਂ ਤਕ ਰਹੇਗਾ। 'ਬਿਰਹਾ' ਦਾ ਵਰਨਣ ਗੀਤਾਂ ਵਿਚ ਭਾਵੇਂ ਨਵਾਂ ਨਹੀਂ ਪਰੰਤੂ ਇਸ ਨਾਲ ਸ਼ਿਵ ਨੇ ਪੰਜਾਬੀ ਗੀਤ ਕਾਵਿ ਨੂੰ 'ਨਵੀਨਤਾ' ਪ੍ਰਦਾਨ ਕੀਤੀ। ਇਸ ਬਾਰੇ ਪੰਜਾਬੀ ਦੇ ਮਹਾਨ ਆਲੋਚਕ ਸੰਤ ਸਿੰਘ ਸੇਖੋਂ ਲਿਖਦੇ ਹਨ, "ਪੀੜਾਂ ਦਾ ਪਰਾਗਾ" ਉਤੇ ਵਿਚਾਰ ਕਰਦਿਆਂ ਮੈਂ ਆਖਿਆ ਸੀ ਕਿ ਸ਼ਿਵ ਪੀੜ ਅਤੇ ਕਲੇਸ਼ ਨੂੰ ਸ਼ੂਰੇ ਦੇ ਘਰ ਤਕ ਲੈ ਜਾਂਦਾ ਹੈ ਜਿਵੇਂ ਕੋਈ ਦੁਖੀਆ ਕਿਸੇ ਸਾਬਰ ਦੇ ਸਿਰ ਚੜ੍ਹ ਕੇ ਮਰਨ ਤਕ ਜਾਵੇ। ਕਲੇਸ਼ ਦੀ ਅੱਤਿਤਾ ਨੂੰ ਮੈਂ 'ਨਵੀਨਤਾ' ਕਿਹਾ ਸੀ।"

ਸ਼ਿਵ ਕੁਮਾਰ ਤੋਂ ਪਹਿਲੇ ਪੰਜਾਬੀ ਸਾਹਿਤ ਵਿਚ 'ਗ਼ਮ' ਤੇ 'ਬਿਰਹਾ' ਦੇ ਵਿਸ਼ੇ ਦੀ ਘਾਟ ਅਤੇ ਸ਼ਿਵ ਦੇ ਯੋਗਦਾਨ ਦਾ ਅੰਦਾਜ਼ਾ ਡਾ: ਜੀਤ ਸਿੰਘ ਸੀਤਲ ਦੇ ਇਸ ਕਥਨ ਤੋਂ ਲਗਾਇਆ ਜਾ ਸਕਦਾ ਹੈ :-

ਪੰਜਾਬੀ ਸਹਿਤ ਗ਼ਮ ਦੇ ਸ਼ਾਇਰ ਦੀ ਮੁੱਦਤ ਤੋਂ ਲੋੜ ਸੀ, ਸ਼ਿਵ ਨੇ ਉਹ ਥਾਂ ਪੂਰੀ ਕਰ ਲਈ ਹੈ।"3 ਭਾਵੇਂ 'ਦਰਦ', 'ਗ਼ਮ' ਜਿਹਾ ਸੂਖਮ ਵਿਸ਼ਾ ਪਹਿਲਾਂ ਵੀ ਸਾਡੇ ਗੀਤਕਾਰਾਂ ਵਿਚ

ਤੇ ਲੋਕ-ਗੀਤਾਂ ਵਿਚ ਵਿਦਮਾਨ ਸੀ ਪਰ ਸ਼ਿਵ ਤੋਂ ਪਹਿਲਾਂ ਕਿਸੇ ਵੀ ਗੀਤਕਾਰ ਨੇ 'ਦਰਦ' ਨੂੰ ਇੰਨੀ ਪਵਿੱਤਰਤਾ ਨਹੀਂ ਬਖਸ਼ੀ। 'ਪੀੜਾ' ਨੂੰ 'ਰੱਬ' ਦਾ ਦਰਜਾ ਦੇਣ ਦਾ ਹੌਸਲਾ ਨਹੀਂ ਕੀਤਾ। ਇਹ ਕੇਵਲ ਸ਼ਿਵ ਦੇ ਹੀ ਹਿੱਸੇ ਆਇਆ ਹੈ :-

"ਮੇਰੇ ਗੀਤ ਵੀ ਲੋਕ ਸੁਣੀਂਦੇ ਨੇ,
ਨਾਲੇ ਕਾਫ਼ਰ ਆਖ ਸਦੀਂਦੇ ਨੇ,
ਮੈਂ ਦਰਦ ਨੂੰ ਕਾਬ੍ਹਾ ਕਹਿ ਬੈਠਾ
ਰੱਬ ਨਾਂ ਰਖ ਲਿਆ, ਮੈਂ ਪੀੜਾਂ ਦਾ।
ਕੀ ਪੁੱਛਦੇ ਓ ਹਾਲ ਫ਼ਕੀਰਾਂ ਦਾ,
ਸਾਡਾ ਨਦੀਓਂ ਵਿਛੜੇ ਨੀਰਾਂ ਦਾ।"

ਉਸ ਦੇ ਜੀਵਨ ਦੇ ਯਥਾਰਥ ਭਾਵ ਬਿਰਹਾ ਅਤੇ ਦੁੱਖ ਦੀ ਅਨੰਤਤਾ ਨੂੰ ਪ੍ਰਗਟਾ ਕੇ ਇਹ ਸਿੱਧ ਕਰ ਵਿਖਾਇਆ ਕਿ ਸੁਹਜ ਸੁਆਦ ਕੇਵਲ 'ਸ਼ਿੰਗਾਰ ਰਸ ਪ੍ਰਧਾਨ ਵਿਸ਼ੇ' ਹੀ ਨਹੀਂ ਦੇ ਸਕਦੇ ਸਗੋਂ ਕਰੁਣਾ ਰਸ ਭਰਪੂਰ ਬਿਰਹਾ ਮਈ ਗੀਤ ਵਿਚ ਆਪਣੇ ਅੰਦਰ ਅਤੀ ਸੁਹਜ ਸੁਆਦ ਛੁਪਾਈ ਬੈਠੇ ਹਨ ਕਿਸੇ ਪਾਰਖੂ ਦਿਲ ਦੀ ਲੋੜ ਹੁੰਦੀ ਹੈ।

ਸ਼ਿਵ ਦੇ ਗੀਤ ਉਸ ਦੇ ਸਮਕਾਲੀ ਪ੍ਰਯੋਗਵਾਦੀਆਂ ਤੋਂ ਵੀ ਉਸ ਨੂੰ ਵਖਰਿਉਂਦੇ ਹਨ। ਜਿੱਥੇ ਪ੍ਰਯੋਗਵਾਦੀ ਗੀਤ, ਨੀਰਸ, ਸੁਹਜ, ਸੁਆਦ ਰਹਿਤ ਅਤੇ ਬੌਧਿਕਤਾ ਭਰਪੂਰ ਹਨ ਅਤੇ ਉਹ ਸਰੋਤਿਆ ਨੂੰ ਓਪਰੇ ਲਗਦੇ ਹਨ ਉਥੇ ਸ਼ਿਵ ਦੇ ਗੀਤਾਂ ਵਿਚ ਅਪਣਤ ਹੁੰਦੀ ਹੈ, ਅਥਾਹ ਰਸ ਹੁੰਦਾ ਹੈ, ਇਲਾਹੀ ਰਸ ਹੁੰਦਾ ਹੈ ਅਤੇ ਉਹ ਜਨਸਾਧਾਰਨ ਮਨੁੱਖੀ ਮਨੋਭਾਵਾਂ ਦੀ ਤਰਜਮਾਨੀ ਕਰਦੇ ਹਨ। ਗੁਰਦਿਆਲ ਸਿੰਘ ਅਨੁਸਾਰ "ਜਿੱਥੇ ਉਸ ਦੇ ਗੀਤ ਉਸ ਨੂੰ ਆਧੁਨਿਕ ਪ੍ਰਯੋਗਵਾਦੀਆਂ ਤੋਂ ਵਖਰਿਆਉਂਦੇ ਹਨ ਉਥੇ ਉਸ ਦੇ ਗੀਤਾਂ ਵਿਚ ਅਥਾਹ ਦਰਦ, ਗ਼ਮ ਤੇ ਬਿਰਹਾ ਵਿਗੁੱਤੀ ਪੀੜ ਉਸ ਨੂੰ ਪਿਛਲੇਰੇ ਸਮਕਾਲੀ ਕਵੀਆਂ ਤੇ ਗੀਤਕਾਰਾਂ ਤੋਂ ਵਿਭਿੰਨਤਾ ਵਿਸ਼ੇਸ਼ਤਾ ਪ੍ਰਦਾਨ ਕਰਦੇ ਹਨ।"

ਸ਼ਿਵ ਨੇ ਬਿਰਹਾ ਦੇ ਓਪਰੇ ਤੇ ਪੇਤਲੇ ਜੇਹੇ ਰੂਪ ਨੂੰ ਹੀ ਨਹੀਂ ਚਿਤਰਿਆਂ ਸਗੋਂ ਉਸ ਨੇ ਆਉਣ ਵਾਲੇ ਸਾਹਿਤਕਾਰਾਂ ਲਈ ਬਿਰਹਾ ਦਾ ਮੌਲਿਕ ਸੰਕਲਪ ਪੇਸ਼ ਕੀਤਾ ਹੈ। ਬਿਰਹਾ ਦਾ ਸ੍ਰਿਸ਼ਟੀ ਸਿਰਜਣ ਅਤੇ ਸੰਚਾਲਿਕ ਸ਼ਕਤੀ ਦੇ ਰੂਪ ਵਿਚ ਉਲੇਖ ਸ਼ਿਵ ਤੋਂ ਪਹਿਲਾਂ ਕਿਸੇ ਕਵੀ ਨੇ ਨਹੀਂ ਕੀਤਾ ਅਤੇ ਬਿਰਹਾ ਦਾ ਮਾਤਾ ਪਿਤਾ, ਪੁੱਤਰ, ਮਹਿਰਮ ਅਤੇ ਪੂਜਣ ਯੋਗ ਇਸ਼ਟ ਦੇ ਰੂਪ ਵਿਚ ਮਾਨਵੀਕਰਣ ਸ਼ਿਵ ਦੀ ਗੀਤ ਕਾਵਿ ਨੂੰ ਮਹਾਨ ਦੇਣ ਹੈ।

ਪੰਜਾਬੀ ਗੀਤ ਨੂੰ ਸ਼ਿਵ ਨੇ 'ਮੌਤ' ਦਾ ਮੌਲਿਕ ਤੇ ਵਿਲੱਖਣ ਸੰਕਲਪ ਦਿਤਾ ਹੈ। ਮੌਤ ਨੂੰ ਸਰੀਰਕ, ਮਾਨਸਿਕ, ਕਾਲਪਨਿਕ ਤੇ ਦਾਰਸ਼ਨਿਕ ਪੱਧਰ ਤੇ ਪ੍ਰਗਟਾ ਕੇ ਜਿੱਥੇ ਉਸ ਨੇ ਜੀਵਨ ਪ੍ਰਤੀ ਨਿਰਾਸਤਾ ਦਾ ਪ੍ਰਗਟਾਵਾ ਕੀਤਾ ਉੱਥੇ ਉਹ ਇਸ ਵਿਸ਼ੇ ਦਾ ਵੀ ਸ੍ਰੇਸ਼ਟ ਕਵੀ ਹੋ ਨਿਬੜਿਆ ਹੈ। ਡਾ: ਵਿਸ਼ਵਨਾਥ ਤਿਵਾੜੀ ਇਸ ਬਾਰੇ ਆਖਦੇ ਹਨ, "ਮੌਤ ਬਾਰੇ ਸ਼ਿਵ ਨੇ ਜਿੰਨਾ ਭਰਪੂਰ, ਪ੍ਰਭਾਵਸ਼ਾਲੀ ਤੇ ਲਗਾਤਾਰ ਲਿਖਿਆ ਹੈ ਸ਼ਾਇਦ ਪੰਜਾਬੀ ਦੇ ਕਿਸੇ ਸ਼ਾਇਰ ਨੇ ਨਹੀਂ ਲਿਖਿਆ। ਸ਼ਿਵ ਦੀ ਕਵਿਤਾ ਵਿਚ ਵਾਰਸ ਵਾਲੀ ਪੰਜਾਬੀਅਤ ਹੈ, ਹਾਸ਼ਮ ਵਾਲਾ 'ਬਿਰਹਾ' ਹੈ। ਬਾਣੀ ਵਾਲਾ ਸੰਗੀਤ ਹੈ ਪਰ ਪੰਜਾਬੀ ਦੇ ਸਮੁੱਚੇ ਇਤਿਹਾਸ ਵਿਚ ਸ਼ਿਵ ਜਿਹਾ ਮੌਤ ਦਾ ਸ਼ਾਇਰ ਕੋਈ ਨਹੀਂ।"[6]

ਮੌਤ ਪ੍ਰਤੀ ਉਸ ਦਾ ਸਨੇਹ ਭਰਪੂਰ ਦ੍ਰਿਸ਼ਟੀਕੋਣ ਇਸ ਪ੍ਰਕਾਰ ਹੈ, ਕਬਰਾਂ ਨਾਲ ਮੋਹ, ਸਿੱਕ ਅਤੇ ਉਡੀਕ ਦਾ ਰਿਸ਼ਤਾ ਕੇਵਲ ਸ਼ਿਵ ਹੀ ਗੰਢ ਸਕਿਆ ਹੈ :-

"ਸਿਖਰ ਦੁਪਹਿਰ ਸਿਰ ਤੇ, ਮੇਰਾ ਢੱਲ ਚਲਿਆ ਪਰਛਾਵਾਂ।
ਕਬਰਾਂ ਉਡੀਕਦੀਆਂ ਮੈਨੂੰ, ਜਿਵੇਂ ਪੁੱਤਰਾਂ ਨੂੰ ਮਾਵਾਂ।"[7]

ਇਹ ਹੀ ਨਹੀਂ ਕਿ ਗ਼ਮ, ਬਿਰਹਾ, ਨਿਰਾਸ਼ਾ ਅਤੇ ਮੌਤ ਜਾਂ ਕਰੁਣਾ ਵਿਸ਼ੇ ਹੀ ਸ਼ਿਵ ਦੀ ਪੰਜਾਬੀ ਸਾਹਿਤ ਨੂੰ ਦੇਣ ਹਨ ਸਗੋਂ ਉਹ ਆਪਣੇ ਸਮਕਾਲੀ ਸਮਾਜ ਪ੍ਰਤੀ ਵੀ ਪੂਰੀ ਤਰ੍ਹਾਂ ਚੇਤੰਨ ਹੈ। ਉਸ ਨੇ ਆਪਣੇ ਗੀਤਾਂ ਵਿਚ ਸਾਮਾਜਿਕ ਅਨਿਆਂ ਦਾ ਉਲੇਖ ਕੀਤਾ ਹੈ। ਪਰ ਉਹ ਕਿਤੇ ਵੀ ਪ੍ਰਚਾਰਕ ਬਣ ਕੇ ਸੁਹਜ ਸੁਆਦ ਦਾ ਗਲ ਨਹੀਂ ਘੁਟਦਾ। ਆਪਣੇ ਵਿਸ਼ੇ ਨੂੰ ਕਲਾ ਵਿਚ ਗੁੰਨ ਕੇ ਪੇਸ਼ ਕਰਦਾ ਹੈ ਜਿਸ ਦਾ ਸ੍ਰੋਤੇ ਉਪਰ ਦੂਣਾ ਅਸਰ ਹੁੰਦਾ ਹੈ :-

ਭੁੱਖੇ ਭਾਣੇ ਸੌਣ ਜਿੱਥੇ ਖੇਤਾਂ ਦੇ ਰਾਣੇ,
ਸੱਜਣਾਂ ਦੇ ਰੰਗ ਜਿਹੇ, ਕਣਕਾਂ ਦੇ ਦਾਣੇ,
ਜਿੱਥੇ ਦਮਾਂ ਵਾਲੇ ਲੈਂਦੇ ਨੇ ਲਕੋ,
ਨੀ ਉੱਥੇ ਮੇਰਾ ਯਾਰ ਵਸਦਾ।"[8]

ਇਹਨਾਂ ਵਿਚਾਰਾਂ ਨੂੰ ਪ੍ਰਗਟਾਉਣ ਲਈ ਸ਼ਿਵ ਨੇ ਲੰਮੀ ਗੀਤਆਤਮਕ ਕਵਿਤਾ 'ਸ਼ੀਸ਼ੋ' ਦੀ ਰਚਨਾ ਕੀਤੀ। ਗਰੀਬ ਮਜ਼ਲੂਮ 'ਸ਼ੀਸ਼ੋ' ਦੀ ਕਹਾਣੀ ਰਾਹੀਂ ਪੂੰਜੀਪਤੀ ਸਮਾਜ ਦਾ ਉਸ ਉਤੇ ਜ਼ੁਲਮ ਨੂੰ ਸਾਕਾਰ ਕਰਦਾ ਹੋਇਆ ਸ਼ਿਵ ਲਿਖਦਾ ਹੈ :-

"ਸ਼ਾਲਾ ਬਾਂਝ ਮਰੀਵਣ ਮਾਪੇ
ਛਿੱਡੋਂ ਭੁੱਖੇ ਭਾਣੇ,
ਉਸ ਘਰ ਜੰਮੇ ਨਾ ਕੋਈ ਸ਼ੀਸ਼ੋ,
ਜਿਸ ਘਰ ਹੋਣ ਨਾ ਦਾਣੇ।"[9]

ਅਤੇ ਇਸ ਨਿਜ਼ਾਮ ਨੂੰ ਜਿਸ ਵਿਚ ਜੀਵਨ ਤੋਂ ਮੌਤ ਵੀ ਮਹਿੰਗੀ ਲਗਦੀ ਹੈ। ਉਹ ਬੁਰੀ ਤਰ੍ਹਾਂ ਫਿਟਕਾਰਦਾ ਹੈ :-

"ਸ਼ਾਲਾ ਉਸ ਗਿਰਾਂ ਦੇ ਸਾਰੇ,
ਹੋ ਜਾਣ ਬੁਰਦ ਮੁਰੱਬੇ,
..................
ਜਿਸ ਗਿਰਾਂ ਵਿਚ ਜ਼ਿੰਦਗੀ ਨਾਲੋਂ
ਮੌਤ ਮਹਿੰਗੀ ਲੱਭੇ।"[10]

ਸਾਡੇ ਪੁਰਖ ਪ੍ਰਧਾਨ ਸਮਾਜ ਵਿਚ ਕੁਚਲੀ ਜਾ ਰਹੀ ਔਰਤ ਨੂੰ ਜੋ ਅਵਾਜ਼ ਸ਼ਿਵ ਨੇ ਆਪਣੇ ਗੀਤਾਂ ਵਿਚ ਦਿਤੀ ਹੈ ਉਹ ਹੋਰ ਕੋਈ ਨਹੀਂ ਦੇ ਸਕਿਆ। ਅੰਮ੍ਰਿਤਾ ਨੂੰ ਭਾਵੇਂ ਇਸਤਰੀ ਦੀ ਅਵਾਜ਼ ਕਿਹਾ ਜਾਂਦਾ ਹੈ, ਪਰ ਉਹ ਵੀ ਸ਼ਾਇਦ ਇੱਥੋਂ ਤਕ ਨਹੀਂ ਪਹੁੰਚ ਸਕੀ :-

"ਪਿਤਾ ਜੇ ਧੀ ਦਾ ਰੂਪ ਹੰਢਾਵੇ,
ਲੋਕਾ ਵੇ ਤੈਨੂੰ ਲਾਜ ਨਾ ਆਵੇ,
ਜੇ ਲੂਣਾ ਪੂਰਨ ਨੂੰ ਚਾਹਵੇ,

ਚਰਿਤਰਹੀਣ ਕਹੇ ਕਿਉਂ,
ਜੀਭ ਜਹਾਨ ਦੀ।"[11]

ਸੱਚਮੁੱਚ ਹੀ ਸ਼ਿਵ ਨੇ ਸਦੀਆਂ ਤੋਂ ਰਸਦੇ ਆ ਰਹੇ ਔਰਤ ਦੇ ਜ਼ਖ਼ਮ ਤੇ ਹਮਦਰਦੀ ਦੀਆਂ ਫੂਕਾਂ ਮਾਰੀਆਂ ਹਨ ਉਹ ਕੇਵਲ ਸ਼ਿਵ ਦੇ ਹੀ ਹਿੱਸੇ ਆਈਆਂ ਹਨ ਜਿਹਨਾਂ ਦਾ ਭਰਪੂਰ ਵਿਰਸਾ ਉਹ ਪੰਜਾਬੀ ਕਾਵਿ-ਸਾਹਿਤ ਲਈ ਛਡ ਗਿਆ ਹੈ :-

ਨਾਰੀ ਨਾਂ ਹੀ
ਅੰਧ ਵਿਸ਼ਵਾਸ ਦਾ ਹੈ,
ਨਾਰੀ ਸਦਾ ਅਨਿਆਂ 'ਚੋਂ ਜਨਮ ਲੈਂਦੀ,
ਨਾਰੀ ਨਾਮ
ਇਕ ਐਸੇ ਅਹਿਸਾਸ ਦਾ ਹੈ,
ਜਿਵੇਂ ਜ਼ਖ਼ਮ 'ਚ,
ਪੀੜ ਹੈ ਘੁਲੀ ਰਹਿੰਦੀ।12

ਪਰੰਪਰਾ ਨੂੰ ਤੋੜਨ ਅਤੇ ਉਸ ਦੀ ਥਾਂ ਨਵੀਆਂ ਲੀਹਾਂ ਪਾਉਣੀਆਂ ਅਤਿ-ਕਠਨ ਅਤੇ ਮਹਾਨਤਾ ਦਾ ਕੰਮ ਹੁੰਦਾ ਹੈ। ਸ਼ਿਵ ਕੁਮਾਰ ਨੇ 'ਲੂਣਾ' ਦੀ ਸਥਾਪਿਤ ਪਰੰਪਰਾ ਨੂੰ ਖ਼ਤਮ ਕਰਕੇ, ਉਪਰ ਲਗੇ ਕਲੰਕ ਨੂੰ ਜਿਸ ਤਰ੍ਹਾਂ ਧੋ ਕੇ ਉਸ ਨੂੰ ਨਵੇਂ ਅਰਥ ਪ੍ਰਦਾਨ ਕੀਤੇ ਹਨ ਉਸ ਦੀ ਮਹਾਨਤਾ ਨੂੰ ਸਦੀਵ ਕਾਲ ਤਕ ਯਾਦ ਕੀਤਾ ਜਾਵੇਗਾ ਅਤੇ ਉਸ ਦੀ ਪੰਜਾਬੀ ਸਾਹਿਤ ਨੂੰ ਇਸ ਅਣਮੁੱਲੀ ਦੇਣ ਦਾ ਹਮੇਸ਼ਾ ਸਤਿਕਾਰ ਕੀਤਾ ਜਾਵੇਗਾ। ਜਗਜੀਤ ਸਿੰਘ ਆਨੰਦ ਅਨੁਸਾਰ-

"ਪ੍ਰੀਤਾਂ ਪਰੁਚੇ ਆਪਣੇ ਹਿਜ਼ਰ ਨੂੰ ਸਮੁੱਚੀ ਲੁਕਾਈ ਦਾ ਹਿਜ਼ਰ ਬਣਾਉਣ ਵਿਚ ਵਾਰਿਸ਼ ਪਿੱਛੋਂ ਜੋ ਕਾਮਯਾਬੀ ਸ਼ਿਵ ਨੂੰ ਮਿਲੀ, ਹੋਰ ਕਿਸੇ ਪੰਜਾਬੀ ਸ਼ਾਇਰ ਨੂੰ ਨਹੀਂ ਮਿਲੀ। ਬੁਲ੍ਹੇ ਸ਼ਾਹ ਵਰਗਾ ਉਹ ਮਸਤ ਮਲੰਗ, ਪੂਰਣ ਸਿੰਘ ਵਰਗਾ ਅਲਬੇਲਾ, ਬਟਾਲੇ ਸ਼ਹਿਰ ਦਾ ਨਾਂ ਸ਼ਾਹ ਮਹੁੰਮਦ ਪਿੱਛੋਂ ਇਕੇਰਾਂ ਫੇਰ ਪੰਜਾਬੀ ਕਾਵਿ-ਜਗਤ ਵਿਚ ਉੱਚਾ ਕਰ ਗਿਆ। ਕਾਦਰਯਾਰ ਦੇ ਕਿੱਸੇ ਦੀ ਖਲਨਾਇਕ ਲੂਣਾਂ, ਨੂੰ ਉਸਦਾ ਮੁੱਲ ਚਿਰਾਂ ਤੀਕ ਨਹੀਂ ਚੁਕਾਇਆ ਜਾ ਸਕਦਾ।"13

'ਕਾਮ' ਦੇ ਇਸ ਵਿਸ਼ੇ ਦਾ ਸਰਵ ਭਰਪੂਰ ਵਰਣਨ ਵੀ ਸ਼ਿਵ ਕੁਮਾਰ ਦੀ ਪੰਜਾਬੀ ਕਾਵਿ ਸਾਹਿਤ ਨੂੰ ਅਦੁੱਤੀ ਦੇਣ ਹੈ। 'ਕਾਮ' ਦੀ ਮਹੱਤਤਾ ਅਤੇ ਇਸ ਦੀ ਉੱਚਤਾ ਬਾਰੇ ਸ਼ਿਵ ਲਿਖਦਾ ਹੈ, "ਕਾਮ ਪਿੰਡਿਆਂ ਤੋਂ ਉੱਪਰ ਉੱਠ, ਆਤਮਾ ਦੀ ਵੀ ਤ੍ਰਿਪਤੀ ਲੋਚਦਾ ਹੈ।...... ਮਨੁੱਖੀ ਕਾਮ ਸੁਹਜ-ਆਤਮਿਕ ਹੈ। ਮਨੁੱਖ ਨੇ ਇਹਨੂੰ ਏਨਾ ਸੁਹਜਮਈ ਤੇ ਇਹਦੇ ਏਨੇ ਰੂਪ ਬਣਾ ਲਏ ਹਨ ਕਿ ਇਹਦੀ ਹਰ ਛਿਨ ਦੀ ਲੋੜ ਬਣ ਗਿਆ ਹੈ। ਕਾਮ ਦੇ ਸਰੂਪ, ਉਸਦੀ ਪ੍ਰਕ੍ਰਿਤੀ ਅਤੇ ਪਰੰਪਰਾਗਤ ਸੰਕਲਪ ਨੂੰ ਸ਼ਿਵ ਨੇ ਵਿਗਆਨਕ ਪੱਖ ਤੋਂ ਚਿਤਰਿਆ ਹੈ। ਬਹੁਤ ਵਿਗਿਆਨਕ ਸਿਧਾਂਤਾਂ ਨੂੰ ਸ਼ਿਵ ਨੇ ਪਹਿਲੀ ਵੇਰ ਪੰਜਾਬੀ ਸਾਹਿਤ ਵਿਚ ਥਾਂ ਦਿਤੀ:-

"ਇਹ ਰੁੱਖ ਵੀ ਦੋਸਤਾ ਨੇ ਭੋਗ ਕਰਦੇ,
ਵੇ ਟਾਹਣੀ ਨਾਲ ਜਦ ਖਹਿੰਦੀ ਹੈ ਟਾਹਣੀ,
ਬਰਫ਼ ਸੰਗ ਧਰਫ ਜਦ ਹੈ ਭੋਗ ਕਰਦੀ,
ਤਾ ਨੀਲਮ ਜਨਮਦਾ ਹੈ ਮੇਰੇ ਹਾਣੀ।"

ਡਾ. ਜੀਤ ਸਿੰਘ ਸੀਤਲ ਅਨੁਸਾਰ :-

"ਸ਼ਿਵ ਪਹਿਲਾ ਪੰਜਾਬੀ ਕਵੀ ਹੈ, ਜਿਸ ਨੇ ਕੋਹੇ ਸੱਚ ਨੂੰ ਸ਼ਬਦਾਂ ਰਾਹੀਂ ਪ੍ਰਗਟਾਇਆ ਹੈ।"

ਸ਼ਿਵ ਕੁਮਾਰ ਨੇ ਆਪਣੇ ਗੀਤਾਂ ਵਿਚ ਕਈ ਥਾਵਾਂ ਤੇ ਹਿਸਾਬ ਜਹੇ ਨੀਰਸ ਵਿਸ਼ੇ ਨੂੰ ਵੀ ਥਾਂ ਦੇ ਕੇ ਆਪਣੀ ਮੌਲਿਕਤਾ ਦੀ ਮੋਹਰ ਲਾ ਦਿੱਤੀ ਹੈ :-

"ਲੱਪ ਕੁ ਹੰਝੂ ਮੁੱਠ ਕੁ ਪੀੜਾਂ,
ਹੋਵੇ ਪਿਆਰ ਦੀ ਪੂੰਜੀ ਵੇ।
ਜਿਉਂ ਜਿਉਂ ਕਰਾਂ ਉਮਰ ਚੋਂ ਮਨਫੀ,
ਤਿਉ ਤਿਉ ਵਧਦੀ ਜਾਏ ਵੇ।"

ਇਹ ਹੀ ਨਹੀਂ ਕਿ ਸ਼ਿਵ ਦੀ ਪੰਜਾਬੀ ਕਾਵਿ- ਸਾਹਿਤ ਨੂੰ ਦੇਣ ਕੇਵਲ ਵਿਸ਼ੇ ਪੱਖੋਂ ਹੀ ਹੈ, ਸਗੋਂ ਸ਼ਿਵ ਨੇ ਪੰਜਾਬੀ ਗੀਤ-ਕਾਵਿ ਨੂੰ ਬਿਰਹਾ ਦੇ ਰੰਗ ਵਿਚ ਰੰਗੀ, ਮੌਲਿਕ ਸ਼ੈਲੀ, ਨਵੇਂ ਰੂਪਕ ਤੇ ਅਲੰਕਾਰ, ਨਵੇਂ ਬਿੰਬ ਅਤੇ ਨਵੇਂ ਸਮਾਂਸਾਂ ਦਾ ਜੋ ਖਜਾਨਾ ਦਿੱਤਾ ਹੈ ਉਹ ਵੀ ਸ਼ਿਵ ਦੀ ਮਹਾਨ ਦੇਣ ਹੈ।

ਜੇਕਰ ਸ਼ਿਵ ਦੀ ਸਾਰੀ ਰਚਨਾ ਚੋਂ ਉਸ ਦੀਆਂ ਮੌਲਿਕ ਤੁਲਨਾਵਾਂ ਲੱਭਣੀਆਂ ਹੋਣ ਤਾਂ ਇਕ ਵੱਡਾ 'ਸ਼ਬਦ ਕੋਸ਼' ਤਿਆਰ ਹੋ ਸਕਦਾ ਹੈ। ਸ਼ਿਵ ਦੇ ਅਾਲੰਕਾਰਾਂ ਬਾਰੇ ਸੰਤ ਸਿੰਘ ਸੇਖੋਂ ਲਿਖਦੇ ਹਨ, "ਉਹ ਉਹਨਾਂ (ਆਲੰਕਾਰਾਂ) ਨੂੰ ਪੇਂਡੂ ਜੀਵਨ ਦੇ ਖੇਤਰ ਵਿਚੋਂ ਚੁਣ ਕੇ ਲਿਆਉਂਦਾ ਹੈ। ਉਹ ਰੂਪਕ ਤੇ ਤੁਲਨਾਵਾਂ ਜੋ ਪੇਂਡੂ ਜੀਵਨ ਦੀ ਪ੍ਰਕ੍ਰਿਤੀ ਵਿਚੋਂ ਅਸੀਂ ਭੁਲਦੇ ਜਾ ਰਹੇ ਸਾਂ।"

ਜਿਵੇਂ :-

ਟੁੱਕ ਚਲੇ ਬੇਰੀਆਂ ਵੇ,
ਗਾ-ਤੋਤੇ ਰੂਪ ਦੀਆਂ,
ਮਾਲੀਆ ਵੇ, ਆਣ ਕੇ ਉਡਾ[18]

ਜਾਂ

"ਰਾਤ ਜਿਵੇਂ ਕੋਈ ਕੁੜੀ ਝਿਉਰੀ,
ਪਾ ਬੱਦਲਾ ਦਾ ਪਾਟਾ ਝੱਗਾ।"[19]

ਸ਼ਿਵ ਨੇ ਪੇਂਡੂ ਪ੍ਰਕ੍ਰਿਤੀ ਨੂੰ ਪਰਾਸਰੀਰਕ ਮੰਡਲ ਵਿਚ ਪੇਸ਼ ਕਰ ਕੇ ਇਕ ਨਵੀਨ ਤੇ ਮੌਲਿਕ ਸ਼ੈਲੀ ਪੰਜਾਬੀ ਗੀਤ ਸਾਹਿਤ ਨੂੰ ਦਿੱਤੀ ਹੈ:-

"ਪਿੰਡ ਦੀਆਂ ਢੱਕੀਆਂ ਤੇ
ਲੱਕ ਲੱਕ ਉੱਗਿਆ ਵੇ,
ਪੀਲਾ ਪੀਲਾ ਕਿਰਨਾਂ ਦਾ ਘਾ।"[20]

ਜਾਂ

ਭੌਂ ਭੌਂ ਸੁਗੰਧੀਆਂ 'ਚ

ਥੰਨਾਂ ਫੇਹੇ ਚਾਨਣੀ ਦੇ,
ਤਾਂ ਵੀ ਸਾਡੀ ਪੀੜ ਨਾ ਸਵ੍ਹੇ।"[21]

ਸ਼ਿਵ ਦੇ ਪੰਜਾਬੀ ਗੀਤ-ਸ਼ੈਲੀ ਨੂੰ ਨਵੀਨ ਮੋੜ ਦੇਣ ਬਾਰੇ ਸੰਤ ਸਿੰਘ ਸੇਖੋਂ ਲਿਖਦੇ ਹਨ, "ਉਹ ਸਧਾਰਣ ਰੂਪਕ ਸਮਗਰੀ ਨੂੰ ਆਪਣੀ ਕਾਰੀਗਰੀ ਨਾਲ ਅਨੋਖੀ ਜੇਹੀ ਤੇ ਮਹਿੰਗੀ ਜਿਹੀ ਬਣਾ ਦਿੰਦਾ ਹੈ, ਜਿਵੇਂ ਕੋਈ ਸਧਾਰਣ ਕੱਪੜੇ ਉੱਤੇ ਮਹਿੰਗੇ ਮੁੱਲ ਦੀਆਂ ਬੂਟੀਆਂ ਪਾ ਦਿੰਦਾ ਹੈ ਤੇ ਇਕ ਤਾਂ ਪ੍ਰਭਾਵ ਸਾਡੀ ਕਾਵਿ ਸ਼ੈਲੀ ਵਿਚ ਚੋਖੀ ਨਵੀਨਤਾ ਵਾਲਾ ਬਣ ਜਾਂਦਾ ਹੈ।[22]

ਜਿਵੇਂ

"ਉਹ ਕਿਹੜੀ ਕੰਜਕ ਸੀ ਪੀੜ ਮੇਰੀ ਦੀ,
ਜਿਸਦੇ ਦੁਨੀਆਂ ਪੈਰ ਧੋਤੇ,
ਇਹ ਕਿਹੜੀ ਹਸਰਤ ਹੈ ਜਿਸ ਨੇ ਦਿਲ ਦੇ,
ਵੀਰਾਨ ਵਿਹੜੇ 'ਚ ਚੋਕ ਵਾਹਿਐ ?"[23]

ਸ਼ਿਵ ਕੁਮਾਰ ਦੀ ਪੰਜਾਬੀ ਕਾਵਿ-ਸਾਹਿਤ ਨੂੰ ਦੇਣ ਬਾਰੇ ਵਾਰਤਕ-ਸ਼ੈਲੀਕਾਰ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਕਥਨ ਨੂੰ ਦੁਹਰਾਇਆ ਜਾ ਸਕਦਾ ਹੈ:-

"ਏਨੀ ਛੋਟੀ ਉਮਰੇਂ ਉਸਨੇ ਪੰਜਾਬੀ ਕਵਿਤਾ ਨੂੰ ਕਿੰਨਾ ਕੁਝ ਦੇ ਦਿਤਾ। ਪੰਜਾਬੀ ਲੋਕਾਂ ਦੇ ਮਹਾਨ ਬੋਲੀ ਭੰਡਾਰ ਵਿਚ ਨਵੀਆਂ ਨਕੋਰ ਲੱਭਤਾਂ ਉਹਨਾਂ ਦੇ ਸੰਗੀਤ ਤੇ ਤਾਲ ਦਾ ਚਮਤਕਾਰ, ਪੰਜਾਬ ਦੀ ਧਰਤੀ, ਉਸ ਉਤੇ ਵਿਚਰਦੇ ਪਸ਼ੂ-ਪੰਖੇਰੂਆਂ ਦੀ ਢ੍ਰਿਲ਼ਕਾਰੀ, ਪੰਜਾਬੀ ਲੋਕਾਂ ਦੇ ਦਿਲਾਂ ਵਿਚ ਧੜਕਦੀਆਂ ਲੋਕ-ਗਥਾਵਾਂ ਦੀ ਲਵੇਰੀ ਵਿਆਖਿਆ, ਪੰਜਾਬ ਦੀ ਅਦੁੱਤੀ ਜੀਵਨ ਪ੍ਰਕਰਮਾਂ ਵਿਚੋਂ ਉਗਮੇਂ ਅਲੰਕਾਰ ਤੇ ਰੂਪਕ ਤੇ ਇਕ ਦਰਦ ਜਿਹੜਾ ਸਦੀਆਂ ਤੋਂ ਸਾਡੇ ਲੋਕਾਂ ਦੀਆਂ ਨਾੜਾਂ ਵਿਚ ਚੀਸਦਾ ਰਿਹਾ ਸੀ ਤੇ ਆਪਣੀ ਸੁਝਵਾਨ ਉਮਰ ਦੀ ਹਰ ਘੜੀ ਕਵੀ ਦੇ ਅੰਗ ਸੰਗ ਰਿਹਾ ਸੀ।"[24]

ਪੰਜਾਬੀ ਗੀਤ-ਕਾਵਿ ਨੂੰ ਸਰੋਦੀ ਗੀਤ ਵੀ ਸ਼ਿਵ ਕੁਮਾਰ ਨੇ ਜਿਸ ਨਵੀਨ ਢੰਗ ਵਿਚ ਦਿਤੇ ਹਨ ਉਹਨਾਂ ਦੀ ਦੇਣ ਨੂੰ ਵੀ ਠੁਕਰਾਇਆ ਨਹੀਂ ਜਾ ਸਕਦਾ। ਡਾ: ਪਿਆਰਾ ਸਿੰਘ ਅਨੁਸਾਰ, "ਇਹਨਾਂ ਗੀਤਾਂ ਵਿਚ ਸ਼ਿਵ ਦੀ ਰੁਮਾਂਟਿਕਤਾ, ਕਲਪਨਾ ਅਤੇ ਪੰਜਾਬੀਅਤ ਨਾਲ ਗਹਿਰੀ ਟੋਹ ਮਿਲਦੀ ਹੈ। ਇਹਨਾਂ ਵਿਚ ਮਨੁੱਖੀ ਮਨ ਦੀ ਵੇਦਨਾ ਨੂੰ ਬਿਆਨ ਕਰਨ ਲਗਿਆਂ ਅਸਲੋਂ ਘਰੇਲੂ ਬਿੰਬ, ਜਾਣੀਆਂ ਪਛਾਣੀਆਂ ਤਸਵੀਰਾਂ ਤੇ ਅਲੰਕਾਰ ਵਰਤੇ ਗਏ ਹਨ। ਕਵੀ ਦਾ ਹੱਸਾਸ ਮਨ ਥਾਂ ਥਾਂ ਨਾਜ਼ੁਕ ਖਿਆਲੀ ਪੈਦਾ ਕਰ ਸਕਿਆ ਹੈ।"[25] ਸਚਮੁੱਚ ਹੀ ਸ਼ਿਵ ਦੇ ਅਨੇਕਾਂ ਸਰੋਦੀ ਗੀਤ ਗੀਤ-ਕਲਾ ਦੇ ਅਦੁੱਤੀ ਨਮੂਨੇ ਹਨ :-

"ਇਕ ਮੇਰੀ ਅੱਖ ਕਾਸ਼ਨੀ,
ਦੂਜਾ ਰਾਤ ਦੇ ਉਨੀਂਦਰੇ ਨੇ ਮਾਰਿਆ,
ਨੀ ਸ਼ੀਸ਼ੇ ਨੂੰ ਤਰੇੜ ਪੈ ਗਈ,
ਵਾਲ ਵਾਹੁੰਦੀ ਨੇ ਧਿਆਨ ਜਦੋਂ ਮਾਰਿਆ।"[26]

ਸ਼ਿਵ ਕੁਮਾਰ ਦੀ ਅਤੀ ਮਹੱਤਵਪੂਰਣ ਦੇਣ ਇਹ ਹੈ ਕਿ ਉਸ ਨੇ ਪੰਜਾਬੀ ਗੀਤ-ਭੰਡਾਰ ਨੂੰ ਜੀਵਨ ਭਰਪੂਰ ਗੀਤ ਦਿਤੇ ਹਨ। ਉਸ ਦੇ ਗੀਤ ਜਿਊਂਦੇ ਹਨ, ਉਹ 'ਸਾਹਵਾਂ ਦਾ ਪਾਣੀ' ਪੀਂਦੇ

ਹਨ, ਹਿੱਜਰਾਂ ਦੇ ਪੱਕੇ ਟੁਕ ਖਾਂਦੇ ਹਨ, 'ਦਰਦਾਂ ਦੇ ਸੂਟੜੇ' ਚਰਦੇ ਹਨ, ਉਹਨਾਂ ਦੇ ਗਲਾਂ ਵਿਚ 'ਬਿਰਹੋਂ ਦੀਆਂ ਗਾਨੀਆਂ' ਹਨ, ਮੂੰਹਾਂ ਤੇ ਗ਼ਮਾਂ ਦੇ ਕਿੱਲ ਹਨ, ਅੱਧੀ ਅੱਧੀ ਰਾਤੀਂ ਉਠ ਮੋਇਆ ਮਿੱਤਰਾਂ ਨੂੰ ਰੋਂਦੇ ਹਨ, ਕਿਉਂਕਿ ਉਹਨਾਂ ਦੇ ਨੈਣਾਂ ਵਿਚ ਬਿਰਹੋਂ ਦੀ ਰੜਕ ਪੈਂਦੀ ਹੈ।

ਆਪਣੇ ਗੀਤਾਂ ਵਿਚ ਹੋਰ ਕਿਸੇ ਪੰਜਾਬੀ ਗੀਤਕਾਰ ਨੇ ਏਨੀ ਰੂਹ ਨਹੀਂ ਫੂਕੀ। ਸ਼ਿਵ ਦੀ ਵਿਲੱਖਣ ਸ਼ੈਲੀ ਦੀ ਮਹੱਤਤਾ ਦਰਸਾਉਂਦੇ ਹੋਏ ਡਾ: ਜੀਤ ਸਿੰਘ ਸੀਤਲ ਲਿਖਦੇ ਹਨ, "ਸ਼ਿਵ ਦੀ ਸ਼ੈਲੀ ਨੂੰ ਸ਼ਾਇਦ ਹੀ ਕੋਈ ਪਹੁੰਚ ਸਕੇ।"[27]

ਸ਼ਿਵ ਨੇ ਵਿਸ਼ੇ ਪੱਖੋਂ, ਸ਼ੈਲੀ ਪੱਖੋਂ, ਅਲੰਕਾਰ ਪੱਖੋਂ ਪੰਜਾਬੀ ਕਾਵਿ-ਸਾਹਿਤ ਵਿਚ ਵੱਡਮੁੱਲਾ ਯੋਗਦਾਨ ਦਿਤਾ ਹੈ।

------

ਵਿਸ਼ਾ-ਵਸਤੂ

# 27 ਜਨਵਰੀ ਕਹਾਣੀ ਦਾ ਵਿਸ਼ਾ-ਵਸਤੂ

ਇਸ ਕਹਾਣੀ ਦਾ ਬਿਰਤਾਂਤ ਤਾਂ ਭਾਵੇਂ 27 ਜਨਵਰੀ ਦੇ ਦਿਨ ਕਾਮਿਆਂ ਜਾਂ ਮਜ਼ਦੂਰਾਂ ਵੱਲੋਂ, ਇੱਕ ਦਿਨ ਪਹਿਲਾਂ ਹੋ ਚੁਕੇ ਸਮਾਗਮ ਪਿੱਛੋਂ ਹੋਈ ਟੁੱਟ-ਭੱਜ ਅਤੇ ਪਏ ਖਿਲਾਰੇ ਨੂੰ ਸਾਂਭਣ ਲਈ ਕੀਤੇ ਜਾਣ ਵਾਲੇ ਸਫਾਈ-ਯਤਨਾਂ ਨਾਲ ਸੰਬੰਧਤ ਹੈ ਪਰ ਅਸਲ ਵਿੱਚ ਇਹ 26 ਜਨਵਰੀ ਨੂੰ 'ਰਿਪਬਲਿਕ ਡੇ' ਵਜੋਂ ਹਰ ਸਾਲ ਮਨਾਏ ਜਾਂਦੇ ਜਸ਼ਨਾਂ ਬਾਰੇ ਇਕ ਆਲੋਚਨਾਤਮਕ ਟਿੱਪਣੀ ਹੈ। ਇਸ ਕਹਾਣੀ ਵਿੱਚ ਦੇਸ਼ ਉਤੇ ਰਾਜ ਕਰ ਰਹੀ ਹਾਕਮ-ਜਮਾਤ ਅਤੇ ਆਮ ਕਾਮਾ-ਸ਼੍ਰੇਣੀ ਦੇ ਅੰਤਰ-ਸੰਬੰਧਾਂ ਦੀ ਹਕੀਕਤ ਨੂੰ ਕਾਮਿਆਂ ਦੇ ਆਪਸੀ ਵਾਰਤਾਲਾਪਾਂ ਦੀ ਜੁਗਤ ਰਾਹੀਂ ਉਘਾੜਨ ਦੀ ਕੋਸ਼ਿਸ਼ ਕੀਤੀ ਹੈ। ਰਿਪਬਲਿਕ ਡੇ ਦੇ ਜਸ਼ਨਾ ਲਈ ਪੰਡਾਲ ਤਿਆਰ ਕਰਨ, ਸਫਾਈ ਅਤੇ ਹੋਰ ਸਾਜ ਸਜਾਵਟ ਕਰਨ ਵਾਲੀ ਇਹ ਕਾਮਾ ਧਿਰ 25 ਜਨਵਰੀ ਤੱਕ ਤਾਂ ਇਸ ਇਲਾਕੇ ਦੇ 'ਮਾਲਕ' ਸੀ ਪਰ 26 ਜਨਵਰੀ ਨੂੰ ਉਹਨਾਂ ਕੋਲੋਂ ਇਹ ਮਾਲਕੀ ਖੁੱਸ ਗਈ। ਉਹਨਾਂ ਨੂੰ ਕਿਸੇ ਨੇ ਸਮਾਗਮ ਦੇ ਨੇੜੇ ਫਟਕਨ ਵੀ ਨਾ ਦਿੱਤਾ। ਤੀਬਰ ਇੱਛਾ ਹੋਣ ਦੇ ਬਾਵਜੂਦ ਉਹ ਇਹਨਾਂ ਜਸ਼ਨਾਂ ਨੂੰ ਵੇਖ ਅਤੇ ਮਾਣ ਨਹੀਂ ਸਕੇ। 27 ਜਨਵਰੀ ਵਾਲੇ ਦਿਨ ਉਹ ਫਿਰ ਇਸ ਥਾਂ ਦੇ 'ਮਾਲਕ' ਹਨ। ਉਹ ਸਿਰਫ ਗੱਲਾਂ ਇਸ ਹੋ ਚੁੱਕੇ ਸਮਾਗਮ ਦੀ ਮਹੱਤਤਾ ਅਤੇ ਵਡਿਆਈ ਦਾ ਅਨੁਮਾਨ ਲਾ ਰਹੇ ਹਨ ਅਤੇ ਨਾਨੂੰ ਦੇ ਬੋਲਾਂ ਰਾਹੀ ਇਹਨਾਂ ਜਸ਼ਨਾਂ ਵਿੱਚ ਆਪਣੀ ਕਾਲਪਨਿਕ ਸ਼ਮੂਲੀਅਤ ਸਮਝਦੇ ਹੋਏ ਆਨੰਦ ਲੈ ਰਹੇ ਹਨ, ਪਰ ਉਹਨਾਂ ਦੇ ਧੁਰ ਅੰਦਰ ਆਪਣੀ ਇਸ੍ਹ ਹੀਣ-ਸਥਿਤੀ ਪ੍ਰਤੀ ਦੁੱਖ, ਭੀੜ ਅਤੇ ਰੰਜ ਦੇ ਭਾਵ ਵੀ ਹਨ। ਇਹਨਾਂ ਜਸ਼ਨਾਂ ਵਿੱਚ ਉਹਨਾਂ ਨੂੰ ਸ਼ਾਮਲ ਹੋਣ ਦੀ ਆਗਿਆ ਨਾ ਹੋਣ ਕਰਕੇ ਉਹਨਾਂ ਦੇ ਮਨ ਅੰਦਰ ਇੱਕ ਰੜਕ ਵੀ ਹੈ।

ਮੁੜ ਵਿਧਵਾ ਕਹਾਣੀ ਦਾ ਵਿਸ਼ਾ-ਵਸਤੂ -

ਇਸ ਕਹਾਣੀ ਵਿੱਚ ਅਜਨਬੀ ਨੌਜਵਾਨ ਆਪਣੇ ਰੇਲ ਦੇ ਸਫਰ ਦੌਰਾਨ ਕੇਵਲ ਕੁਝ ਸਮੇਂ ਲਈ ਵੀਹਾਂ ਕੁ ਸਾਲਾਂ ਦੀ ਵਿਧਵਾ ਮੁਟਿਆਰ ਨੂੰ ਮਿਲਦਾ ਹੈ। ਮੁਟਿਆਰ ਦੇ ਪਤੀ ਦੀ ਮੌਤ ਹੋਈ ਨੂੰ ਅਜੇ ਅੱਠ ਕੁ ਮਹੀਨੇ ਹੀ ਹੋਏ ਹਨ। ਜ਼ਾਹਿਰ ਹੈ ਕਿ ਉਹ ਦੁਖੀ ਅਤੇ ਉਦਾਸ ਹੈ ਪਰ ਉਸ ਅਜਨਬੀ ਨੌਜਵਾਨ ਵਲੋਂ ਉਸ ਵਿੱਚ ਦਿਖਾਈ ਜਾਂਦੀ ਉਚੇਰੀ ਦਿਲਚਸਪੀ ਕਾਰਨ ਉਸਦੇ ਜਵਾਨ ਜਜ਼ਬੇ ਟੁੰਬੇ ਜਾਂਦੇ ਹਨ ਅਤੇ ਉਹ ਦੋਵੇਂ ਇੱਕ ਦੂਜੇ ਵੱਲ ਆਕਰਸ਼ਿਤ ਹੁੰਦੇ ਹਨ। ਵਿਰੋਧੀ ਲਿੰਗ ਵਾਲੇ ਜਵਾਨ ਦਿਲਾਂ ਦੀ ਇੱਕ ਦੂਜੇ ਪ੍ਰਤੀ ਸ਼ਰੀਰਕ ਅਤੇ ਮਾਨਸਿਕ ਖਿੱਚ ਇੱਕ ਮਨੋਵਿਗਿਆਨਕ ਹਕੀਕਤ ਹੈ। ਪਰ ਸਾਡੇ ਸਮਾਜਕ ਅਤੇ ਸਦਾਚਾਰਕ ਵਿਧਾਨ ਮੁਤਾਬਕ ਵਿਧਵਾ ਮੁਟਿਆਰ

ਲਈ ਕਿਸੇ ਪਰਾਏ ਮਰਦ ਵਾਸਤੇ ਅਜਿਹਾ ਸਰੀਰਕ ਆਕਰਸ਼ਣ ਵਰਜਿਤ ਅਤੇ ਨਿੰਦਣਯੋਗ ਸਮਝਿਆ ਜਾਂਦਾ ਹੈ, ਪਰ ਲੇਖਕ ਅਜਿਹੀ ਵਰਜਨਾ ਤੋਂ ਪਾਰ ਜਾ ਕੇ ਵਿਧਵਾ ਮੁਟਿਆਰ ਦੇ ਉਸ ਨੌਜਵਾਨ ਨਾਲ ਅਲਪ-ਕਾਲੀ ਰਿਸ਼ਤੇ ਨੂੰ, ਬਗੈਰ ਕਿਸੇ ਨਿੰਦਾ ਭਾਵ ਦੇ, ਸਹਿਜ ਸਵੀਕ੍ਰਿਤੀ ਦਿੰਦਾ ਹੈ। ਲੇਖਕ ਉਸ ਨੌਜਵਾਨ ਅਤੇ ਵਿਧਵਾ ਕੁੜੀ ਦੇ ਮਨਾਂ ਅੰਦਰ ਪੈਦਾ ਹੋ ਰਹੇ ਮਨੋਭਾਵਾਂ ਨੂੰ ਕਿਸੇ ਸਮਾਜਕ, ਸਦਾਚਾਰਕ ਪੈਂਤੜੇ ਤੋਂ ਨਹੀਂ ਵੇਖਦਾ ਸਗੋਂ ਉਹਨਾਂ ਦੇ ਮਾਨਵੀ ਆਪੇ ਦੀ ਸੁਭਾਵਿਕ ਲੋੜ ਵਜੋਂ ਵਾਚਦਾ ਹੈ। ਉਹ ਉਹਨਾਂ ਦੇ ਇਸ ਆਪਸੀ ਖਿੱਚ ਵਾਲੇ ਵਿਹਾਰ ਨੂੰ ਕਿਸੇ ਪ੍ਰਕਾਰ ਦੀ ਸਾਧੂਵਾਦੀ ਨੈਤਿਕਤਾ ਨਾਲ ਜੋੜਨ ਦੀ ਬਜਾਇ ਮਨੁੱਖੀ ਮਨ ਦਾ ਤਰਲ ਅਤੇ ਸੁਭਾਵਕ ਮਾਨਵੀ ਵਿਹਾਰ ਵਜੋਂ ਗ੍ਰਹਿਣ ਕਰਦਾ ਹੈ। ਕਿਸੇ 'ਮੁੱਲਵਾਦੀ' ਦ੍ਰਿਸ਼ਟੀ ਤੋਂ ਉਸ ਲਈ ਉਹ ਦੋਵੇਂ ਪਾਤਰ ਨਾ ਚੰਗੇ ਹਨ ਤੇ ਨਾ ਹੀ ਬੁਰੇ। ਉਂਜ ਤਾਂ ਸਿਰਫ ਇਨਸਾਨ ਹਨ ਅਤੇ ਇਹ ਇਨਸਾਨੀ ਪਛਾਣ ਹੀ ਕਹਾਣੀ ਦੀ ਅਸਲੀ ਤਾਕਤ ਹੈ। ਲੇਖਕ ਦੀ ਦ੍ਰਿਸ਼ਟੀ ਵਿਚ ਭਰ ਜਵਾਨੀ ਵਿੱਚ ਵਿਧਵਾ ਹੋ ਜਾਣ ਅਤੇ ਚਿੱਟੇ ਕੱਪੜੇ ਪਹਿਨ ਲੈਣ ਨਾਲ ਮੁਟਿਆਰ ਅੰਦਰਲੇ ਰੰਗੀਨ ਜਜ਼ਬੇ ਅਸਲੋਂ ਹੀ ਮਰ-ਮੁੱਕ ਨਹੀਂ ਗਏ। ਸਿਖਰਲੀ ਜਵਾਨ ਉਮਰ ਦੀਆਂ ਆਪਣੀਆਂ ਸ਼ਰੀਰਕ ਅਤੇ ਮਾਨਸਿਕ ਲੋੜਾਂ ਹੁੰਦੀਆਂ ਹਨ। ਵਰਜਨਾ ਨਾਲ ਇਹਨਾਂ ਅਤ੍ਰਿਪਤ ਅਕਾਂਖਿਆਵਾਂ ਨੂੰ ਦਬਾਇਆ ਤਾਂ ਜਾ ਸਕਦਾ ਹੈ ਪਰ ਇਹਨਾਂ ਦੀ ਸਹਿਜ ਪੂਰਤੀ ਨੂੰ ਸ਼ਰੀਰਕ ਅਤੇ ਮਨੋਵਿਗਿਆਨਕ ਪੱਖੋਂ ਗੈਰ-ਵਾਜਬ ਨਹੀਂ ਠਹਿਰਾਇਆ ਜਾ ਸਕਦਾ। ਲੇਖਕ ਦੀ ਦ੍ਰਿਸ਼ਟੀ ਦੀ ਵਿਸ਼ੇਸ਼ਤਾ ਇੱਕ ਜਵਾਨ ਜਿਸਮ ਦੀ ਦੂਜੇ ਜਵਾਨ ਜਿਸਮ ਵੱਲ ਖਿੱਚ ਦੀ ਮਨੋਵਿਗਿਆਨਕ ਹਕੀਕਤ ਨੂੰ ਸਮਝਣ ਅਤੇ ਇਸ ਖਿੱਚ ਨੂੰ ਸਹਿਜ ਤੇ ਵਾਜਬ ਠਹਿਰਾਉਣ ਵਿੱਚ ਹੈ। ਔਰਤ ਲਈ ਮਰਦ ਦਾ ਅਤੇ ਮਰਦ ਲਈ ਔਰਤ ਦਾ ਸ਼ਰੀਰਕ ਅਤੇ ਮਾਨਸਿਕ ਸਾਥ ਅਨਿਵਾਰੀ ਹੈ। ਇਕ ਦੂਜੇ ਦੇ ਸਾਥ ਬਿਨਾਂ ਉਹ ਅਧੂਰੇ ਅਤੇ ਅਤ੍ਰਿਪਤ ਹਨ। ਵਿਧਵਾ ਮੁਟਿਆਰ ਦੀ ਮਾਂ ਵੀ ਦਸ ਸਾਲ ਪਹਿਲਾਂ, ਜਦੋਂ ਇਹ ਮੁਟਿਆਰ ਦਸ ਕੁ ਸਾਲ ਦੀ ਬਾਲੜੀ ਹੋਵੇਗੀ, ਵਿਧਵਾ ਹੋ ਗਈ ਸੀ। ਦੋਵੇਂ ਮਾਵਾਂ ਧੀਆਂ ਮਰਦ ਤੋਂ ਬਿਨਾਂ 'ਇੱਕਲੀਆਂ' ਮਹਿਸੂਸ ਕਰਦੀਆਂ ਹਨ।

### 'ਤ੍ਰਿਸ਼ਨਾ' ਕਹਾਣੀ ਦਾ ਵਿਸ਼ਾ-ਵਸਤੂ

'ਤ੍ਰਿਸ਼ਨਾ' ਨਾਂ ਦੀ ਕਹਾਣੀ ਵਿੱਚ ਅੱਜ ਦੇ ਬਹੁ-ਚਰਚਿਤ ਮੁੱਦੇ 'ਭਰੂਣ-ਹੱਤਿਆ' ਨੂੰ ਫੋਕਸ ਵਿੱਚ ਲਿਆਉਣ ਦੇ ਨਾਲ ਨਾਲ ਅਜੋਕੇ ਅਤਿ-ਆਧੁਨਿਕ ਆਖੇ ਜਾਣ ਵਾਲੇ ਸਮਾਜ ਵਿੱਚ ਵੀ ਮਰਦ ਦੀ ਧੌਂਸ ਅਤੇ ਸਰਦਾਰੀ ਦੇ ਹਵਾਲੇ ਨਾਲ ਔਰਤ ਦੀ ਹੀਣ ਅਤੇ ਵਸਤੂ-ਹੋਂਦ ਦਾ ਬਿਰਤਾਂਤ ਸਿਰਜਿਆ ਗਿਆ। ਆਖਣ ਵੇਖਣ ਨੂੰ ਅਸੀਂ ਇੱਕਵੀਂ ਸਦੀ ਵਿੱਚ ਪ੍ਰਵੇਸ਼ ਕਰ ਗਏ ਹਾਂ। ਔਰਤਾਂ ਦੀ ਤਰੱਕੀ ਅਤੇ ਆਜ਼ਾਦੀ ਦੀ ਮੁਹਾਰਨੀ ਵੀ ਰਟੀ ਜਾ ਰਹੇ ਹਾਂ। ਇਸ ਵਿੱਚ ਅੰਸ਼ਿਕ ਸਚਾਈ ਵੀ ਹੈ। ਕਹਾਣੀ ਦੀ ਮੁੱਖ ਪਾਤਰ ਰਜਨੀ ਪੜ੍ਹੀ ਲਿਖੀ ਹੈ ਅਤੇ ਆਪਣੀ ਮਰਜ਼ੀ ਦੇ ਵਰ ਨੂੰ ਪ੍ਰਾਪਤ ਕਰਨ ਦੀ ਉਸਨੇ ਆਜ਼ਾਦੀ ਵੀ ਹਾਸਲ ਕਰ ਲਈ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਬੱਚਾ ਪੈਦਾ ਕਰਨ ਅਤੇ ਮਾਂ ਬਣਨ ਦੇ ਉਸਦੀ ਜ਼ਿੰਦਗੀ ਦੇ ਸਭ ਤੋਂ ਮੱਹਤਵਪੂਰਨ ਫੈਸਲੇ ਦਾ ਅਧਿਕਾਰ ਉਸਦੇ ਕੋਲ ਨਹੀਂ। ਉਸਦਾ ਪ੍ਰੇਮੀ ਪਤੀ ਪਰਫੂਲ ਹੀ ਅਸਲੀ 'ਮੈਜਿਸਟ੍ਰੇਟ' ਹੈ ਜੋ ਰਜਨੀ ਦੀ ਮਾਂ ਬਣਨ ਦੀ 'ਫਰਿਆਦ' ਨੂੰ ਸੁਣਨ ਤੋਂ ਇਨਕਾਰੀ ਹੈ ਅਤੇ ਕੇਵਲ 'ਨਰ-ਬੱਚੇ' ਦੀ ਪਰਬਲ ਚਾਹਤ ਅਧੀਨ ਆਪਣੀ ਹੋਣ ਵਾਲੀ ਬੱਚੀ ਨੂੰ ਕੁੱਖ ਵਿੱਚ ਕਤਲ ਕੀਤੇ ਜਾਣ ਦਾ 'ਫੈਸਲਾ' ਸੁਣਾਉਂਦਾ ਹੈ। ਮੁਹੱਬਤ ਦੇ ਜਜ਼ਬੇ ਵਿੱਚ ਭਿਜੇ ਹੋਏ ਔਰਤ ਮਰਦ ਵਿੱਚ ਭਾਵੇਂ ਬਰਾਬਰੀ ਅਤੇ ਇੱਕ ਦੂਜੇ ਦੀ ਇੱਛਾ ਦਾ ਸਤਿਕਾਰ ਕਰਨ ਦੀ ਭਾਵਨਾ ਦੇ ਹੋਣ ਦੀ ਆਸ ਕੀਤੀ ਜਾ ਸਕਦੀ ਹੈ ਪਰ ਇੱਥੇ ਇਹ ਵੇਖਿਆ ਗਿਆ ਹੈ ਕਿ ਮਰਦ ਔਰਤ ਦੀ ਮੁਹੱਬਤ ਨੂੰ ਵੀ ਆਪਣੇ ਹਿਤਾਂ ਲਈ ਵਰਤ ਜਾਂਦਾ ਹੈ। 'ਭਾਵੁਕ-ਸ਼ੋਸ਼ਣ' ਦਾ ਸ਼ਿਕਾਰ ਰਜਨੀ ਪਰਫੂਲ ਦੀ ਮੁਹੱਬਤ ਦੇ ਹੁੰਗਾਰੇ ਵਜੋਂ ਹੀ ਆਪਣੇ ਘਰ ਪੈਦਾ ਹੋਣ ਵਾਲੀ

ਬੱਚੀ ਨੂੰ ਨਾ ਚਾਹੁੰਦੇ ਹੋਇਆਂ ਵੀ ਗਰਭਪਾਤ ਰਾਹੀਂ ਖਤਮ ਕਰ ਲੈਂਦੀ ਹੈ ਅਤੇ ਜ਼ਿੰਦਗੀ ਭਰ ਲਈ ਬਾਂਝ ਹੋ ਜਾਂਦੀ ਹੈ। ਗਰਭਪਾਤ ਦਾ ਇਹ ਗੁਨਾਹ ਅਤੇ ਅਣਜੰਮੀ ਬੱਚੀ ਲਈ ਅੰਦਰੇ ਪਿਆ ਰਹਿ ਗਿਆ ਮਮਤਾ ਦਾ ਅਤ੍ਰਿਪਤ ਜਜ਼ਬਾ ਉਸਦੇ ਲਈ ਉਮਰ ਭਰ ਲਈ ਸੰਤਾਪ, ਪੀੜਾ ਅਤੇ ਪਛਤਾਵੇ ਦਾ ਕਾਰਨ ਬਣ ਜਾਂਦੀ ਹੈ। ਉਹ ਨਾ ਚਾਹੁੰਦੇ ਹੋਇਆਂ ਵੀ 'ਪਤੀ ਦੀ ਖੁਸ਼ੀ ਲਈ' ਇਹ ਗੁਨਾਹ ਕਰ ਬੈਠਦੀ ਹੈ।

'ਮਰਦ' ਪਰਫੁੱਲ ਰਜਨੀ ਦਾ ਪ੍ਰੇਮੀ ਪਤੀ ਹੋਣ ਦੇ ਬਾਵਜੂਦ ਉਸ ਅੰਦਰਲੇ ਜ਼ਖਮੀ ਜਜ਼ਬਿਆਂ ਦੇ ਉਮੜਦੇ ਤੂਫਾਨ ਨੂੰ ਸਮਝਣ ਤੋਂ ਅਸਮਰਥ ਹੈ। ਗਰਭਪਾਤ ਕਰਵਾ ਕੇ ਆਪਣੀ ਪਤਨੀ ਦੀ ਜ਼ਖਮੀ ਮਾਨਸਿਕਤਾ ਨੂੰ ਸਮਝਣ ਤੋਂ ਅਸਮਰਥ ਅਤੇ ਉਸਨੂੰ ਧੀਰਜ ਦੇਣ ਦੀ ਲੋੜ ਨੂੰ ਅਸਲੋਂ ਅਣਗੌਲਿਆਂ ਕਰਕੇ ਕਲੱਬ ਚਲੇ ਜਾਣ ਵਾਲਾ ਪਰਫੁੱਲ ਪੱਥਰਾਏ ਜਜ਼ਬਿਆਂ ਵਾਲਾ ਵਿਅਕਤੀ ਲੱਗਦਾ ਹੈ। ਰਜਨੀ ਲਈ ਆਪਣੀ ਹੋਣ ਵਾਲੀ ਧੀ ਨੂੰ ਕੁੱਖ ਵਿੱਚ ਹੀ ਕਤਲ ਕਰਵਾ ਆਉਣਾ ਜਿੱਥੇ ਉਸਦੀ ਜ਼ਿੰਦਗੀ ਦੀ ਸਭ ਤੋਂ ਮਹੱਤਵਪੂਰਨ ਅਤੇ ਦੁਖਦਾਇਕ ਘਟਨਾ ਹੈ ਉੱਥੇ ਪਰਫੁੱਲ ਵਾਸਤੇ ਇਹ ਬਿਲਕੁਲ ਇੱਕ ਸਾਧਾਰਨ ਗੱਲ ਲੱਗਦੀ ਨਜ਼ਰ ਆਉਂਦੀ ਹੈ। ਦੁੱਗਲ ਨੇ ਇਕ 'ਮਰਦ' ਲੇਖਕ ਹੋਣ ਦੇ ਬਾਵਜੂਦ ਔਰਤ ਮਨ ਦੀ ਸੰਵੇਦਨਾ ਨੂੰ ਬੜੀ ਬਾਰੀਕੀ ਨਾਲ ਸਮਝਿਆ ਅਤੇ ਪੇਸ਼ ਕੀਤਾ ਹੈ।

'ਪਠਾਣ ਦੀ ਧੀ' ਕਹਾਣੀ ਦਾ ਵਿਸ਼ਾ ਵਸਤੂ :

ਸੁਜਾਨ ਸਿੰਘ ਆਪਣੀਆਂ ਕਹਾਣੀਆਂ ਵਿੱਚ ਆਰਥਿਕ ਥੁੜਾਂ ਦੇ ਮਾਰੇ, ਨਿਮਨ ਵਰਗ ਦੇ ਲੋਕਾਂ ਦੇ ਜੀਵਨ ਦਾ ਗਲਪ-ਬਿੰਬ ਪੇਸ਼ ਕਰਨ ਲਈ ਪ੍ਰਸਿੱਧ ਹੈ। 'ਪਠਾਣ ਦੀ ਧੀ' ਕਹਾਣੀ ਵਿੱਚ ਜ਼ਮਾਂਦਾਰ ਦਾ ਪਰਿਵਾਰ ਵੀ ਭਾਵੇਂ ਆਰਥਿਕ ਤੰਗੀ ਦਾ ਸ਼ਿਕਾਰ ਹੈ ਪਰ ਲੇਖਕ ਉਸ ਪਰਿਵਾਰ ਦੀ ਗਰੀਬੀ ਦੇ ਬਾਹਰਲੇ ਜੀਵਨ ਵੇਰਵਿਆਂ ਦੇ ਬਿਆਨ ਤੋਂ ਪਰੇ ਜਾ ਕੇ ਇੱਕ ਮਨੋਵਿਗਿਆਨ ਦੀ ਬਾਰੀਕ ਨਜ਼ਰ ਨਾਲ ਗਫੂਰ ਪਠਾਣ ਅਤੇ ਛੋਟੀ ਬੱਚੀ ਦੀ ਸਥਿਤੀ ਅਤੇ ਮਾਨਸਿਕਤਾ ਨੂੰ ਸਮਝਣ ਅਤੇ ਪੇਸ਼ ਕਰ ਸਕਣ ਵਿੱਚ ਸਫਲ ਹੋਇਆ ਹੈ।

ਜ਼ਰੂਰੀ ਨਹੀਂ ਜੋ ਦਿਸਦਾ ਹੈ, ਉਹੋ ਹੀ ਸੱਚ ਹੋਵੇ। ਕਈ ਵਾਰ ਸੱਚ ਦਿਸਦੇ ਦੇ ਉਹਲੇ ਵਿੱਚ ਲੁਕਿਆ ਹੁੰਦਾ ਹੈ। ਚੰਗੇ ਸਾਹਿਤ ਵਾਂਗ ਇਹ ਰਚਨਾ ਵੀ ਦਿੱਖ ਅਤੇ ਤੱਤ ਦੇ ਇਸ ਭੇਦ ਨੂੰ ਉਜਾਗਰ ਕਰਦੀ ਹੈ। ਆਮ ਪਠਾਣਾਂ ਵਾਂਗ ਗਫੂਰ ਪਠਾਣ ਨੂੰ ਵੀ ਇਸ ਕਹਾਣੀ ਵਿੱਚ ਬੱਚੇ ਚੁੱਕਣ ਵਾਲਾ, ਵੱਧ ਵਿਆਜ ਲੈਣ ਵਾਲਾ ਸਖਤ-ਸੁਭਾਅ ਵਿਅਕਤੀ ਸਮਝਿਆ ਜਾਂਦਾ ਹੈ। ਪੰਜਾਬੀ ਪਰਿਵਾਰ ਨੂੰ ਛੱਡ ਬਾਕੀ ਪ੍ਰਾਂਤਾਂ ਦੇ ਤਾਂ ਵੱਡੀ ਉਮਰ ਦੇ ਮਜ਼ਦੂਰ ਵੀ ਗਫੂਰ ਕੋਲੋਂ ਡਰਦੇ ਹਨ। ਛੋਟੀ ਬੱਚੀ ਦੇ ਮਾਪਿਆਂ, ਲਾਂਢੀ ਦੇ ਹੋਰ ਲੋਕਾਂ ਅਤੇ ਪੁਲਿਸ ਵਾਸਤੇ ਕਹਾਣੀ ਦੇ ਅਖੀਰ ਤੱਕ ਗਫੂਰ ਉਸ ਤਰ੍ਹਾਂ ਦਾ ਹੀ ਹੈ ਜਿਸ ਤਰ੍ਹਾਂ ਦਾ ਉਸਨੂੰ ਉਸਦੀ ਬਾਹਰੀ ਦਿੱਖ ਤੋਂ ਕਲਪਿਆ ਗਿਆ ਹੈ। ਪਰ ਇੱਕ ਪਾਠਕ ਨੂੰ ਗਫੂਰ ਕਰੜੀ-ਦਿੱਖ ਦੇ ਉਹਲੇ ਵਿੱਚ ਲੁਕੇ ਹੋਏ ਇਕ ਨਿਹਾਇਤ ਸੰਵੇਦਨਸ਼ੀਲ ਵਿਅਕਤੀ ਵਜੋਂ ਦਿਸਣ ਲੱਗ ਪੈਂਦਾ ਹੈ। ਕਹਾਣੀ ਦੇ ਪਾਤਰਾਂ ਲਈ ਉਹ ਨਫਰਤ ਅਤੇ ਗੁੱਸੇ ਦਾ ਪਾਤਰ ਹੈ ਪਰ ਪਾਠਕ ਲਈ ਪਿਆਰ ਅਤੇ ਹਮਦਰਦੀ ਦਾ। ਬਿਨਾਂ ਸੂਦ ਤੋਂ ਜ਼ਮਾਦਾਰ ਦੀ ਸਹਾਇਤਾ ਕਰਕੇ ਉਹ ਆਪਣੇ ਸੂਦ-ਖੋਰ ਹੋਣ ਦੇ ਬਿੰਬ ਨੂੰ ਤੋੜ ਦਿੰਦਾ ਹੈ ਉਸਦਾ ਇਹ ਵਿਹਾਰ ਉਸਨੂੰ 'ਅੰਦਰਲੀ ਨਜ਼ਰ' ਨਾਲ ਵੇਖੇ ਜਾਣ ਦੀ ਮੰਗ ਕਰਦਾ ਹੈ। ਗਫੂਰ ਹੋਰਨਾਂ ਵੱਲੋਂ ਆਪਣੀ ਸੰਵੇਦਨਸ਼ੀਲ ਇਨਸਾਨੀ-ਪਛਾਣ ਨੂੰ ਸਵੀਕਾਰੇ ਜਾਣ ਦਾ ਅਭਿਲਾਸ਼ੀ ਹੈ। ਅਜ਼ਮੇਰ ਤੇ ਵੀਰੋ ਉਸਨੂੰ ਇਸੇ ਕਰਕੇ ਪਿਆਰੇ ਲੱਗਦੇ ਹਨ ਕਿਉਂਕਿ ਉਹ ਉਸ ਕੋਲੋਂ ਹੋਰਨਾਂ ਵਾਂਗ ਡਰਦੇ ਨਹੀਂ ਅਤੇ ਉਸਦੀ ਖਲਨਾਇਕ ਵਾਲੀ ਪਛਾਣ ਦੀ ਥਾਂ ਉਸਦੀ ਇਨਸਾਨੀ ਪਛਾਣ ਨੂੰ ਹੁੰਗਾਰਾ ਭਰਦੇ ਹਨ। ਅਜ਼ਮੇਰ ਅਤੇ ਵੀਰੋ ਨੂੰ, ਜਦੋਂ ਤੇਜੋ, ਗੁੱਸੇ ਨਾਲ ਗਫੂਰ ਕੋਲੋਂ ਆਪਣੇ ਘਰ ਲੈਕੇ ਜਾਂਦੀ ਹੈ ਤਾਂ ਗਫੂਰ ਵਲੋਂ ਆਪਣੀ ਲਾਂਢੀ ਵਿਚ ਵੜ ਕੇ ਟੁੱਟੇ ਸ਼ੀਸ਼ੇ

ਵਿਚ ਆਪਣਾ ਮੂੰਹ ਵੇਖਣਾ ਅਤੇ ਆਪਣੀ ਬਾਹਰੀ ਇਨਸਾਨੀ ਦਿੱਖ ਦੀ ਸ਼ਕੀ ਹੋਂਦ ਵਲ ਸੰਕੇਤ ਹੈ। ਸ਼ਾਇਦ ਉਸਨੂੰ ਗਿਲਾ ਹੈ ਕਿ ਉਹਦੇ ਮੁਹਾਬਤ ਕਰਨ ਵਾਲੇ ਦਰਦਮੰਦ ਦਿਲ ਦੇ ਨਕਸ਼ ਉਸਦੇ ਚਿਹਰੇ ਤੇ ਦਿਸਦੇ ਨਕਸ਼ਾਂ ਵਿਚੋਂ ਨਜ਼ਰ ਕਿਉਂ ਨਹੀਂ ਆਉਂਦੇ? ਉਸ ਵਲੋਂ.ਰੋਟੀ ਖਾਧੇ ਤੋਂ ਬਿਨਾਂ ਸੌਂ ਜਾਣਾ ਉਸਦੀ ਇਨਸਾਨੀ ਪਛਾਣ ਦੇ ਅਣਗੌਲੇ ਰਹਿ ਜਾਣ ਵਿਚੋਂ ਉਪਜੀ ਉਦਾਸੀ ਦੀ ਨਿਸ਼ਾਨੀ ਹੈ।

ਲੇਖਕ ਦੀ ਕਲਾਕਾਰੀ ਇਸ ਗੱਲ ਵਿੱਚ ਹੈ ਕਿ ਉਸਨੇ ਇਸ ਕਹਾਣੀ ਵਿੱਚ 'ਜ਼ਾਲਮ' ਅਤੇ 'ਮਜ਼ਲੂਮ' ਦੇ ਅਰਥ ਉਲਟਾ ਦਿਤੇ ਹਨ। ਬਾਹਰੋਂ 'ਜ਼ਾਲਮ' ਦਿਸਣ ਵਾਲਾ ਗਫ਼ੂਰ ਤਾਂ ਏਨੇ ਦਰਦਮੰਦ ਦਿਲ ਵਾਲਾ ਹੈ ਕਿ ਜਦੋਂ ਉਸਨੂੰ ਤੇਜੋ, ਅਜਮੇਰ ਅਤੇ ਵੀਰੋ ਛੋਟੀ ਕੁੜੀ ਨੂੰ ਮਾਰਦੇ ਅਤੇ ਉਸ ਨਾਲ ਵਧੀਕੀ ਕਰਦੇ ਨਜ਼ਰ ਆਉਂਦੇ ਹਨ ਤਾਂ ਉਹ ਸਾਰੇ ਉਸਨੂੰ 'ਜ਼ਾਲਮ' ਲਗਣ ਲਗ ਪੈਂਦੇ ਹਨ। ਕੁੜੀ ਦੀ ਤਰਸਯੋਗ ਹਾਲਤ ਵੇਖ ਕੇ ਗਫ਼ੂਰ ਦਾ ਦਿਲ ਪੰਘਰ ਜਾਣਾ ਅਤੇ ਉਸਦੀਆਂ ਅੱਖਾਂ ਵਿਚ ਅੱਥਰੂ ਆ ਜਾਣੇ ਉਸਦੀ ਸੰਵੇਦਨਸ਼ੀਲ ਹੋਂਦ ਦੇ ਗਵਾਹ ਹਨ। ਉਹ ਛੋਟੀ ਮਜ਼ਲੂਮ ਕੁੜੀ ਨੂੰ 'ਜ਼ਾਲਮਾਂ' ਦੇ ਪੰਜੇ ਵਿੱਚੋਂ ਬਚਾਉਣ ਲਈ ਉਸਨੂੰ ਲੈ ਕੇ ਦੌੜ ਜਾਂਦਾ ਹੈ। ਉਸ ਲਈ ਆਪਣੀ ਲਾਂਢੀ, ਉਸ ਵਿੱਚ ਪਏ ਰੁਪਈਏ ਅਤੇ ਹੋਰ ਸਮਾਨ ਨਿਰਾਰਥਕ ਹੋ ਜਾਂਦੇ ਹਨ। ਉਹ ਪੀੜਤ ਛੋਟੀ ਬੱਚੀ ਸਭ ਤੋਂ ਵੱਧ ਕੀਮਤੀ ਅਤੇ ਅਰਥਵਾਨ ਹੋਂਦ ਹੋ ਨਿੱਬੜਦੀ ਹੈ। ਕਹਾਣੀ ਦੇ ਅੰਤ ਉਤੇ ਗਫ਼ੂਰ ਦੀ ਪੁਕਾਰ, "ਨਾ ਦਿਉ, ਕੁੜੀ ਜ਼ਾਲਮਾਂ ਨੂੰ! ਬਚਾਉ! ਬਚਾਉ! ਇਹ ਮਾਰ ਦੇਣਗੇ। ਮੇਰੀ ਧੀ ਨੂੰ ਇਹ ਜ਼ਾਲਮ....... ਕਸਾਈ" ਪੁਲਿਸ ਅਤੇ ਹੋਰ ਲੋਕਾਂ ਲਈ ਤਾਂ ਭਾਵੇਂ ਪਾਖੰਡ ਅਤੇ ਮਜ਼ਾਕ ਦਾ ਕਾਰਨ ਬਣਦੀ ਹੈ ਪਰ ਪਾਠਕ ਅਤੇ ਛੋਟੀ ਕੁੜੀ ਵਾਸਤੇ ਉਸਦੇ ਦਿਲ ਵਿਚੋਂ ਨਿਕਲੀ ਸੱਚੀ-ਸੁੱਚੀ ਹੂਕ ਹੋ ਨਿਬੜਦੀ ਹੈ। ਗਫ਼ੂਰ ਤੋਂ ਵਿਛੋੜੇ ਜਾਣ ਤੇ ਕੁੜੀ ਵੱਲੋਂ ਮਾਰੀਆਂ ਚੀਕਾਂ ਗਫ਼ੂਰ ਦੀ ਇਨਸਾਨੀ ਪਛਾਣ ਦੇ ਹੱਕ ਵਿੱਚ ਪਾਈ ਮਾਸੂਮ ਵੋਟ ਹਨ। ਆਪਣੇ ਮਾਪਿਆਂ ਕੋਲ ਜਾਣ ਤੋਂ ਇਨਕਾਰੀ ਹੋਣ 'ਤੇ ਕੁੜੀ ਵੱਲੋਂ ਮਾਰੀਆਂ ਇਹ ਚੀਕਾਂ ਇਸ ਗੱਲ ਦੀਆਂ ਸੂਚਕ ਹਨ ਕਿ ਕੁੜੀ ਨੂੰ ਜਨਮ ਦੇਣ ਵਾਲੇ ਮਾਪੇ ਤਾਂ ਉਸ ਲਈ 'ਜ਼ਾਲਮ' ਹਨ ਪਰ ਉਸ ਨੂੰ ਬਚਾਉਣ ਅਤੇ ਪਿਆਰਨ ਵਾਲਾ ਗਫ਼ੂਰ ਉਸ ਵਾਂਗ ਹੀ 'ਮਜ਼ਲੂਮ' ਵੀ ਹੈ ਉਸਦੇ ਤਥਾ-ਕਥਿਤ ਮਾਪਿਆਂ ਤੋਂ ਵਧ ਕੇ ਉਸਦਾ 'ਮਾਂ-ਬਾਪ' ਵੀ ਹੈ...

'ਧਰਤੀ ਹੇਠਲਾ ਬੌਲਦ' ਕਹਾਣੀ ਦਾ ਵਿਸ਼ਾ-ਵਸਤੂ

'ਧਰਤੀ ਹੇਠਲਾ ਬੌਲਦ' ਕਹਾਣੀ ਕੁਲਵੰਤ ਸਿੰਘ ਵਿਰਕ ਦੀ ਹੀ ਨਹੀ ਸਗੋਂ ਪੰਜਾਬੀ ਦੇ ਕਹਾਣੀ-ਸਾਹਿਤ ਦੀ ਸ਼ਾਹਕਾਰ ਕਹਾਣੀ ਹੈ ਨਿਰਸੰਦੇਹ ਇਸ ਕਹਾਣੀ ਦੀ ਵਡਿਆਈ ਕਹਾਣੀ ਦੇ ਬਜ਼ੁਰਗਾਂ ਪਾਤਰ ਤੇ ਨਾਇਕਤਵ ਨੂੰ ਸਿਰਜਣ ਵਿੱਚ ਹੀ ਨਹੀ ਸਗੋਂ ਹੁਨਰਮੰਦੀ ਨਾਲ ਸਿਰਜੇ ਗਏ ਉਸ ਬਿਰਤਾਂਤਕ ਉਹਲੇ ਵਿੱਚ ਵੀ ਹੈ ਜਿਸ ਉਹਲੇ ਵਿੱਚੋਂ ਉਸ ਬਜ਼ੁਰਗ ਅਤੇ ਪਰਿਵਾਰ ਦੇ ਵਤੀਰੇ ਦੀ ਅਸੁਭਾਵਿਕਤਾ ਦਾ ਤਰਕ ਪਾਠਕ ਨੂੰ ਪਹਿਲੀ ਨਜ਼ਰੇ ਦਿਖਾਈ ਨਹੀਂ ਦਿੰਦਾ। ਵਿਰਕ ਦੀ ਕਲਾਕਾਰੀ ਮਾਨ ਸਿੰਘ ਦੇ ਮਨ ਵਿੱਚ ਉਸ ਦੁਬਿਧਾ ਨੂੰ ਸਿਰਜਣ ਵਿਚ ਵੀ ਹੈ ਜਿਸ ਅਨੁਸਾਰ ਮਾਨ ਸਿੰਘ ਇੱਕ ਪਲ ਤਾਂ ਮਝੈਲਾ ਦੀ ਪ੍ਰਾਹੁਣਾਚਾਰੀ ਬਾਰੇ ਆਪਣੇ ਮਨ ਵਿੱਚ ਬੈਠੀ ਧਾਰਨਾ ਅੱਗੇ ਪ੍ਰਸ਼ਨ-ਚਿੰਨ੍ਹ ਲਾਉਂਦਾ ਹੈ ਪਰ ਦੂਜੇ ਪਲ ਹੀ ਇਸ ਮਝੈਲ ਪਰਿਵਾਰ ਵੱਲੋਂ ਦਿਖਾਏ ਗਏ ਪ੍ਰਹੁਣਾਚਾਰੀ ਵਾਲੇ ਵਿਹਾਰ ਨੂੰ ਰੱਦ ਕਰਨਾ ਵੀ ਉਸਨੂੰ ਔਖਾ ਲੱਗਦਾ ਹੈ। ਇਸ ਵਿਰੋਧਭਾਸਕਜ ਵਿਹਾਰ ਦੇ ਰਹੱਸ ਨੂੰ ਜਾਨਣ ਲਈ ਮਾਨ ਸਿੰਘ ਦੇ ਨਾਲ ਪਾਠਕ ਵੀ ਉਤਾਵਲਾ ਹੈ। ਕਰਮ ਸਿੰਘ ਦੇ ਬਾਪ ਦਾ 'ਠੰਢਾ ਵਿਹਾਰ' ਮਾਨ ਸਿੰਘ ਦੇ ਨਾਲ ਪਾਠਕ ਨੂੰ ਵੀ 'ਪਰੇਸ਼ਾਨ' ਕਰਦਾ ਹੈ। ਬਜ਼ੁਰਗਾਂ ਦੀ ਚੁੱਪ ਅਤੇ ਸ਼ਰੀਰਕ-ਭਾਸ਼ਾ ਉਸ ਅੰਦਰਲੀ ਬੇਚੈਨੀ ਨੂੰ ਦਰਸਾਉਂਦੀਆਂ ਹਨ। ਉਸਦਾ ਏਧਰ ਉਧਰ ਵੇਖਣਾ, ਨਿਵੀ ਪਾ ਲੈਣੀ, ਕੱਟੀ ਨੂੰ ਖੋਲਣਾ-ਬੰਨਣਾ, ਘੋੜੀ ਕੋਲ ਜਾ ਖਲੋਣਾ, ਤੂੜੀ

ਵਿੱਚ ਹੱਥ ਮਾਰਨਾ, ਅਤੇ ਉਸ ਵਿੱਚ ਹੋਰ ਛੋਲੇ ਲਿਆ ਕੇ ਮਿਲਾਉਣੇ, ਮਾਨ ਸਿੰਘ ਵੱਲੋਂ ਕਰਮ ਸਿੰਘ ਦੇ ਬੱਚੇ ਨੂੰ ਉਸਦੇ ਬਾਪੂ ਕੋਲ ਲੈਕੇ ਜਾਣ ਦੇ ਸੱਦੇ ਦਾ ਸੂਲ ਵਾਂਗ ਚੁਭਣਾ ਅਤੇ ਘਰਦਿਆਂ ਜੀਆਂ ਨੂੰ ਖਰਵੀ ਆਵਾਜ਼ ਵਿੱਚ ਮੁੰਡੇ ਨੂੰ ਲੈ ਜਾਣ ਲਈ ਆਵਾਜ਼ ਦੇਣਾ ਆਦਿ ਸਾਰੇ ਵਧੇਰੇ ਬਜ਼ੁਰਗ ਦੀ ਮਾਨਸਿਕ ਕਸ਼ਮਕਸ਼ ਦੇ ਸੰਕੇਤ ਵੀ ਹਨ ਤੇ ਕਹਾਣੀ ਵਿੱਚ ਜਗਿਆਸਾ ਪੈਦਾ ਕਰਨ ਦੀ ਜੁਗਤ ਵੀ ਹਨ। ਲੇਖਕ ਬੜੀ ਕੌਸ਼ਲਤਾ ਨਾਲ ਉਦੋਂ ਤੱਕ ਇਸ ਰਹੱਸ ਨੂੰ ਬਣਾਈ ਰੱਖਦਾ ਹੈ ਜਦੋਂ ਤੱਕ ਡਾਕੀਆ ਆ ਕੇ ਮਾਨ ਸਿੰਘ ਕੋਲ ਕਰਮ ਸਿੰਘ ਦੀ ਮੌਤ ਦਾ ਭੇਤ ਖੋਲ੍ਹ ਨਹੀ ਦਿੰਦਾ।

ਕਹਾਣੀ ਦੇ ਅੰਤ 'ਤੇ ਜਾ ਕੇ 'ਪਰਤਵੀ ਲਿਸ਼ਕੋਰ' ਰਾਹੀ ਪੇਸ਼ ਹੋ ਚੁੱਕਾ ਬਿਰਤਾਂਤ ਮੁੜ ਨਵੇਂ ਅਰਥਾਂ ਵਿੱਚ ਲਿਸ਼ਕ ਉਠਦਾ ਹੈ। ਪਾਠਕ ਨੂੰ ਕਹਾਣੀ ਦਾ ਪਾਠ ਇੱਕ ਵਾਰ ਫੇਰ ਆਪਣੇ ਜ਼ਿਹਨ ਵਿੱਚ ਸਿਰਜਣ ਲਈ ਕੁਝ ਪਲ ਖਾਮੋਸ਼ੀ ਵਿੱਚ ਉਤਰਨਾ ਪੈਂਦਾ ਹੈ। ਹੁਣ ਬਜ਼ੁਰਗ ਦੀ ਚੁੱਪ ਵੀ ਸਮਝ ਆ ਜਾਂਦੀ ਹੈ ਅਤੇ ਉਸਦੀ ਬਾਹਰੋਂ ਦਿਸਦੀ ਬੇਚੈਨੀ ਅਤੇ ਬੇਰੁਖੀ ਨੂੰ ਵੀ ਨਵੇਂ ਅਰਥ ਮਿਲ ਜਾਂਦੇ ਹਨ। ਕਰਮ ਸਿੰਘ ਦਾ ਸਾਧਾਰਨ ਬਾਪ ਅਸਾਧਰਨ ਵਿਅਕਤੀ ਦੇ ਰੂਪ ਵਿੱਚ ਉਜਾਗਰ ਹੁੰਦਾ ਹੋਇਆ ਪਾਠਕ ਦੀ ਡੂੰਘੀ ਸਲਾਘਾ ਦਾ ਪਾਤਰ ਬਣ ਜਾਂਦਾ ਹੈ। ਪਰ ਲੇਖਕ ਦੀ ਲਿਖਣ-ਸ਼ੈਲੀ ਦੀ ਵਿਸ਼ੇਸ਼ਤਾ ਹੈ ਕਿ ਉਹ ਕਰਮ ਸਿੰਘ ਦੇ ਬਾਪ ਨੂੰ ਆਦਰਸ਼ ਪਾਤਰ ਵਜੋਂ ਪੇਸ਼ ਕਰਨ ਦੀ ਥਾਂ ਸਧਾਰਨਤਾ ਦੀ ਪੱਧਰ 'ਤੇ ਹੀ ਵਿਚਰਦਾ ਵਿਖਾਉਂਦਾ ਹੈ। ਆਪਣੀ ਸੁਹਿਰਦਤਾ, ਸ਼ਕਤੀ ਅਤੇ ਦ੍ਰਿੜਤਾ ਨਾਲ ਦੂਜੇ ਨੂੰ ਸੁਖ ਦੇਣ ਲਈ ਆਪਣੇ ਦੁੱਖ ਨਾਲ ਲੜਨਾ; ਨਿੱਕੇ ਨਿੱਕ ਬਹਾਨਿਆਂ ਨਾਲ ਆਪਣੇ ਆਪ ਨੂੰ 'ਵਿੱਸ' ਪੈਣ ਤੋਂ ਬਚਾਉਣ ਲਈ ਯਤਨ ਕਰਨਾ ਅਤੇ ਅੰਤ 'ਤੇ ਫੁੱਟ-ਫੁੱਟ ਕੇ ਰੋਣਾ ਉਸ ਪਾਤਰ ਦੀ ਸਾਧਾਰਨਤਈ ਵੱਲ ਸੰਕੇਤ ਵੀ ਹੈ ਅਤੇ ਉਸਦੀ ਸਾਧਾਰਨ ਮਨੁੱਖ ਵਿਚਲੀ ਅਸਾਧਾਰਨ ਤਾਕਤ ਵੱਲ ਵੀ। ਕਹਾਣੀ ਦਾ ਅਸਿੱਧਾ ਸੁਨੇਹਾ ਇਹ ਵੀ ਹੈ ਕਿ ਧਰਤੀ ਦੇ ਜੰਮੇ-ਜਾਇਆ ਸਾਧਾਰਨ ਮਨੁੱਖਾਂ ਵਿੱਚ ਵੀ ਅਸਾਧਾਰਨ ਕੰਮ ਕਰਨ ਦਾ ਸਾਹਸ ਅਤੇ ਹੌਸਲਾ ਹੁੰਦਾ ਹੈ; ਇਹ ਕੇਵਲ 'ਵਿਸ਼ੇਸ਼' ਮਨੁੱਖ ਦੇ ਹਿੱਸੇ ਆਈ 'ਚੀਜ਼' ਹੀ ਨਹੀਂ ਹੁੰਦੀ। ਸਾਧਾਰਨ ਮਨੁੱਖ ਵੀ ਖਾਸ ਹਾਲਤਾਂ ਵਿੱਚ ਆਪਣੇ ਅੰਦਰਲੀ ਤਾਕਤ ਨੂੰ ਪਛਾਣ ਕੇ 'ਵਿਸ਼ੇਸ਼' ਹੋ ਸਕਦਾ ਹੈ।

'ਧਰਤੀ ਹੇਠਲਾ ਬੌਲਦ' ਰੂਪਕ ਇੱਕ ਪੁਰਾਤਨ ਮਿੱਥ ਤੋਂ 'ਉਧਾਰਾ' ਲਿਆ ਗਿਆ ਹੈ ਜਿਸ ਅਨੁਸਾਰ ਇਸ ਧਰਤੀ ਹੇਠਾਂ ਇੱਕ ਧੌਲ ਹੈ ਹੋ ਆਪਣੇ ਸਿਰ ਤੇ ਸਾਰੀ ਧਰਤੀ ਦਾ ਭਾਰ ਚੁਕ ਕੇ ਖੜਾ ਰਹਿੰਦਾ ਹੈ। ਲੇਖਕ ਨੂੰ ਲਗਦਾ ਹੈ ਕਿ ਕਰਮ ਸਿੰਘ ਦਾ ਬਜ਼ੁਰਗ ਬਾਪ ਹੀ ਇਹ ਧੌਲ ਹੈ ਜੋ ਕਰਮ ਸਿੰਘ ਦੀ ਮੌਤ ਦੀ ਖਬਰ ਦਾ ਭਾਰ ਆਪਣੇ ਮਨ, ਤੇ ਚੁੱਕੀ ਰਖਦਾ ਹੈ ਅਤੇ ਮਾਨ ਸਿੰਘ ਨਾਲ ਇਸ ਕਰਕੇ ਆਪਣੇ ਪੁੱਤਰ ਦੀ ਮੌਤ ਦਾ ਦੁੱਖ ਸਾਂਝਾ ਨਹੀਂ ਕਰਦਾ ਕਿ ਮਾਨ ਸਿੰਘ ਨੂੰ ਦੋਸਤ ਦੀ ਮੌਤ ਦੀ ਖਬਰ ਦੁਖੀ ਕਰ ਦਏਗੀ ਅਤੇ ਉਸ ਦੀ ਛੁੱਟੀ ਖਰਾਬ ਹੋ ਜਾਏਗੀ। ਕਹਾਣੀ ਦੂਜੇ ਦੇ ਸੁੱਖ ਲਈ ਆਪ ਦੁੱਖ ਸਹਿ ਸਕਣ ਦੀ ਸਾਧਾਰਨ ਬੰਦੇ ਦੀ ਅਸਾਧਾਰਨ ਸਮੱਰਥਾ ਦਾ ਬਿਰਤਾਂਤ ਹੈ।

-----

# ਪਾਤਰ-ਉਸਾਰੀ

ਪ੍ਰਸ਼ਨ 1. ਗੁਰਮੁਖ ਸਿੰਘ ਮੁਸਾਫਿਰ ਦੀ ਕਹਾਣੀ '27 ਜਨਵਰੀ' ਵਿਚਲੇ ਪਾਤਰਾਂ ਦੀ ਪਾਤਰ ਉਸਾਰੀ

ਇਹ ਕਹਾਣੀ '27 ਜਨਵਰੀ' ਵਿਚਲੇ ਸਾਰੇ ਹੀ ਪਾਤਰ ਇਕ ਵਿਸ਼ੇਸ਼ ਵਰਗ ਨਾਲ ਸੰਬੰਧਤ ਹਨ। ਉਹ ਹੈ ਦਲਿਤ ਵਰਗ। ਜਿਹੜਾ ਦੇਸ ਦੀ ਉੱਨਤੀ ਅਤੇ ਤਰੱਕੀ ਲਈ ਆਪਣੀ ਮਿਹਨਤ ਅਤੇ ਸੰਯੋਗ ਦਾ ਦਾਅਵਾ ਕਰਦਾ ਹੈ, ਪਰ ਉਹਨਾਂ ਦਾ ਇਹ ਦਾਅਵਾ ਉਸ ਸਮੇਂ ਖੋਖਲਾ ਜਾਪਦਾ ਹੈ ਜਦੋਂ ਦੇਸ਼ ਦੇ ਸਾਂਝੇ ਸਮਾਗਮ ਲਈ ਇਹਨਾਂ ਲੋਕਾਂ ਨੂੰ ਭਾਗ ਲੈਣ ਤੋਂ ਧਿਰਕਾਰਿਆ ਜਾਂਦਾ ਹੈ। ਇਸ ਕਹਾਣੀ ਵਿਚ ਮੁੱਖ ਪਾਤਰ ਝੰਡੂ ਚਾਚਾ, ਉਸ ਦਾ ਭਤੀਜਾ ਨਾਨੂੰ, ਬਾਬੂ, ਮਜ਼ਦੂਰ ਅਤੇ ਮਜ਼ਦੂਰ ਦੀ ਘਰਵਾਲੀ ਆਦਿ ਹਨ।

ਕਹਾਣੀ ਵਿਚਲੇ ਨਿਮਨ ਵਰਗ ਦੇ ਪਾਤਰਾਂ ਦੇ ਬੋਲਾਂ ਵਿਚ ਵਿਅੰਗ ਆਪਣੀ ਹੀਣ-ਸਥਿਤੀ ਨੂੰ ਨਾ ਬਦਲ ਸਕਣ ਪ੍ਰਤੀ ਆਪਣੀ ਬੇਬਸੀ ਦਾ ਪ੍ਰਗਟਾਵਾ ਕਰਦੇ ਹੋਏ ਕਹਿੰਦੇ ਹਨ-

"ਦਿਲ ਨਾਲ ਲਾ ਲਈ ਤਾਂ ਕਿਹੜਾ ਉਸ ਕਿਲ੍ਹਾ ਢਾਹ ਲੈਣਾ ਏ।" ਇਹਨਾਂ ਬੋਲਾਂ ਰਾਹੀਂ ਉਹਨਾਂ ਦੀ ਮਜ਼ਬੂਰੀ ਝਲਕਦੀ ਹੈ।

ਕਹਾਣੀ ਵਿਚਲਾ ਮੁੱਖ ਪਾਤਰ ਝੰਡੂ ਠੰਡ ਵਿਚ ਠੁਰ-ਠੁਰ ਕਰਦਾ ਹੋਇਆ ਕੰਬ ਰਿਹਾ ਹੈ। ਸਰੀਰਕ ਤੌਰ ਤੇ ਉਹ ਬਹੁਤ ਹੀ ਕਮਜ਼ੋਰ ਹੈ। ਉਸ ਦੇ ਪੈਰਾਂ ਵਿਚ ਜੁੱਤੀ ਵੀ ਨਹੀਂ ਹੈ ਤੇ ਪੈਰਾਂ ਵਿਚ ਵਿਆਈਆਂ ਫੱਟੀਆਂ ਹੋਈਆਂ ਹਨ। ਜੇਕਰ ਜੁੱਤੀ ਨਸੀਬ ਹੈ ਤਾਂ ਉਹ ਵੀ ਟੁੱਟੀ ਹੋਈ ਹੈ। ਪਜਾਮਾ ਫੱਟਿਆ ਹੋਇਆ ਹੈ, ਸਿਰ ਉਤੇ ਮੈਲੀ ਟੋਪੀ ਹੈ। ਇਹ ਸਭ ਕੁਝ ਉਸ ਦੀ ਗਰੀਬੀ ਹਕੀਕਤ ਨੂੰ ਬਿਆਨ ਕਰਦਾ ਹੈ। ਇਸ ਹਾਲਤ ਵਿਚ ਵੀ ਉਹ ਆਪਣੇ ਦੇਸ਼ ਪ੍ਰਤੀ ਈਮਾਨਦਾਰ ਹੈ ਤੇ ਦੇਸ਼ ਦੀ ਤਰੱਕੀ ਵਿਚ ਆਪਣਾ ਪੂਰਾ ਪੂਰਾ ਯੋਗਦਾਨ ਪਾ ਰਿਹਾ ਹੈ।

ਇਹਨਾਂ ਦੇ ਵਾਰਤਾਲਾਪ ਤੋਂ ਸਪਸ਼ਟ ਹੈ ਕਿ ਇਹ ਨਿਮਨ-ਵਰਗ ਵੀ ਉੱਚ-ਵਰਗ ਦਾ ਸਾਥ ਮਾਣਨ ਲਈ ਉਤਸੁਕ ਹੈ ਪਰ ਉੱਚ-ਵਰਗ ਇਹਨਾਂ ਨੂੰ ਆਗਿਆ ਨਹੀਂ ਦਿੰਦਾ ਹੈ। ਉਹਨਾਂ ਦੀ ਇਹ ਉਤਸੁਕਤਾ ਨਾਨੂੰ ਦੇ ਵਾਰਤਾਲਾਪ ਤੋਂ ਸਪਸ਼ਟ ਹੁੰਦੀ ਹੈ-

"ਮੈਂ ਜੰਗਲਾ ਟੱਪ ਕੇ ਉਥੇ ਉਹ ਸਾਹਮਣੇ ਨਿਕਿਆਂ ਅਫਸਰਾਂ ਵਾਲੀ ਜਗ੍ਹਾ ਤੇ ਪਹੁੰਚ ਗਿਆ ਸਾਂ। ਜ਼ਰਾ ਹਿੰਮਤ ਕਰਕੇ ਮੈਂ ਸਾਰਾ ਕੁਝ ਵੇਖ ਲਿਆ।"

ਇਸ ਨਿਮਨ-ਵਰਗ ਨੇ ਦੇਸ਼ ਦੀ ਆਜ਼ਾਦੀ ਵਾਲੇ ਦਿਹਾੜੇ ਬਹੁਤ ਹੀ ਮਿਹਨਤ ਕੀਤੀ। ਉਹਨਾਂ ਦੇ ਹੱਥ ਵੀ ਕੰਡਿਆਲੀਆਂ ਤਾਰਾਂ ਨਾਲ ਕਟੇ ਗਏ ਸਨ।

"ਕੰਡਿਆਲੀਆਂ ਤਾਰਾਂ ਨਾਲ ਮੇਰੇ ਹੱਥ ਅਜੇ ਵੀ ਛਿੱਲੇ ਪਏ ਹਨ। ਤਾਰਾਂ ਵਿਚ ਤਾਰਾਂ ਹੱਥ ਲਾਏ ਬਿਨਾਂ ਫਸਦੀਆਂ ਨਹੀਂ ਸਨ।"

ਇਹ ਨਿਮਨ ਵਰਗ ਮਿਹਨਤ ਸਮੇਂ ਸਮਾਰੋਹ ਦੀ ਜਗ੍ਹਾ ਦਾ ਮਾਲਕ ਸੀ, ਪਰ ਅਗਲੇ ਦਿਨ ਸਮਾਰੋਹ ਵਾਲੇ ਦਿਨ ਪਾਸ ਹੋਣ ਦੇ ਬਾਵਜੂਦ ਵੀ ਉਹਨਾਂ ਨੂੰ ਉਸ ਥਾਂ ਤੇ ਫਟਕਣ ਨਹੀਂ ਦਿਤਾ ਗਿਆ, ਜਿਵੇਂ –

"ਅਜ 25 ਤਰੀਕ ਤਕ ਦੀ ਰਾਤ ਤਾਂ ਅਸੀਂ ਸਾਰੇ ਇੰਡੀਆ ਗੇਟ ਦੇ ਜਿਵੇਂ ਮਾਲਕ ਸਾਂ, ਅਸਾਂ ਇਥੇ ਇਕ ਕੱਖ ਵੀ ਖਿਲਰਨ ਨਹੀਂ ਦਿਤਾ, ਪਰ ਖੁਸ਼ੀ ਵਾਲੇ ਦਿਨ 26 ਤਰੀਕ ਸਵੇਰੇ ਹੀ ਸਾਡੀ ਸਾਰੀ ਮਾਲਕੀ ਖੁਸ ਗਈ, ਕਿਸੇ ਨੇੜੇ ਨਹੀਂ ਲਗਣ ਦਿਤਾ, ਤੇ ਅੱਜ ਸਵੇਰੇ ਹੀ ਫਿਰ ਆਣ ਡਾਹਿਆ ਨੇ।"

ਇਹਨਾਂ ਲੋਕਾਂ ਅੰਦਰ ਦੇਸ ਦੀ ਤਰੱਕੀ ਲਈ ਇਕ-ਮੁੱਠ ਤੇ ਇਕ-ਜੁਟ ਹੋ ਕੇ ਮਿਹਨਤ ਕਰਨ ਦੀ ਤਾਂਘ ਹੈ ਪਰ ਅਮੀਰ ਤੇ ਉੱਚ-ਵਰਗ ਇਹਨਾਂ ਦੇ ਨਾਲ ਮੱਤਭੇਦ ਕਰਦਾ ਹੋਇਆ ਇਹਨਾਂ ਦੀ ਭਾਵਨਾ ਦੀ ਕਦਰ ਨਹੀਂ ਕਰਦਾ ਹੈ।

"ਮਿਹਨਤ ਤੇ ਅਸਾਂ ਵੀ ਘਟ ਨਹੀਂ ਕੀਤੀ। ਇਹ ਸਾਰਾ ਸਾਜ਼ੋ ਸਮਾਨ, ਅਸਾਂ ਸਾਰਿਆਂ ਘਟ ਮਿਹਨਤ ਕੀਤੀ ਏ?"

"ਓ ਭੰਡੂ ਚਾਚਾ! ਇਹ ਬੜੀ ਨਿੱਕੀ ਜਿਹੀ ਗੱਲ ਏ। ਸਾਰੇ ਦੇਸ਼ ਦੀ ਸਾਂਝੀ ਉੱਨਤੀ ਲਈ ਸਾਰੇ ਰਲ ਕੇ ਮਿਹਨਤ ਕਰਨ ਤਾਂ ਕਾਇਆ ਪਲਟ ਜਾਂਦੀ ਏ ਮੁਲਕਾਂ ਦੀ।"

"ਪਰ ਨਾਨੂੰ, ਬਣਨ ਬਣਾਨ ਪਿੱਛੋਂ ਸਾਡੇ ਗਰੀਬਾਂ ਨਾਲ ਉਦੋਂ ਵੀ ਉਹੋ ਸਲੂਕ ਹੋਵੇਗ ਕਿ!"

ਇਹ ਨਿਮਨ ਦਲਿਤ ਵਰਗ ਧਾਰਮਿਕ ਪ੍ਰਵਿਰਤੀ ਦਾ ਲਖਾਇਕ ਹੈ, ਕਿਉਂਕਿ ਗਰੀਬ ਹੋਣ ਦੇ ਬਾਵਜੂਦ ਵੀ ਧਾਰਮਿਕ ਦਿਹਾੜੇ ਉੱਤੇ ਲਭੀ ਹੋਈ ਰਜਾਈ ਨੂੰ ਆਪਣੇ ਘਰ ਰਖਣ ਲਈ ਤਿਆਰ ਨਹੀਂ ਹਨ –

"ਇਕ ਮਜ਼ਦੂਰ ਦੇ ਹੱਥ ਵਿਚ ਬੜੀ ਸੋਹਣੀ ਰਜਾਈ ਫੜੀ ਹੋਈ ਸੀ। ਸਾਰਿਆਂ ਨੂੰ ਰਜਾਈ ਵਿਖਾ ਕੇ ਉਹ ਆਖਣ ਲਗਾ, "ਲਓ! ਸਾਨੂੰ ਤੇ ਫਲ ਮਿਲ ਗਿਆ ਇਸ ਦਿਨ ਦੀ ਮਿਹਨਤ ਤੇ ਖੁਸ਼ੀ ਦਾ! ਇਹ ਰਜਾਈ ਰਾਹ ਵਿਚ ਪਈ ਹੋਈ ਸੀ। ਮੈਂ ਖਿਆਲ ਕੀਤਾ, ਸਾਰੇ ਟੱਬਰ ਦਾ ਸਿਆਲ ਲੰਘ ਜਾਵੇਗਾ। ਪਰ ਘਰ ਵਾਲੀ ਨਹੀਂ ਮੰਨੀ। ਉਹ ਆਖਦੀ ਏ, ਇਸ ਪਵਿੱਤਰ ਦਿਹਾੜੇ ਤੇ ਚੋਰੀ ਦਾ ਮਾਲ ਨਹੀਂ ਲਿਆਉਣਾ, ਮੈਂ ਵਾਪਸ ਲੈ ਆਇਆ ਹਾਂ, ਪਰ ਹੁਣ ਦੇਵਾਂ ਕਿਸ ਨੂੰ?"

ਆਜ਼ਾਦੀ ਦੇ ਦਿਹਾੜੇ ਉਤੇ ਇਕੱਠੇ ਹੋਏ ਲੋਕਾਂ ਕਾਰਨ ਬਹੁਤੇ ਲੋਕਾਂ ਨੂੰ ਧੱਕੇ ਖਾ ਕੇ ਹੀ ਘਰ ਵਾਪਸ ਮੁੜਨਾ ਪਿਆ। ਇਕ ਬਾਬੂ ਤੇ ਬੀਬੀ ਇਹਨਾਂ ਦੀਆਂ ਗੱਲਾਂ ਸੁਣ ਕੇ ਖਲੋ ਗਏ ਤੇ ਆਪਸ ਵਿਚ ਕਹਿਣ ਲਗੇ, ਚੰਗਾ ਹੋਇਆ ਅਸੀਂ ਉਸ ਇਕੱਠ ਵਿਚ ਨਹੀਂ ਗਏ। ਜਿਵੇਂ –

ਬੀਬੀ ਬਾਬੂ ਨੂੰ ਆਖ ਰਹੀ ਸੀ, "ਅਸੀਂ ਚੰਗੇ ਰਹੇ, ਜੇ ਇਥੇ ਆ ਜਾਂਦੇ ਤਾਂ ਨਾਲੇ ਧੱਕੇ ਖਾਂਦੇ ਨਾਲੇ ਕੁਝ ਗੁਆ ਕੇ ਜਾਂਦੇ ਤੇ ਨਾਲੇ ਮਖੌਲ ਕਰਵਾਂਦੇ।"

ਭਾਰਤ ਦੇਸ਼ ਦੇ ਲੋਕਾਂ ਦੀ ਇਹ ਵਿਸ਼ੇਸ਼ਤਾ ਰਹੀ ਹੈ ਕਿ ਉਹ ਘਰ ਆਏ ਮਿਹਮਾਨ ਦੀ ਚੰਗੀ ਖਾਤਰਦਾਰੀ ਕਰਦੇ ਹਨ।

ਸੋ ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਭਾਰਤ ਵਿਚ ਰਹਿ ਰਹਿਆ ਨਿਮਨ-ਵਰਗ ਵੀ ਉੱਚੀ ਸੋਚ ਦਾ ਮਾਲਕ ਹੈ ਤੇ ਦੇਸ਼ ਦੀ ਉੱਨਤੀ ਵਿਚ ਆਪਣੀ ਪੂਰੀ ਪੂਰੀ ਭਾਗੀਦਾਰੀ ਸਮਝਦਾ ਹੈ। ਨਿਮਨ ਦਲਿਤ-ਵਰਗ ਈਮਾਨਦਾਰ ਅਤੇ ਮਿਹਨਤਕਸ਼ ਤਬਕਾ ਹੈ ਜੋ ਕਿ ਦੇਸ਼ ਦੀ ਉੱਨਤੀ ਲਈ ਵਧ ਤੋਂ ਵਧ ਮਿਹਨਤ ਕਰਨ ਦਾ ਚਾਹਵਾਨ ਹੈ।

**ਪ੍ਰਸ਼ਨ 2. ਕਰਤਾਰ ਸਿੰਘ ਦੁੱਗਲ ਦੀ ਲਿਖੀ ਹੋਈ ਕਹਾਣੀ 'ਤ੍ਰਿਸ਼ਣਾ ਵਿਚਲੇ ਪਾਤਰਾਂ ਦੀ ਪਾਤਰ ਉਸਾਰੀ ਕਰੋ?**

ਇਸ ਕਹਾਣੀ ਵਿਚ ਮੁੱਖ ਰੂਪ ਵਿਚ ਤਿੰਨ ਹੀ ਪਾਤਰ ਆਏ ਹਨ। ਜਿਹਨਾਂ ਵਿਚ ਪਹਿਲਾ ਮੁੱਖ ਪਾਤਰ 'ਪਰਤੂਲ' ਹੈ ਜਿਹੜਾ ਰਜਨੀ ਦਾ ਘਰ ਵਾਲਾ ਹੈ, ਦੂਜਾ ਪਾਤਰ ਨਾਇਕਾ ਦੇ ਰੂਪ ਵਿਚ ਰਜਨੀ ਹੈ ਜਿਹੜੀ ਮਾਨਸਿਕ ਰੂਪ ਵਿਚ ਸੰਤ੍ਰਾਪ ਭੋਗਦੀ ਹੈ ਤੇ ਤੀਜਾ ਮੁੱਖ ਪਾਤਰ ਲੇਡੀ ਡਾਕਟਰ ਹੈ, ਜਿਹੜੀ ਔਰਤ ਹੋਣ ਦੇ ਬਾਵਜੂਦ ਵੀ ਔਰਤ ਦੀ ਪੀੜਾ ਨੂੰ ਸਮਝਣ ਤੋਂ ਅਸਮਰਥ ਹੈ।

'ਤ੍ਰਿਸ਼ਣਾ' ਕਹਾਣੀ ਅੱਜ ਦੇ ਬਹੁ-ਚਰਚਿਤ ਵਿਸ਼ੇ ਭਰੂਣ ਹੱਤਿਆ ਰਾਹੀਂ ਰਜਨੀ ਨਾਮਕ ਔਰਤ ਦੇ ਦਰਦ ਦਾ ਬਿਰਤਾਂਤ ਹੈ। ਜਿਹੜੀ ਨਾ ਚਾਹੁੰਦੇ ਹੋਇਆਂ ਵੀ ਮਰਦ ਪ੍ਰਧਾਨ ਸਮਾਜ ਅਗੇ ਕਮਜ਼ੋਰ ਅਤੇ ਹੀਣ ਦਸ਼ਾ ਵਿਚ ਖੜੀ ਹੈ। ਮਰਦ ਪ੍ਰਧਾਨ ਹੁੰਦਾ ਹੋਇਆ ਉਸ ਕਮਜ਼ੋਰ ਤੇ ਨਿਰਬਲ ਔਰਤ ਦੇ ਦਰਦ ਅਤੇ ਪੀੜਾ ਨੂੰ ਸਮਝਣ ਤੋਂ ਅਸਮਰਥ ਹੈ। ਕਹਾਣੀ ਦੀ ਮੁੱਖ ਪਾਤਰ ਰਜਨੀ ਪੜ੍ਹੀ ਲਿਖੀ ਹੈ। ਜਿਸ ਆਜ਼ਾਦੀ ਨਾਲ ਉਸ ਆਪਣਾ ਪਿਆਰ ਕਰਨ ਵਾਲਾ ਪਤੀ ਤਾਂ ਪ੍ਰਾਪਤ ਕਰ ਲਿਆ ਪਰ ਬੱਚਾ ਪ੍ਰਾਪਤ ਕਰਨ ਲਈ ਅਤੇ ਆਪਣੀ ਮਮਤਾ ਲਈ ਆਪਣੀ ਮਰਜ਼ੀ ਨਾਲ 'ਮਾਂ' ਨਹੀਂ ਬਣ ਸਕਦੀ ਕਿਉਂਕਿ ਇਹ ਅਧਿਕਾਰ ਉਸ ਦੇ ਪ੍ਰੇਮੀ ਘਰ ਵਾਲੇ ਪਾਸ ਹੈ। ਉਸ ਦਾ ਘਰ ਵਾਲਾ ਮੈਜਿਸਟ੍ਰੇਟ ਹੈ ਜੋ ਦੂਜਿਆਂ ਨੂੰ ਨਿਆਂ ਦੁਆਉਂਦਾ ਹੈ ਪਰ ਉਹ ਆਪਣੀ ਪਤਨੀ ਰਜਨੀ ਦੀ 'ਮਾਂ ਬਣਨ ਦੀ ਚਾਹਤ' ਅਤੇ 'ਫਰਿਆਦ' ਨੂੰ ਠੁਕਰਾ ਦੇਂਦਾ ਹੈ। ਉਹ ਮਾਂ ਬਣਨਾ ਚਾਹੁੰਦੀ ਹੈ ਪਰ ਪਰਤੂਲ ਉਸ ਨੂੰ ਬੱਚਾ ਕੁੱਖ ਵਿਚ ਹੀ ਮਰਵਾਉਣ ਲਈ ਮਜਬੂਰ ਕਰ ਦਿੰਦਾ ਹੈ। ਮੁਹੱਬਤ ਦੇ ਜਜ਼ਬੇ ਵਿਚ ਭਿੱਜੇ ਹੋਏ ਔਰਤ-ਮਰਦ ਵਿਚ ਭਾਵੇਂ ਬਰਾਬਰੀ ਅਤੇ ਇਕ ਦੂਜੇ ਦੀ ਇੱਛਾ ਦਾ ਸਤਿਕਾਰ ਕਰਨ ਦੀ ਭਾਵਨਾ ਦੇ ਹੋਣ ਦੀ ਆਸ ਕੀਤੀ ਜਾ ਸਕਦੀ ਹੈ ਪਰ ਇੱਥੇ ਇਹ ਵੇਖਿਆ ਗਿਆ ਹੈ ਕਿ ਮਰਦ ਔਰਤ ਦੀ ਮੁਹੱਬਤ ਨੂੰ ਵੀ ਆਪਣੇ ਹਿਤਾਂ ਲਈ ਵਰਤ ਜਾਂਦਾ ਹੈ। 'ਭਾਵੁਕ ਸ਼ੋਸ਼ਣ' ਦਾ ਸ਼ਿਕਾਰ ਰਜਨੀ ਪਰਤੂਲ ਦੀ ਮੁਹੱਬਤ ਦੇ ਹੁੰਗਾਰੇ ਵਜੋਂ ਹੀ ਆਪਣੇ ਘਰ ਪੈਦਾ ਹੋਣ ਵਾਲੀ ਬੱਚੀ ਨੂੰ ਨਾ ਚਾਹੁੰਦੇ ਹੋਏ ਵੀ 'ਗਰਭਪਾਤ' ਰਾਹੀਂ ਖਤਮ ਕਰ ਲੈਂਦੀ ਹੈ ਅਤੇ ਜ਼ਿੰਦਗੀ ਭਰ ਲਈ ਬੱਚਾ ਪੈਦਾ ਕਰਨ ਤੋਂ 'ਬਾਂਝ' ਹੋ ਜਾਂਦੀ ਹੈ। ਉਸ ਵਲੋਂ ਕੀਤਾ ਹੋਇਆ ਇਹ ਪਾਪ ਅਤੇ ਸਾਰੀ ਉਮਰ ਬੱਚਾ ਪੈਦਾ ਨਾ ਕਰ ਸਕਣਾ, ਮਮਤਾ ਦਾ ਅਤ੍ਰਿਪਤ ਜਜ਼ਬਾ ਸਾਰੀ ਰਹਿੰਦੀ ਉਮਰ ਲਈ ਉਸ ਵਾਸਤੇ ਸੰਤਾਪ, ਪੀੜਾ ਅਤੇ ਪੱਛਤਾਵੇ ਦਾ ਕਾਰਣ ਬਣ ਜਾਂਦਾ ਹੈ ਜੋ ਉਹ ਨਹੀਂ ਚਾਹੁੰਦੀ, ਜਿਵੇਂ –

"ਮੇਰੇ ਸ਼ੁਰੂ ਕਰਨ ਤੋਂ ਪਹਿਲਾਂ, ਜੇ ਤੁਸੀਂ ਕੁਝ ਪੁੱਛਣਾ ਹੋਏ-ਕੋਈ ਸੁਆਲ?" ਲੇਡੀ ਡਾਕਟਰ ਨੇ ਵਿਵਹਾਰਕ ਉਸ ਤੋਂ ਪੁਛਿਆ।

"ਕੋਈ ਨਹੀਂ!" ਰਜਨੀ ਨੇ ਗੱਚ-ਗੱਚ ਆਵਾਜ਼ ਵਿਚ ਕਿਹਾ, "ਪਰ ਜੋ ਕੁਝ ਮੈਂ ਕਰਨ ਜਾ ਰਹੀ ਹਾਂ ਇਸ ਲਈ ਮੈਨੂੰ ਆਪਣੇ ਆਪ ਤੋਂ ਨਫ਼ਰਤ ਹੈ।"

ਰਜਨੀ ਇਕ ਸਾਧਾਰਣ ਅਤੇ ਸਾਊ ਔਰਤ ਹੈ। ਉਹ ਆਪਣੀ ਮਮਤਾ ਵਸ ਬੱਚਾ ਪੈਦਾ ਕਰਨਾ ਚਾਹੁੰਦੀ ਹੈ।

ਉਹ ਨਹੀਂ ਚਾਹੁੰਦੀ ਕਿ ਆਪਣੇ ਬੱਚੇ ਨੂੰ ਜੰਮਣ ਤੋਂ ਪਹਿਲਾਂ ਹੀ ਮਰਵਾ ਦਿੱਤਾ ਜਾਵੇ। ਪਰ ਮਰਦ ਪ੍ਰਧਾਨ ਸਮਾਜ ਇਹ ਸਭ ਕਰਨ ਲਈ ਉਸ ਨੂੰ ਮਜਬੂਰ ਕਰ ਦਿੰਦਾ ਹੈ। ਜਿਸ ਕਾਰਣ ਉਹ ਮਜਬੂਰੀ ਵਿਚ ਇਹ ਸਭ ਕੁਝ ਕਰਨਾ ਕਬੂਲ ਕਰ ਲੈਂਦੀ ਹੈ ਜਿਸ ਦਾ ਪੱਛਤਾਵਾ ਉਸ ਨੂੰ ਸਾਰੀ ਹੀ ਉਮਰ ਭੋਗਣਾ ਪੈਂਦਾ ਹੈ।

ਕਹਾਣੀ ਵਿਚਲਾ ਦੂਜਾ ਮੁੱਖ ਪਾਤਰ ਪਰਫੁੱਲ ਰਜਨੀ ਦਾ ਪ੍ਰੇਮੀ-ਪਤੀ ਹੋਣ ਦੇ ਬਾਵਜੂਦ ਉਸ ਅੰਦਰਲੇ ਜ਼ਖ਼ਮੀ ਜਜ਼ਬਿਆਂ ਦੇ ਉਮੜਦੇ ਤੂਫਾਨ ਨੂੰ ਸਮਝਣ ਤੋਂ ਅਸਮਰਥ ਹੈ। ਗਰਭਪਾਤ ਕਰਵਾ ਕੇ ਆਈ ਪਤਨੀ ਦੀ ਜ਼ਖ਼ਮੀ ਮਾਨਸਿਕਤਾ ਨੂੰ ਸਮਝਣ ਤੋਂ ਅਸਮਰਥ ਅਤੇ ਉਸ ਨੂੰ ਧੀਰਜ ਦੇਣ ਦੀ ਲੋੜ ਨੂੰ ਅਣਗੌਲਿਆਂ ਕਰਕੇ ਕਲੱਬ ਚਲੇ ਜਾਣ ਵਾਲਾ ਪਰਫੁੱਲ ਪੱਥਰਾਏ ਜਜ਼ਬਿਆਂ ਵਾਲਾ ਵਿਅਕਤੀ ਹੈ।

ਰਜਨੀ ਲਈ ਆਪਣੀ ਹੋਣ ਵਾਲੀ ਧੀ ਨੂੰ ਕੁੱਖ ਵਿਚ ਹੀ ਕਤਲ ਕਰਵਾ ਆਉਣਾ ਜਿੱਥੇ ਉਸ ਦੀ ਜ਼ਿੰਦਗੀ ਦਾ ਸਭ ਤੋਂ ਮਹੱਤਵਪੂਰਨ ਅਤੇ ਦੁੱਖ-ਦਾਇਕ ਘਟਨਾ ਹੈ ਉੱਥੇ ਪਰਫੁੱਲ ਵਾਸਤੇ ਇਹ ਬਿਲਕੁਲ ਇਕ ਸਾਧਾਰਣ ਗੱਲ ਲਗਦੀ ਨਜ਼ਰ ਆਉਂਦੀ ਹੈ ਜੋ ਕਿ ਉਸ ਨੂੰ ਇਨਸਾਨੀਅਤ ਤੋਂ ਦੂਰ ਲੈ ਜਾਂਦੀ ਹੈ।

ਪਰਫੁੱਲ ਸਮਾਜਕ ਪ੍ਰਾਣੀ ਹੋਣ ਕਰਕੇ ਚਾਹੁੰਦਾ ਹੈ ਕਿ ਮੇਰੇ ਘਰ ਪੁੱਤ ਜੰਮੇ ਜਿਸ ਨਾਲ ਮੇਰਾ ਸਮਾਜ ਵਿਚ ਨਾਂ ਚਲ ਸਕੇ। ਉਹ ਪੁਰਾਣੇ ਵਿਚਾਰਾਂ ਦਾ ਧਾਰਨੀ ਹੈ ਅਤੇ ਪੁੱਤਰ ਪ੍ਰਾਪਤੀ ਲਈ ਬਹੁਤ ਹੀ ਉੱਤੇਜਿਤ ਹੈ, ਜਿਵੇਂ-

"ਜੇ ਤੈਨੂੰ ਬੇਟੇ ਦਾ ਇਤਨਾ ਹੀ ਸ਼ੌਕ ਹੈ ਤਾਂ ਤੂੰ ਇਕ ਵਰ੍ਹਾ ਉਡੀਕ ਕਰ ਲੈ।" ਰਜਨੀ ਉਸਨੂੰ ਸਮਝਾਂਦੀ।

"ਜੇ ਫਿਰ ਬੇਟੀ ਆ ਗਈ....?" ਪਰਫੁੱਲ ਲਾਲ ਪੀਲਾ ਹੋਇਆ ਅਗੋਂ ਕਹਿੰਦਾ।

ਇਹਨਾਂ ਵਿਚਾਰਾਂ ਤੋਂ ਸਪਸ਼ਟ ਹੈ ਕਿ ਪਰਫੁੱਲ ਪੁਰਾਣੇ ਵਿਚਾਰਾਂ ਦਾ ਧਾਰਨੀ ਹੈ ਅਤੇ ਬੇਟਾ-ਬੇਟੀ ਵਿਚ ਅੰਤਰ ਸਮਝਦਾ ਇਹ ਸਭ ਕੁਝ ਕਰ ਰਿਹਾ ਹੈ। ਉਹ ਐਸ਼-ਪ੍ਰਸਤ ਆਦਮੀ ਹੈ ਤੇ ਉਸ ਨੂੰ ਆਪਣੀ ਪਤਨੀ ਰਜਨੀ ਨਾਲ ਵੀ ਕੋਈ ਹਮਦਰਦੀ ਨਹੀਂ ਹੈ। ਉਹ ਕੇਵਲ ਤੇ ਕੇਵਲ ਆਪਣੀ ਲਾਲਸਾ ਦੀ ਪੂਰਤੀ ਹੀ ਚਾਹੁੰਦਾ ਹੈ।

ਤੀਜਾ ਪ੍ਰਮੁੱਖ ਪਾਤਰ ਲੇਡੀ ਡਾਕਟਰ ਹੈ ਜਿਹੜੀ ਆਪਣੇ ਪ੍ਰੋਫੈਸ਼ਨ ਵਜੋਂ ਹਰ ਰੋਜ਼ ਇਸ ਤਰ੍ਹਾਂ ਦੇ ਕੰਮ ਕਰਦੀ ਆ ਰਹੀ ਹੈ-

"ਜੇ ਕੋਈ ਤਕਲੀਫ ਹੋਵੇ ਤਾਂ ਮੈਨੂੰ ਦੱਸਣਾ।" ਲੇਡੀ ਡਾਕਟਰ ਬੋਲ ਰਹੀ ਸੀ।

"ਹਰ ਰੋਜ਼ ਇਸ ਤਰ੍ਹਾਂ ਦੇ ਕੇਸ ਕਰੀਦੇ ਨੇ, ਕਦੀ ਕੋਈ ਵਿਗਾੜ ਨਹੀਂ ਪਿਆ।"

ਉਸ ਲੇਡੀ ਡਾਕਟਰ ਅੰਦਰ ਹਮਦਰਦੀ ਭਰੇ ਜਜ਼ਬਾਤ ਤਾਂ ਹਨ, ਪਰ ਉਹ ਰੋਜ਼ ਦੇ ਪ੍ਰੋਫੈਸ਼ਨ ਕਾਰਨ ਅੰਦਰ ਹੀ ਮਰ ਚੁਕੇ ਹਨ ਕਿਉਂਕਿ ਉਸ ਨੂੰ ਆਪਣੇ ਕੰਮ ਨਾਲ ਪਿਆਰ ਹੈ, ਜੋ ਨਿਭਾ ਰਹੀ ਹੈ।

ਕਹਾਣੀ ਦਾ ਸਿਰਲੇਖ 'ਤ੍ਰਿਸ਼ਨਾ' ਕਾਫੀ ਢੁਕਵਾਂ ਹੈ ਕਿਉਂਕਿ ਉਸ ਨੂੰ ਆਪਣੇ ਕੰਮ ਨਾਲ ਪਿਆਰ ਹੈ, ਜੋ ਨਿਭਾ ਰਹੀ ਹੈ।

ਕਹਾਣੀ ਦਾ ਸਿਰਲੇਖ 'ਤ੍ਰਿਸ਼ਨਾ' ਕਾਫੀ ਢੁਕਵਾਂ ਹੈ ਕਿਉਂਕਿ ਰਜਨੀ ਆਪਣੇ ਸਕੂਲ ਅੰਦਰ ਆਪਣੀ ਇਕ ਤ੍ਰਿਸ਼ਨਾ ਦੀ ਮਮਤਾ ਖਾਤਿਰ ਕਈ ਤ੍ਰਿਸ਼ਨਾਵਾਂ ਨੂੰ ਪੈਦਾ ਕਰ ਲੈਂਦੀ ਹੈ।

------

# ਕਿਸੇ ਇਕ ਕਹਾਣੀ ਦਾ ਪਲਾਟ ਉਲੀਕੋ?

ਕਿਸੇ ਕਹਾਣੀ ਦੀਆਂ ਘਟਨਾਵਾਂ ਨੂੰ ਇਕ ਤਰਤੀਬ ਵਿਚ ਰੱਖ ਕੇ ਮਾਲਾ ਦੇ ਮਣਕਿਆਂ ਵਾਂਗ ਪਰੋਣਾ ਹੀ ਪਲਾਟ ਕਹਿਲਾਉਂਦਾ ਹੈ।

ਕਥਾ ਰੰਗ ਕਹਾਣੀ ਸੰਗ੍ਰਹਿ ਵਿਚਲੇ ਸਿਲੇਬਸ ਅਨੁਸਾਰ ਪੰਜੇ ਹੀ ਕਹਾਣੀਕਾਰ ਬਹੁਤ ਹੀ ਤਜ਼ੁਰਬਾ ਰੱਖਦੇ ਹਨ ਜਿਸ ਕਾਰਣ ਇਹਨਾਂ ਦੇ ਜੀਵਨ ਦੇ ਤਜ਼ੁਰਬੇ ਅਨੁਸਾਰ ਇਹਨਾਂ ਆਪਣੀਆਂ ਆਪਣੀਆਂ ਕਹਾਣੀਆਂ ਦਾ ਪਲਾਟ ਬਹੁਤ ਹੀ ਚੰਗੇ ਢੰਗ ਨਾਲ ਸਿਰਜਿਆ ਹੋਇਆ ਹੈ। ਜਿਹਨਾਂ ਵਿਚੋਂ ਸਭ ਤੋਂ ਪਹਿਲਾਂ ਗੁਰਮੁੱਖ ਸਿੰਘ ਮੁਸਾਫਰ ਦੀ ਲਿਖੀ ਹੋਈ ਕਹਾਣੀ "27 ਜਨਵਰੀ" ਕਹਾਣੀ ਦੇ ਪਲਾਟ ਬਾਰੇ ਵਿਚਾਰ ਕਰਦੇ ਹਾਂ। "27 ਜਨਵਰੀ" ਕਹਾਣੀ ਦਾ ਪਲਾਟ 26 ਜਨਵਰੀ ਗੰਨਤਤਰ ਦਿਨ ਦੇ ਰੂਪ ਵਿਚ ਮਨਾਇਆ ਜਾਂਦਾ ਹੈ, ਪਰ ਇਸ ਗਨੰਤਤਰ ਦਿਨ ਦੀਆਂ ਘਟਨਾਵਾਂ ਨੂੰ ਕਹਾਣੀਕਾਰ ਨੇ ਕੰਮਿਆਂ ਪਾਸੋਂ ਬਹੁਤ ਹੀ ਚੰਗੇ ਢੰਗ ਨਾਲ ਬਿਆਨ ਕਰਵਾਇਆ ਹੈ। ਜਿਸ ਵਿੱਚੋਂ ਉਹਨਾਂ ਦੇ ਦਰਦ ਅਤੇ ਅਨਿਆਇ ਦੀ ਤਸ਼ਵੀਰ ਉੱਭਰ ਕੇ ਸਾਹਮਣੇ ਆਉਂਦੀ ਹੈ। ਜਿਸ ਦੁਖਾਂਤ ਤੋਂ ਹਰ ਮਨੁੱਖ ਪ੍ਰਭਾਵਿਤ ਹੋ ਕੇ ਕੰਮਿਆ (ਮਜਦੂਰਾਂ) ਪ੍ਰਤੀ ਸਹਾਨਭੂਤੀ ਪੇਸ਼ ਕਰਦਾ ਹੈ। ਕਹਾਣੀ ਵਿਚਲੀਆਂ ਘਟਨਾਵਾਂ ਨੂੰ ਮਜ਼ਦੂਰਾਂ ਦੀ ਜ਼ਬਾਨੀ ਇਕ ਤਰਤੀਬ ਵਿਚ ਪੇਸ਼ ਕਰਵਾਇਆ ਹੋਇਆ ਹੈ। ਕਾਮੇ ਆਪ ਹੀ ਬਿਆਨ ਕਰਦੇ ਹਨ ਕਿ ਕਿਵੇਂ ਗਨੰਤਤਰ ਦਿਸਵ ਤੋਂ ਪਹਿਲਾਂ ਸਾਨੂੰ ਪੂਰਾ ਪੂਰਾ ਅਧਿਕਾਰ ਦਿੱਤਾ ਜਾਂਦਾ ਹੈ ਕੇਵਲ ਉਸ ਹਾਲ ਦੀ ਸਫਾਈ ਦਾ। ਸਾਨੂੰ ਇਵੇਂ ਪਰਤੀਤ ਹੁੰਦਾ ਹੈ ਕਿ ਅਸੀ ਸਫਾਈ ਦੇ ਠੇਕੇਦਾਰ ਹੀ ਨਹੀਂ ਬਲਕਿ ਇਥੇ ਦੇ ਪੱਕੇ ਹੀ ਮਾਲਕ ਹਾਂ। ਜਿਸ ਦਾ ਉਹ ਦਿਨ ਮਨਾਇਆ ਜਾਂਦਾ ਹੈ ਤਾਂ ਉਹ ਮਾਲਕੀ ਸਾਡੇ ਤੋਂ ਖੁਸ ਜਾਂਦੀ ਹੈ, ਕਿਉਂਕਿ ਸਾਨੂੰ ਉਸ ਫਖਸ਼ਨ ਵਿਚ ਫਟਕਣ ਵੀ ਨਹੀਂ ਦਿੱਤਾ ਜਾਂਦਾ ਜਦੋਂ ਕਿ ਸਾਡੇ ਇਕ ਵਿਅਕਤੀ ਪਾਸ ਫਖਸ਼ਨ ਵਿੱਚ ਹਿੱਸਾ ਲੈਣ ਲਈ ਇਟਰੀ ਪਾਸ ਵੀ ਸੀ। ਪਰ ਉਹਨਾਂ ਲੋਕਾਂ ਇਟਰੀ ਪਾਸ ਦੇ ਬਾਵਜੂਦ ਵੀ ਫਖਸ਼ਨ ਵਿੱਚ ਇਸ ਲਈ ਫਟਕਣ ਨਹੀਂ ਦਿੱਤਾ ਜਾਂਦਾ ਕਿਉਂਕਿ ਸਾਡਾ ਪਹਿਰਾਵਾ ਅਤੇ ਹਾਲਤ ਉਹਨਾਂ ਵਿਅਕਤੀਆਂ ਵਰਗੀ ਨਹੀਂ ਸੀ ਜੋ ਉਸ ਫਖਸ਼ਨ ਵਿਚ ਹਿੱਸਾ ਲੈਣ ਲਈ ਜਾ ਰਹੇ ਸਨ। ਅਸੀਂ ਗਰੀਬ ਕਾਂਮਾ ਕੌਮ ਨਾਲ ਸੰਬੰਧਤ ਹੋਣ ਕਰਕੇ ਆਰਥਿਕ ਰੂਪ ਵਿਚ ਪਛੜੇ ਹੋਏ ਹਾਂ। ਨ ਤਾਂ ਸਾਡਾ ਪਾਸ ਖਾਣ ਲਈ ਚੰਗਾ ਹੈ ਅਤੇ ਨਾਂ ਹੀ ਦਿਖਾਉਣ ਲਈ ਭਾਵ ਕਿ ਪਹਿਨਣ ਲਈ ਵੱਧੀਆ ਕਪੜੇ ਨਹੀਂ ਹਨ। ਉਹੀ ਕਪੜੇ ਜੋ ਕੰਮ ਸਮੇਂ ਪਾਉਂਦੇ ਹਾਂ, ਉਹੀ ਹੀ ਪਹਿਣਕੇ ਫਖਸ਼ਨ ਵਿੱਚ ਹਿੱਸਾ ਲੈਣਾਂ ਚਾਹੁੰਦੇ ਹਾਂ। ਜਿਸ ਕਾਰਨ ਸਾਨੂੰ ਆਗਿਆ ਨਹੀਂ ਦਿੱਤੀ ਜਾਂਦੀ ਹੈ। ਜੋ ਕਿ ਸਾਡੇ ਜੀਵਨ ਅਤੇ ਕਾਮਾਂ ਕੌਮ ਨਾਲ ਸੰਬੰਧਤ ਹੋਣ ਦਾ ਦੁਖਾਂਤ ਹੈ। ਇਸ ਪ੍ਰਕਾਰ ਇਸ ਕਹਾਣੀ ਦਾ ਪਲਾਟ ਬਹੁਤ ਹੀ ਚੰਗੀ ਤਰਤੀਬ ਅਨੁਸਾਰ ਸਾਡੇ ਭਾਰਤ ਵਰਗੇ ਮਹਾਨ ਦੇਸ ਦੀ ਅੰਦਰੂਨੀ ਮਹਾਨਤਾ ਨੂੰ ਪੇਸ਼ ਕਰਦਾ ਹੈ ਕਿ ਕਿਵੇਂ ਦੇਸ

ਅੰਦਰ ਕਰਨੀ ਅਤੇ ਕਥਨੀ ਵਿੱਚ ਬਹੁਤ ਹੀ ਅੰਤਰ ਹੈ। ਜੋ ਕਿਹਾ ਜਾਂਦਾ ਹੈ, ਉਹ ਪਰੈਕਟੀ ਕਲੀ ਕਿੱਥੋ ਤਕ ਮੰਨਿਆ ਜਾਂਦਾ ਹੈ। ਅੱਜ ਵੀ ਅਮੀਰ-ਗਰੀਬ ਵਿਚਲਾ ਵਿਤਕਰਾ ਮੌਜੂਦ ਹੈ। ਉਵੇਂ ਦਾ ਉਵੇਂ ਹੀ ਜਾਤੀਵਾਦ, ਪ੍ਰਾਂਤਵਾਦ ਅਤੇ ਭਾਸ਼ਾ ਵਾਦ ਮਹਾਨ ਦੇਸ਼ ਅੰਦਰ ਵੀ ਮੌਜੂਦ ਹੈ।

## ਮੁੜ ਵਿਧਵਾ

(ਸੰਤ ਸਿੰਘ ਸੇਖੋਂ)

ਸੰਤ ਸਿੰਘ ਸੇਖੋਂ ਨੇ ਕਹਾਣੀ ਮੁੜ ਵਿਧਵਾ ਦਾ ਆਰੰਭ ਇਕ ਅਜਨਵੀ ਨੌਜਵਾਨ ਦੇ ਰੇਲ ਦੇ ਸਫਰ ਤੋਂ ਕੀਤਾ ਹੈ। ਇਹ ਕਹਾਣੀ ਇਕ ਰੇਲ ਦੇ ਸਫਰ ਵਾਲੀ ਘਟਨਾ ਤੋਂ ਆਰੰਭ ਹੋ ਕੇ ਪਹਿਲੀਆਂ ਜੀਵਨ ਵਿਚ ਵਾਪਰੀਆਂ ਘਟਨਾਵਾਂ ਦੇ ਪੁਲੰਦੇ ਨੂੰ ਖੋਲਦੀ ਹੈ। ਇਕ ਨੌਜਵਾਨ ਅਜਨਬੀ ਰੇਲ ਵਿੱਚ ਸਫਰ ਕਰ ਰਿਹਾ ਹੈ। ਉਸਦਾ ਇਹ ਸਫ਼ਰ ਵੀ ਦੁਖ ਦਾਈ ਹੈ ਕਿਉਂਕਿ ਪੜ੍ਹਿਆ ਲਿਖਿਆ ਬੇਰੋਜ਼ਗਾਰ ਨੌਜਵਾਨ ਆਪਣੀ ਨੌਕਰੀ ਦੀ ਭਾਲ ਕਰਦਾ ਹੋਇਆ ਰੇਲ ਦੇ ਸਫ਼ਰ ਰਾਹੀਂ ਇੰਟਰਵਿਊ ਦੇਣ ਜਾ ਰਿਹਾ ਹੈ। ਇਸ ਸਫਰ ਦੌਰਾਨ ਇਕ ਵਿਧਵਾ ਮੁਟਿਆਰ ਆਪਣੇ ਬੱਚੇ ਅਤੇ ਮਾਂ ਨਾਲ ਸਫਰ ਕਰ ਰਹੀ ਹੁੰਦੀ ਹੈ। ਮੁਟਿਆਰ ਦਾ ਪਤੀ ਕੁਝ ਹੀ ਮਹੀਨੇ ਪਹਿਲਾਂ ਆਪਣੀ ਨੌਜਵਾਨ ਮੁਟਿਆਰ ਨੂੰ ਛੱਡ ਕੇ ਪਰਲੋਕ ਗਮਨ ਕਰ ਚੁੱਕਿਆ ਹੈ। ਪਰ ਮੁਟਿਆਰ ਆਪਣੀ ਭਰ ਜਵਾਨੀ ਦੇ ਦਿਨਾਂ ਚੋਂ ਲੰਘ ਰਹੀ ਹੈ। ਜਿਸਦੀ ਉਮਰ ਕੇਵਲ 20 ਕੁ ਸਾਲ ਦੀ ਹੈ। ਜਿਸ ਕਾਰਨ ਉਸ ਦੇ ਅੰਦਰਲਾ ਦਿਲ ਨੌਜਵਾਨ ਨੂੰ ਵੇਖ ਕੇ ਮਚਲ ਜਾਂਦਾ ਹੈ। 20 ਕੁ ਸਾਲ ਦੀ ਉਮਰ ਦੀ ਮੁਟਿਆਰ ਦਾ ਆਪਣੇ ਮਚਲੇ ਹੋਏ ਦਿਲ ਉਤੇ ਕਾਬੂ ਪਾਉਣਾ ਆਪਣੇ ਆਪੇ ਤੋਂ ਅਸਮਰਥ ਹੈ। ਮੁਟਿਆਰ ਪਤੀ ਨ ਹੋਣ ਕਾਰਨ ਦੁਖੀ ਹ ਅਤੇ ਨੌਜਵਾਨ ਨੌਕਰੀ ਨ ਹੋਣ ਕਾਰਣ ਉਦਾਸ ਹੈ। ਦੋਵੇਂ ਦੇ ਮਨ ਅੰਦਰ ਕੋਈ ਨ ਕੋਈ ਘਾਟ ਹੈ, ਜਿਸ ਕਰਕੇ ਦੋਵਾਂ ਦੀ ਸਮੱਸਿਆ ਇਕੋ ਜਿਹੀ ਹੈ- "ਜਿਵੇਂ-"ਜ਼ਾਹਿਰ ਹੈ ਕਿ ਉਹ ਦੁਖੀ ਅਤੇ ਉਦਾਸ ਹੈ ਪਰ ਉਸ ਅਜਨਵੀ ਜਵਾਨ ਵੱਲੋਂ ਉਸ ਵਿਚ ਦਿਖਾਈ ਜਾਂਦੀ ਉਚੇਚੀ ਦਿਲ ਚਸ਼ਪੀ ਕਾਰਨ ਉਸ ਦੇ ਜਵਾਨ ਜਜ਼ਬੇ ਟੁੰਬੇ ਜਾਂਦੇ ਹਨ ਅਤੇ ਉਹ ਦੋਵੇਂ ਹੀ ਇਕ ਦੂਜੇ ਵਲ ਆਕਰਸ਼ਿਤ ਹੋ ਜਾਂਦੇ ਹਨ। ਵਿਰੋਧੀ ਲਿੰਗ ਵਾਲੇ ਜਵਾਨ ਦਿਲਾਂ ਦੀ ਇਕ ਦੂਜੇ ਪ੍ਰਤੀ ਸ਼ਰੀਰਕ ਅਤੇ ਮਾਨਸਿਕ ਖਿਚ ਇਕ ਮਨੋਵਿਗਿਆਨਕ ਹਕੀਕਤ ਵੀ ਹੈ।"

ਇਸ ਪ੍ਰਕਾਰ ਜੱਦੋਂ ਦੋਵੇਂ ਇਕ ਦੂਜੇ ਪ੍ਰਤੀ ਆਕਰਸ਼ਿਤ ਹੋ ਜਾਂਦੇ ਹਨ ਤਾਂ ਉਹ ਦੋਵੇ ਹੀ ਧਿਰਾਂ ਆਪਣੇ ਆਪਣੇ ਅੰਦਰਲੇ ਦੁਖਾਂ ਦੇ ਪੁਲੰਦੇ ਵੀ ਇਕ ਦੂਜੇ ਅਗੇ ਖੋਲਣਾ ਆਰੰਭ ਕਰ ਦਿੰਦੇ ਹਨ ਕਿ ਪਾਠਕ ਦੀ ਸਮਝ ਵਿਚ ਵੀ ਬਹੁਤ ਹੀ ਛੇਤੀ ਆ ਜਾਂਦੀ ਹੈ। ਫਿਰ ਕੋਈ ਵੀ ਆਪਾ ਇਕ ਦੂਜੇ ਤੋਂ ਛਿਪਿਆ ਹੋਇਆ ਨਹੀਂ ਰਹਿ ਜਾਂਦਾ ਹੈ। ਮੁਟਿਆਰ ਦੀ ਮਾਂ ਆਪਣਾ ਆਪਾ ਫੋਲਦੀ ਹੋਈ ਕਹਿ ਦਿੰਦੀ ਹੈ ਕਿ ਜਦੋ ਮੇਰੀ ਇਹ ਵਾਲੜੀ ਧੀ ਦਸ ਕੁ ਸਾਲ ਦੀ ਸੀ ਤਾਂ ਮੈਂ ਵੀ ਅੱਜ ਤੋਂ ਦਸ ਮਾਲ ਪਹਿਲਾ ਵਿਧਵਾ ਹੋ ਚੁਕੀ ਸੀ। ਉਸ ਦਾ ਇਹ ਘਟਨਾ ਨੂੰ ਬਿਆਨ ਕਰਨ ਤੋਂ ਭਾਵ ਕਿ ਦੋਵੇਂ ਹੀ ਮਾਵਾਂ ਧੀਆਂ ਆਪਣੇ ਜੀਵਨ ਅੰਦਰਆਈ ਹੋਈ ਮਰਦ ਦੀ ਘਾਟ ਨੂੰ ਮਹਿਸੂਸ ਕਰਦੀਆਂ ਹਨ।

ਦੂਜੀ ਘਟਨਾ ਇਹ ਹੈ ਕਿ ਸਾਡਾ ਉਸ ਸਮੇਂ ਦਾ ਸਮਾਜ ਨੌਜਵਾਨ ਅਵਸਥਾ ਵਿੱਚ ਪਤੀ ਦੇ ਮਰਨ ਉਪਰੰਤ ਔਰਤ ਜਾਤ ਨੂੰ ਦੂਜੇ ਵਿਆਹ ਲਈ ਬਿਲਕੁਲ ਕੋਈ ਆਗਿਆ ਨਹੀ ਸੀ ਦਿੰਦਾ। ਜੋ ਕਿ ਔਰਤ ਨਾਲ ਅਨਆਇ ਸੀ। ਉਹ ਵਿਚਾਰੀ ਸਾਰੀ ਹੀ ਉਮਰ ਸੜ੍ਹ ਸੜ੍ਹ ਕੇ ਗੁਜਾਰਦੀ ਸੀ। "ਕਹਾਣੀ ਦੇ ਵੇਰਵੇ ਦੱਸਦੇ ਹਨ ਕਿ ਵਿਧਵਾ ਮੁਟਿਆਰ ਦੀ ਮਾਂ ਨੇ ਵੀ ਆਪਣੇ ਪਤੀ ਦੀ ਮੌਤ ਤੋਂ ਪਿਛੋਂ ਵਿਆਹ ਨਹੀਂ ਕਰਵਾਇਆ।"

ਉਹਨਾਂ ਦੋਵਾਂ ਲਈ ਸਫ਼ਰ ਬੇਸ਼ੱਕ ਕੁਝ ਪਲਾਂ ਦਾ ਸੀ ਪਰ ਉਸ ਪਲ ਜਿਤਨੇ ਆਨੰਦਦਾਇਕ ਸਨ ਕਿ ਉਹਨਾ ਦੋਵਾਂ ਨੂੰ ਕੁਝ ਪਲਾ ਦਾ ਸਾਥ ਜੀਵਨ ਸਾਥੀ ਵਾਂਗ ਮਹਿਸੂਸ ਹੋ ਰਿਹਾ ਸੀ। ਇਸ ਦਾ ਪ੍ਰਮਾਣ ਉਹ ਹੈ ਕਿ ਜਦੋਂ ਨੌਜਵਾਨ ਸਫ਼ਰ ਮੁਕਾ ਕੇ ਉਤਰਦਾ ਹੈ ਤਾਂ ਵਿਧਵਾ ਨੌਜਵਾਨ ਮੁਟਿਆਰ ਆਪਣੇ ਆਪ ਨੂੰ 'ਮੁੜ ਵਿਧਵਾ' ਕਹਿ ਉਠਦੀ ਹੈ।

ਇਸ ਪ੍ਰਕਾਰ ਇਸ ਕਹਾਣੀ ਦਾ ਪਲਾਟ ਬਹੁਤ ਹੁੰਦਵਾਂ ਅਤੇ ਰੋਚਕ ਹੈ। ਕਹਾਣੀਕਾਰ ਕਹਾਣੀ ਦੀ ਇਕ ਇਕ ਪਲਕ ਨੂੰ ਪੁੱਟਦਾ ਹੈ ਤਾਂ ਇਜ ਮਹਿਸੂਸ ਹੁੰਦਾ ਹੈ ਕਿ ਇਹ ਕਹਾਣੀ ਸੱਚ ਮੁੱਚ ਹੀ ਮੇਰੇ ਆਪੇ ਉਤੇ ਹੀ ਵਾਪਰ ਰਹੀ ਹੈ। ਪਾਠਕ ਕਹਾਣੀ ਦੀ ਇਕ ਇਕ ਘਟਨਾ ਦੀ ਬਿਆਨਬਾਜ਼ੀ ਨੂੰ ਪੜ੍ਹਦਾ ਹੋਇਆ ਅੱਗੇ ਦੇ ਹਾਲ ਨੂੰ ਜਾਨਣ ਲਈ ਉਤਸੁਕ ਰਹਿੰਦਾ ਹੈ ਕਿ ਅਗੇ ਕੀ ਹੈ ਅਤੇ ਹੋਰ ਅਗੇ ਕੀ ਹੋਇਆ। ਕਹਾਣੀਕਾਰ ਦਾ ਕਹਾਣੀ ਬਿਆਨ ਕਰਨ ਦਾ ਤਰੀਕਾ ਬਹੁਤ ਹੀ ਵਧੀਆ ਅਤੇ ਪਚੀਦਾ ਹੈ ਕਿਉਂਕਿ ਕਹਾਣੀਕਾਰ ਨੇ ਪਹਿਲਾਂ ਕਹਾਣੀ ਦੀ ਅੰਤਿਮ ਘਟਨਾ ਨੂੰ ਲੈ ਕੇ ਪਿਛੇ ਕਿਵੇਂ ਮੁੱਢ ਤੇ ਪਹੁੰਚਿਆ ਹੈ ਜੋ ਕਿ ਪਾਠਕ ਦੀ ਸਮਝ ਵਿਚ ਵੀ ਬਹੁਤ ਹੀ ਛੇਤੀ ਆ ਜਾਂਦੀ ਹੈ। ਕਹਾਣੀ ਪੂਰੇ ਤਰ੍ਹਾਂ ਨਾਲ ਯਥਾਰਥਕ ਰੂਪ ਧਾਰਨ ਕਰ ਜਾਂਦੀ ਹੈ ਕਿਉਂਕਿ ਇਸ ਪ੍ਰਕਾਰ ਦੀਆਂ ਘਟਨਾਵਾਂ ਅਕਸਰ ਸਾਡੇ ਸਮਾਜ ਅੰਦਰ ਕਈ ਵਾਰ ਵਾਪਰਦੀਆਂ ਹਨ। ਪਾਠਕ ਨੂੰ ਇਹ ਕਹਾਣੀ ਪੜ੍ਹਦਿਆਂ ਹੋਇਆ ਇਵੇਂ ਮਹਿਸੂਸ ਹੁੰਦਾ ਹੈ ਕਿ ਇਹ ਕਹਾਣੀ ਮੇਰੇ ਉਤੇ ਹੀ ਵਾਪਰ ਰਹੀ ਹੈ। ਇਹੀ ਕਾਰਨ ਹੈ ਕਿ ਕਹਾਣੀ ਯਥਾਰਥਕ ਤੇ ਨਿਵੜਦੀ ਹੈ।

## ਪਠਾਣ ਦੀ ਧੀ

(ਸੁਜਾਨ ਸਿੰਘ)

ਸੁਜਾਣ ਸਿੰਘ ਨੇ "ਪਠਾਣ ਦੀ ਧੀ" ਕਹਾਣੀ ਵਿਚ ਇਕ ਬਹੁਤ ਹੀ ਗਰੀਬ ਨਿਮਨ ਵਰਗ ਦੀ ਆਰਥਿਕ ਸਥਿਤੀ ਵਿਚ ਗਲਤਾਨ ਪਰਿਵਾਰ ਦੀ ਘਟਨਾ ਨੂੰ ਬਿਆਨ ਕੀਤੀ ਹੈ। ਆਰਥਿਕ ਤੰਗੀ ਕਾਰਨ ਗਰੀਬ ਪਰਿਵਾਰ ਦੇ ਬੱਚਿਆ ਦੀ ਹਾਲਤ ਬਹੁਤ ਹੀ ਤਰਸਯੋਗ ਹੁੰਦੀ ਹੈ। ਜਮਾਂਦਾਰ ਦੇ ਪਰਿਵਾਰ ਵਿੱਚੋਂ ਇਕ ਧੀ ਜਿਹੜੀ ਗਰੀਬੀ ਕਾਰਨ ਕਈ ਕਈ ਰਾਤਾਂ ਭੁੱਖੀ ਹੀ ਸੌਂ ਜਾਂਦੀ ਹੈ ਅਤੇ ਉਸਦੇ ਮਾਂ ਬਾਪ ਵੀ ਉਸ ਦੀ ਭੁੱਖ ਦੀ ਪਰਵਾਹ ਨਹੀਂ ਕਰਦੇ ਸਗੋਂ ਉਸ ਨੂੰ ਮਾਰਦੇ ਪਿੱਟਦੇ ਹਨ। ਗਫ਼ੂਰ ਇਕ ਪਠਾਣ ਹੈ ਜਿਸ ਦਾ ਆਚਰਨ ਲੋਕਾਂ ਨੂੰ ਲੁਟਣਾ, ਚੋਰੀਆਂ ਕਰਨਾ ਅਤੇ ਕਈ ਪਰਿਵਾਰਾਂ ਦੇ ਬੱਚਿਆਂ ਨੂੰ ਉਠਾ ਕੇ ਨੱਸ ਜਾਣਾ ਹੈ। ਪਰ ਜਮਾਂਦਾਰ ਦੇ ਬੱਚੇ ਇਸ ਤੋਂ ਡਰਦੇ ਨਹੀਂ ਬਲਕਿ ਇਸ ਨੂੰ ਪਿਆਰ ਕਰਦੇ ਹਨ। ਉਹ ਵੀ ਜਮਾਂਦਾਰ ਦੀ ਧੀ ਨੂੰ ਪਿਆਰ ਕਰਦਾ ਹੈ। ਲੋਕਾਂ ਦੇ ਲੁਟਿਆਂ ਹੋਇਆਂ ਪੈਸਿਆਂ 'ਚੋਂ ਕੁੜੀ ਨੂੰ ਮਦਦ ਕਰਦਾ ਹੈ। ਜਮਾਦਾਰ ਦੀ ਧੀ ਦੀ ਉਹ ਹਾਲਤ ਉਸ ਤੋਂ ਬਰਦਾਸ਼ਤ ਨਹੀਂ ਹੁੰਦੀ ਤਾਂ ਇਕ ਦਿਨ ਉਹ ਉਸ ਧੀ ਨੂੰ ਚੁੱਕ ਕੇ ਨੱਠ ਜਾਂਦਾ ਹੈ ਤੇ ਕੁੜੀ ਨੂੰ ਆਪਣੇ ਪਾਸ਼ ਰੱਖ ਕੇ ਉਸ ਨੂੰ ਇਨਾ ਪਿਆਰ ਦਿੰਦਾ ਹੈ ਕਿ ਉਹ ਬੱਚੀ ਵੀ ਜਿਸ ਮਾਂ ਪਿਉ ਨੇ ਪੈਦਾ ਕੀਤੀ ਹੈ। ਉਹਨਾ ਪਾਸ ਜਾਣ ਤੋਂ ਇਨਕਾਰ ਕਰ ਦਿੰਦੀ ਹੈ। ਜਿਸ ਸਮੇਂ ਚੋਰ ਗਫ਼ੂਰ ਤੋਂ ਵੱਖ ਹੁੰਦੀ ਹੈ ਤਾਂ ਰੋ ਰੋ ਕੇ ਬਿਲਪਦੀ ਹੋਈ ਤਰਲੇ ਕਢਦੀ ਹੈ ਕਿ ਮੈਂ ਗਫ਼ੂਰ ਪਾਸ ਹੀ ਜਾਣਾ ਹੈ। ਇਸ ਪ੍ਰਕਾਰ ਇਹ ਕਹਾਣੀ ਕਿਸ ਚੋਰ ਮਨੁੱਖ ਦੀ ਮਨੋਵਿਗਿਆਨਕ ਸਥਿਤੀ ਦੀ ਬਿਆਨਬਾਜ਼ੀ ਕਰਦੀ ਹੋਈ ਇਹ ਦਰਸ਼ਾਉਂਦੀ ਹੈ ਕਿ ਇਕ ਚੋਰ ਵੀ ਮਨੁੱਖੀ ਜਜ਼ਬਿਆਂ ਤੋਂ ਖਾਲੀ ਨਹੀਂ ਹੈ। ਉਹ ਵੀ ਗਰੀਬ ਪਰਿਵਾਰ ਦੇ ਬੱਚਿਆਂ ਦੀ ਆਰਥਿਕ ਤੰਗੀ ਕਾਰਨ ਖੇਰੂ ਖੇਰੂ ਹੋ ਰਹੀ ਹਾਲਤ ਤੋਂ ਭਲੀ ਪ੍ਰਕਾਰ ਜਾਣੂ ਹੈ। ਸੁਜਾਨ ਸਿੰਘ ਨੇ ਇਸ ਕਹਾਣੀ ਦੇ ਪਲਾਟ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਕਰਦਿਆਂ ਹੋਇਆ ਬਹੁਤ ਨੀਝ ਅਤੇ ਸੂੱਝਬੂੱਝ ਨਾਲ ਸਿਰਜਿਆ ਹੋਇਆ ਹੈ।

# ਤ੍ਰਿਸ਼ਨਾਂ

(ਕਰਤਾਰ ਸਿੰਘ ਦੁੱਗਲ)

'ਤ੍ਰਿਸ਼ਨਾਂ' ਕਹਾਣੀ ਕਰਤਾਰ ਸਿੰਘ ਦੁੱਗਲ ਵੱਲੋਂ ਲਿਖੀ ਹੋਈ ਹੈ। ਇਹ ਸਮਾਜਕ ਪੈਂਹੂ ਕਹਾਣੀਕਾਰ ਹੈ। ਇਸ ਲਈ ਉਸ ਦੀਆਂ ਆਮ ਕਹਾਣੀਆਂ ਦਾ ਵਿਸ਼ਾ ਸਮਾਜਕ ਹੁੰਦਾ ਹੈ। ਉਹ ਬਹੁ-ਵਿਧਾਈ ਲੇਖਕ ਹੈ। ਕਵਿਤਾ, ਕਹਾਣੀ, ਨਾਟਕ ਅਤੇ ਵਾਰਤਕ ਲੇਖਣ ਦੇ ਖੇਤਰ ਵਿਚ ਉਸਦੀਆਂ ਅਹਿਮ ਪ੍ਰਾਪਤੀਆਂ ਹਨ। ਪਰ ਪੰਜਾਬੀ ਕਹਾਣੀਕਾਰ ਵਜੋਂ ਦੁੱਗਲ ਦੀ ਵਿਲੱਖਣ ਪਛਾਣ ਹੈ। 'ਤ੍ਰਿਸ਼ਨਾਂ' ਕਹਾਣੀ ਰਾਹੀਂ ਦੁੱਗਲ ਨੇ ਸਾਡੇ ਸਮਾਜ ਦੇ ਬਹੁ ਚਰਚਿਤ ਵਿਸ਼ੇ ਭਰੂਣ ਹੱਤਿਆ ਬਾਰੇ ਚਰਚਾ ਕੀਤੀ ਹੋਈ ਹੈ। ਕਹਾਣੀ ਵਿਚਲਾ ਇਸਤਰੀ ਪਾਤਰ ਰਜਨੀ ਅਤੇ ਮਰਦ ਪਾਤਰ ਪਰਫੁਲ ਹੈ। ਜੋ ਕਿ ਆਪ ਵੀ ਸਰਕਾਰੀ ਮੁਲਾਜਮ ਹੈ। ਦੋਵਾਂ ਦਾ ਪਿਆਰ ਅਤੇ ਵਿਵਾਹਿਤ ਜਿੰਦਗੀ ਖੁਸ਼ੀਆਂ ਭਰੀ ਹੈ। ਪਰ ਵਿਚਾਰਾਂ ਪੱਖੋਂ ਦੋਵਾਂ ਦੇ ਵਿਚਾਰ ਕਿਧਰੇ ਕਿਧਰੇ ਸਮਾਨ ਨਹੀਂ ਹਨ। ਰਜਨੀ ਬੱਚੇ ਦੀ ਮਾਂ ਬਣਨ ਵਾਲੀ ਹੈ ਤੇ ਪਰਫੁਲ ਉਸ ਨੂੰ ਸੈਕਸ ਡਿਟਰਮੀਨੇਸਨ ਕਰਵਾਉਣ ਲਈ ਮਜਬੂਰ ਕਰਦਾ ਹੈ-"ਕਹਾਣੀ ਦੀ ਮੁੱਖ-ਪਾਤਰ ਰਜਨੀ ਪੜ੍ਹੀ ਲਿਖੀ ਹੈ ਅਤੇ ਆਪਣੀ ਮਰਜੀ ਦੇ ਵਰ ਨੂੰ ਪ੍ਰਾਪਤ ਕਰਨ ਦੀ ਉਸਨੇ ਆਜ਼ਾਦੀ ਵੀ ਹਾਸਲ ਕਰ ਲਈ ਹੈ। ਪਰ ਇਸ ਸਭ ਦੇ ਬਾਵਜੂਦ ਬੱਚਾ ਪੈਦਾ ਕਰਨ ਅਤੇ ਮਾਂ ਬਣਨ ਦੇ ਉਸਦੀ ਜਿੰਦਗੀ ਦੇ ਸਭ ਤੋਂ ਮਹੱਤਵਪੂਰਨ ਫੈਸਲੇ ਦਾ ਅਧਿਕਾਰ ਉਸਦੇ ਆਪਣੇ ਕੋਲ ਨਹੀਂ।"

ਕਹਿਣ ਤੋਂ ਭਾਵ ਕਿ ਉਸ ਦਾ ਪਤੀ ਪਰਫੁਲ ਨਰ ਬੱਚੇ ਦੀ ਚਾਹਤ ਲਈ ਆਪਣੀ ਪਤਨੀ ਰਜਨੀ ਦੇ ਜਜ਼ਬਾਤਾਂ ਨੂੰ ਸਮਝਣ ਤੋਂ ਅਸਮਰਥ ਹੈ ਤੇ ਉਹ ਉਸਦੇ ਨ ਚਾਹੁਣ ਦੇ ਬਾਵਜੂਦ ਵੀ ਉਸ ਦਾ ਸ਼ੈਕਸ ਡਿਟਰਮੀਨੇਸ਼ਨ ਕਰ ਕੇ ਅਵਾਰਸ਼ਣ ਕਰਵਾ ਦਿੰਦਾ ਹੈ-"ਮਰਦ ਪਰਫੁਲ ਰਜਨੀ ਦਾ ਪ੍ਰੇਮੀ-ਪਤੀ ਹੋਣ ਦੇ ਬਾਵਜੂਦ ਉਸ ਅੰਦਰਲੇ ਜਖ਼ਮੀ ਜਜਬਿਆ ਦੇ ਉਮੜਦੇ ਤੂਫ਼ਾਨ ਨੂੰ ਸਮਝਣ ਤੋਂ ਅਸਮਰਥ ਹੈ। ਗਰਭਪਾਤ ਕਰਵਾ ਕੇ ਆਈ ਪਤਨੀ ਦੀ ਜਖ਼ਮੀ ਮਾਨਸਿਕਤਾ ਨੂੰ ਸਮਝਣ ਤੋਂ ਅਸਮਰੱਥ ਅਤੇ ਉਸਨੂੰ ਧੀਰਜ ਦੇਣ ਦੀ ਲੋੜ ਨੂੰ ਅਸਲੋਂ ਅਣਗੌਲਿਆਂ ਕਰਕੇ ਕਲੱਬ ਚਲੇ ਜਾਣ ਵਾਲਾ ਪਰਫੁਲ ਪੱਥਰਾਏ ਜਜ਼ਬਿਆਂ ਵਾਲਾ ਵਿਅਕਤੀ ਲਗਦਾ ਹੈ। ਰਜਨੀ ਲਈ ਆਪਣੀ ਹੋਣ ਵਾਲੀ ਧੀ ਨੂੰ ਕੁੱਖ ਵਿਚ ਕਤਲ ਕਰਵਾ ਆਉਣਾ ਜਿੱਥੇ ਉਸਦੀ ਜਿੰਦਗੀ ਦੀ ਸਭ ਤੋਂ ਮਹੱਤਵ ਪੂਰਨ ਅਤੇ ਦੁਖਦਾਇਕ ਘਟਨਾ ਹੈ ਉਥੇ ਪਰਫੁਲ ਵਾਸਤੇ ਇਹ ਬਿਲਕੁਲ ਇਕ ਸਾਧਾਰਨ ਗੱਲ ਲਗਦੀ ਨਜ਼ਰ ਆਉਂਦੀ ਹੈ ਦੁੱਗਲ ਨੇ ਇਸ ਕਹਾਣੀ ਦੇ ਮਰਦ ਲੇਖਕ ਹੋਣ ਦੇਂ ਬਾਵਜੂਦ ਔਰਤ ਮਨ ਦੀ ਸੰਵੇਦਨਾ ਨੂੰ ਬੜੀ ਬਰੀਕੀ ਨਾਲ ਸਮਝਿਆ ਅਤੇ ਪੇਸ਼ ਕੀਤਾ ਹੈ।"

ਰਜਨੀ ਦੇ ਜਖ਼ਮੀ ਜਜ਼ਬਾਤਾਂ ਅਤੇ ਬੱਚੇ ਪ੍ਰਤੀ ਮਾਂ ਦੀ ਮਮਤਾ ਕਾਰਣ ਉਹ ਆਪਣਾ ਸਕੂਲ ਖੋਲਦੀ ਹੈ ਤੇ ਉਸ ਸਕੂਲ ਅੰਦਰ ਇਕ ਤ੍ਰਿਸ਼ਨਾਂ ਤੋ ਬਾਂਝ ਹੋ ਕਰ ਅਨੇਕਾਂ ਹੀ ਤ੍ਰਿਸਨਾਵਾਂ ਨੂੰ ਜਨਮ ਦਿੰਦੀ ਹੈ। ਜੋਕਿ ਇਕ ਮਾਂ ਦੀ ਅਧੂਰੀ ਮਮਤਾ ਪ੍ਰਤੀ ਬਹੁਤ ਹੀ ਵੱਡੀ ਪ੍ਰਾਪਤੀ ਹੈ।

ਸੋ ਕਰਤਾਰ ਸਿੰਘ ਦੁੱਗਲ ਨੇ ਆਪਣੀ ਇਸ ਕਹਾਣੀ ਦੇ ਪਲਾਟ ਦੀ ਸਿਰਜਣਾ ਇਸ ਪ੍ਰਕਾਰ ਕੀਤੀ ਹੋਈ ਹੈ ਜੋ ਕਿ ਮਰਦ ਪ੍ਰਧਾਨ ਸਮਾਜ ਦੀ ਘਿਣਾਉਣੀ ਸੋਚ ਨੂੰ ਨੰਗਾ ਕਰਦੀ ਹੈ। ਇਸਤਰੀ ਜਾਤੀ ਦੇ ਅੰਦਰੂਨੀ ਜਜ਼ਬਾਤਾਂ ਦੀ ਬੇਕਦਰੀ ਦੀ ਪੇਸਕਾਰੀ ਹੈ। ਰਜਨੀ ਦੇ ਕਈ ਤ੍ਰਿਸ਼ਨਾਵਾਂ ਨੂੰ ਪੈਦਾ ਕਰਨਾ ਹਿੰਮਤ ਤੋ ਦਾਦ ਦਿੰਦੀ ਹੈ ਅਤੇ ਅਗਾਂਹ ਸਮਾਜ ਨੂੰ ਧੀਆਂ ਪ੍ਰਤੀ ਇਸ ਪ੍ਰਕਾਰ ਦੀ ਸੋਚ ਨੂੰ ਵੰਗਾਰਦੀ ਹੋਈ ਅਗਲੀ ਪੀੜੀ ਨੂੰ ਚੇਤੰਨ ਕਰਦੀ ਹੈ।

Prof. Dr. Kuldeep Singh
MAM College, Jammu

-----

| | |
|---|---|
| **SEMESTER : Ist** | ਕਥਾ ਰੰਗ (ਕਹਾਣੀ ਸੰਗ੍ਰਹਿ) |
| ਅਧਿਆਇ ਅੱਠ | **Lesson No. 8** |
| **UNIT : IInd** | **SUBJECT : PUNJABI** |

# ਸਾਹਿਤਕ ਆਲੋਚਨਾ/ਕਹਾਣੀ ਕਲਾ

ਕਿਸੇ ਇਕ ਕਹਾਣੀ ਦੀ ਸਾਹਿਤਕ ਆਲੋਚਨਾ ਕਰੋ?

ਸਾਹਿਤਕ ਆਲੋਚਨਾ ਕਰਨ ਤੋਂ ਪਹਿਲਾਂ ਸਾਹਿਤਕ ਆਲੋਚਨਾ ਲਈ ਆਧਾਰਿਤ ਪੱਖਾਂ ਬਾਰੇ ਗਿਆਨ ਹੋਣਾ ਬਹੁਤ ਹੀ ਜ਼ਰੂਰੀ ਹੈ ਜੋ ਕਿ ਇਸ ਪ੍ਰਕਾਰ ਹਨ –

1. ਵਿਸ਼ਾ ਵਸਤੂ : ਕਹਾਣੀ ਵਿਚਲੀ ਪ੍ਰਮੁੱਖ ਘਟਨਾ।
2. ਉਦੇਸ਼ : ਕਹਾਣੀ ਪਾਠਕ ਨੂੰ ਕੀ ਸਿਖਿਆ ਦਿੰਦੀ ਹੈ।
3. ਪਲਾਟ : ਕਹਾਣੀਆਂ ਵਿਚਲੀਆਂ ਘਟਨਾਵਾਂ ਦੀ ਕ੍ਰਮਵਾਰ ਤਰਤੀਬ ਅਤੇ ਢੰਗ।
4. ਪਾਤਰ ਉਸਾਰੀ : ਕਹਾਣੀ ਵਿਚਲੇ ਪਾਤਰਾਂ ਦਾ ਜੀਵਨ ਆਚਰਣ ਜਾਂ ਜ਼ਿੰਦਗੀ ਬਿਤਾਉਣ ਦਾ ਤਰੀਕਾ।
5. ਵਾਰਤਾਲਾਪ : ਕਹਾਣੀ ਵਿਚਲੇ ਪਾਤਰਾਂ ਦੀ ਆਪਸੀ ਗੱਲਬਾਤ ਜਾਂ ਬੋਲਚਾਲ।
6. ਭਾਸ਼ਾ ਸ਼ੈਲੀ : ਕਹਾਣੀ ਲਿਖਣ ਦੀ ਵਿਧੀ, ਸਟਾਇਲ ਜਾਂ ਢੰਗ।
7. ਸਿਰਲੇਖ : ਕਹਾਣੀ ਦਾ ਨਾਂ ਜਾਂ ਸ਼ੀਰਸ਼ਕ।

**'27 ਜਨਵਰੀ' ਕਹਾਣੀ ਦੀ ਸਾਹਿਤਕ ਆਲੋਚਨਾ/ਕਹਾਣੀ ਕਲਾ**

**ਵਿਸ਼ਾ ਵਸਤੂ :** ਇਸ ਕਹਾਣੀ ਦਾ ਵਿਸ਼ਾ ਦੇਸ਼ ਦੇ ਮਜ਼ਦੂਰਾਂ ਅਤੇ ਕਾਮਿਆਂ ਦੇ ਜੀਵਨ ਨਾਲ ਸੰਬੰਧਤ ਹੈ। ਇਸ ਕਹਾਣੀ ਰਾਹੀਂ ਇਹ ਦਰਸਾਇਆ ਗਿਆ ਹੈ ਕਿ ਕਿਵੇਂ ਮਜ਼ਦੂਰ ਤੇ ਕਾਮਾ ਵਰਗ ਦੇਸ਼ ਦੀ ਤਰੱਕੀ ਅਤੇ ਵਿਕਾਸ ਲਈ ਹੱਡ-ਭੰਨ ਮਿਹਨਤ ਕਰਦਾ ਹੈ ਪਰ ਆਪਣੇ ਅਧਿਕਾਰਾਂ ਤੋਂ ਵੰਚਿਤ ਹੀ ਰਹਿੰਦਾ ਹੈ। ਭਾਰਤ ਦੇਸ਼ ਅੰਦਰ ਸਾਰੇ ਹੀ ਲੋਕਾਂ ਨੂੰ ਬਰਾਬਰ ਦੇ ਹੱਕ ਪ੍ਰਾਪਤ ਹਨ ਪਰ ਜਦੋਂ ਦੇਸ਼ ਦੀ ਆਜ਼ਾਦੀ ਦਾ ਦਿਨ ਮਨਾਇਆ ਜਾਂਦਾ ਹੈ ਤਾਂ ਕਾਮੇ ਵਰਗ ਦੇ ਲੋਕਾਂ ਨੂੰ ਉਸ ਸਮਾਰੋਹ ਵਿਚ ਫਟਕਣ ਨਹੀਂ ਦਿੱਤਾ ਜਾਂਦਾ ਕਿਉਂਕਿ ਉਹਨਾਂ ਦੇ ਕਪੜੇ ਮੈਲੇ-ਕੁਚੈਲੇ ਹਨ। ਇਹ ਇਕ ਪ੍ਰਕਾਰ ਦੀ ਦੇਸ਼ ਦੀ ਵਿਵਸਥਾ ਉਤੇ ਵਿਅੰਗ ਹੈ ਜੋ ਕਿ ਕਹਿਣ ਨੂੰ ਤਾਂ ਬਹੁਤ ਕੁਝ ਕਹਿੰਦੇ ਹਨ ਪਰ ਅਮਲੀ ਤੌਰ ਉਤੇ ਉਸ ਕਹੇ ਉਤੇ ਪੂਰਾ ਨਹੀਂ ਉਤਰਦੇ। ਸਮਾਰੋਹ ਤੋਂ ਪਹਿਲਾਂ ਅਤੇ ਪਿਛੋਂ ਕਾਮਾ ਵਰਗ ਨੂੰ ਉਥੋਂ ਦਾ ਮਾਲਕ ਬਣਾ ਦਿਤਾ ਜਾਂਦਾ ਹੈ, ਪਰ ਸਮਾਰੋਹ ਦੇ ਦਿਨ ਉਸ ਥਾਂ ਉਤੇ ਫਟਕਣ ਵੀ ਨਹੀਂ ਦਿਤਾ

ਜਾਂਦਾ ਜੋ ਕਿ ਕਾਮਾ ਵਰਗ ਦੇ ਜੀਵਨ ਉਤੇ ਵੀ ਵਿਅੰਗ ਕੀਤਾ ਗਿਆ ਹੈ। ਸੋ ਇਸ ਕਹਾਣੀ ਦਾ ਵਿਸ਼ਾ ਮਜ਼ਦੂਰਾਂ ਦੇ ਹੱਕ ਦੀ ਆਵਾਜ਼ ਉਠਾਉਂਦਾ ਹੈ।

ਉਦੇਸ਼ - ਇਹ ਕਹਾਣੀ '27 ਜਨਵਰੀ' ਸਾਰੇ ਹੀ ਦੇਸ਼ ਵਾਸੀਆਂ ਨੂੰ ਇਹ ਸਿਖਿਆ ਦਿੰਦੀ ਹੈ ਕਿ ਭਾਰਤ ਦੇਸ਼ ਅੰਦਰ ਰਹਿ ਰਹੇ ਸਾਰੇ ਹੀ ਨਾਗਰਿਕਾਂ ਨੂੰ ਬਰਾਬਰ ਦਾ ਹੱਕ ਹੈ ਜੋ ਕਿ ਉਪਰਲਾ ਵਰਗ ਇਹ ਗੱਲ ਨਾ ਸਮਝਦਾ ਹੋਇਆ, ਗਰੀਬਾਂ ਅਤੇ ਮਜ਼ਦੂਰਾਂ ਨੂੰ ਆਪਣੇ ਹੱਕ ਤੋਂ ਵੰਚਿਤ ਰਖਦਾ ਹੈ। ਇਹ ਗਰੀਬਾਂ ਅਤੇ ਕਾਮਿਆਂ ਨਾਲ ਧੱਕਾ ਹੈ ਜੋ ਕਦਾਚਿਤ ਵੀ ਨਹੀਂ ਹੋਣਾ ਚਾਹੀਦਾ ਹੈ।

ਪਲਾਟ - ਇਸ ਕਹਾਣੀ ਦਾ ਪਲਾਟ ਯਥਾਰਥਕ ਹੈ। ਕਹਾਣੀ ਗਰੀਬਾਂ ਦੇ ਜੀਵਨ ਨਾਲ ਵਾਪਰੀਆਂ ਘਟਨਾਵਾਂ ਨੂੰ ਇਕ ਲੜੀ ਵਿਚ ਪਰੋ ਕੇ ਪੇਸ਼ ਕਰਦੀ ਹੈ ਕਿ ਕਿਵੇਂ ਗਰੀਬ ਸਫਾਈ ਕਰਮਚਾਰੀ ਸਫਾਈ ਕਰਨ ਸਮੇਂ ਦੇਸ਼ ਦੇ ਮਾਲਕ ਹਨ, ਪਰ ਕੰਮ ਪਿਛੋਂ ਉਹਨਾਂ ਨੂੰ ਕੋਈ ਵੀ ਇੱਜ਼ਤ ਜਾਂ ਮਾਣ ਨਹੀਂ ਦਿੰਦਾ। ਜਿਵੇਂ ਝੰਡੂ ਦਾ ਪੁੱਤਰ ਪਾਸ ਹੋਣ ਦੇ ਬਾਵਜੂਦ ਵੀ ਸਮਾਰੋਹ ਵਿਚ ਨਹੀਂ ਜਾ ਪਾਉਂਦਾ ਕਿਉਂਕਿ ਉਸ ਦੀ ਬੱਦ-ਕਿਸਮਤੀ ਉਸ ਦੀ ਗਰੀਬੀ ਹੈ। ਜਿਸ ਕਾਰਨ ਉਸ ਨੂੰ ਸਮਾਰੋਹ ਵਿਚੋਂ ਧੱਕੇ ਮਾਰ ਕੇ ਬਾਹਰ ਕੱਢ ਦਿਤਾ ਜਾਂਦਾ ਹੈ। ਸੋ ਇਹ ਕਹਾਣੀ ਗਰੀਬਾਂ ਦੇ ਦੁਖਾਂਤ ਨੂੰ ਕ੍ਰਮਵਾਰ ਬਿਰਤਾਂਤਕ ਢੰਗ ਨਾਲ ਪੇਸ਼ ਕਰਦੀ ਹੈ।

ਪਾਤਰ ਉਸਾਰੀ - ਇਸ ਕਹਾਣੀ ਵਿਚ ਝੰਡੂ, ਨਾਨੂੰ ਅਤੇ ਝੰਡੂ ਦਾ ਪੁੱਤਰ ਮੁੱਖ ਪਾਤਰ ਹਨ। ਭਾਰਤ ਵਰਗੇ ਮਹਾਨ ਦੇਸ਼ ਵਿਚ ਰਹਿੰਦੇ ਹੋਏ ਮਾਣ ਮਹਿਸੂਸ ਕਰਦੇ ਹਨ ਪਰ ਜਦੋਂ ਉਹਨਾਂ ਨੂੰ ਆਪਣੇ ਹੱਕ ਤੋਂ ਵੰਚਿਤ ਕੀਤਾ ਜਾਂਦਾ ਹੈ ਤਾਂ ਉਹ ਭਾਰਤ ਵਰਗੇ ਮਹਾਨ ਦੇਸ਼ ਪ੍ਰਤੀ ਆਪਣੇ ਦੁਖਾਂਤ ਨੂੰ ਪੇਸ਼ ਕਰਨ ਤੋਂ ਡਰਦੇ ਨਹੀਂ ਹਨ। ਉਹ ਸਾਰੇ ਹੀ ਈਮਾਨਦਾਰ ਸੱਚੇ ਦੇਸ਼ ਭਗਤ ਹਨ ਪਰ ਜਦੋਂ ਦੇਸ਼ ਦੀ ਹਾਕਮ ਸ਼੍ਰੇਣੀ ਉਹਨਾਂ ਦੀ ਕਦਰ ਨਹੀਂ ਕਰਦੀ ਤਾਂ ਉਹ ਆਪਣੇ ਹੱਕ ਪ੍ਰਤੀ ਆਪਣੀ ਆਵਾਜ਼ ਉਠਾਉਂਦੇ ਹੋਏ ਦੇਸ਼ ਦੀ ਹਾਕਮ ਸ਼੍ਰੇਣੀ ਉਤੇ ਵਿਅੰਗ ਵੀ ਕਰਦੇ ਹਨ।

ਵਾਰਤਾਲਾਪ - ਕਹਾਣੀ ਅੰਦਰ ਪਾਤਰਾਂ ਦੁਆਰਾ ਲੋੜ ਅਨੁਸਾਰ ਵਾਰਤਾਲਾਪ ਕੀਤੀ ਗਈ ਹੈ -

"ਓ ਝੰਡੂ ਚਾਚਾ! ਇਹ ਬੜੀ ਨਿਕੀ ਜਿਹੀ ਗੱਲ ਏ। ਸਾਰੇ ਦੇਸ਼ ਦੀ ਸਾਂਝੀ ਉੱਨਤੀ ਲਈ ਸਾਰੇ ਰਲ ਕੇ ਮਿਹਨਤ ਕਰਨ ਤਾਂ ਕਾਇਆ ਪਲਟ ਜਾਂਦੀ ਏ ਮੁਲਕਾਂ ਦੀ।"

"ਪਰ ਨਾਨੂੰ ਬਣਨ ਬਣਾਨ ਪਿੱਛੋਂ ਸਾਡੇ ਗਰੀਬਾਂ ਨਾਲ ਉਦੋਂ ਵੀ ਉਹੋ ਸਲੂਕ ਹੋਵੇਗਾ ਕਿ।"

ਪਾਤਰਾਂ ਦੀ ਵਾਰਤਾਲਾਪ ਘਰੇਗੀ ਵਾਤਾਵਰਣ ਦੀ ਪੇਸ਼ਕਾਰੀ ਕਰਦੀ ਹੈ।

ਭਾਸ਼ਾ ਸ਼ੈਲੀ - ਕਹਾਣੀ ਵਿਚਲੀ ਭਾਸ਼ਾ ਸ਼ੈਲੀ ਬਿਆਨੀਆਂ ਕਿਸਮ ਦੀ ਹੈ। ਭਾਸ਼ਾ ਆਮ ਤੌਰ ਤੇ ਕੇਂਦਰੀ ਪੰਜਾਬੀ ਹੈ। ਕਹਾਣੀ ਵਿਚ ਕਿਤੇ ਕਿਤੇ ਨਾਟਕੀ ਅੰਸ਼ਾਂ ਦੀ ਭਰਮਾਰ ਵੀ ਹੈ। ਕੇਂਦਰੀ ਪੰਜਾਬੀ ਤੋਂ ਇਲਾਵਾ ਕਈ ਹੋਰ ਦੂਜੀਆਂ ਭਾਸ਼ਾਵਾਂ ਦੀ ਸ਼ਬਦਾਵਲੀ ਦੀ ਵਰਤੋਂ ਵੀ ਹੋਈ ਮਿਲਦੀ ਹੈ।

ਸਿਰਲੇਖ - ਕਹਾਣੀ ਦਾ ਸਿਰਲੇਖ ਕਾਫੀ ਢੁਕਵਾਂ ਹੈ ਜਿਹੜਾ ਇਹ ਦਰਸਾਉਂਦਾ ਹੈ ਕਿ ਆਜ਼ਾਦ ਭਾਰਤ ਦੇ ਗਰੀਬ ਲੋਕ ਕਿਥੋਂ ਤਕ ਆਜ਼ਾਦ ਹਨ। ਜਿਥੇ 26 ਜਨਵਰੀ ਆਜ਼ਾਦੀ ਦੇ ਦਿਹਾੜੇ ਵਜੋਂ ਮਨਾਇਆ ਜਾਂਦਾ ਹੈ, ਉਥੇ ਇਹ ਦਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਗਰੀਬ ਤੇ ਮਿਹਨਤਕਸ਼ ਆਦਮੀ ਦੇਸ਼ ਦੀ ਆਜ਼ਾਦੀ ਵਾਲੇ

ਦਿਨ ਵੀ ਆਜ਼ਾਦ ਨਹੀਂ ਹਨ ਕਿਉਂਕਿ ਉਹਨਾਂ ਨੂੰ ਇਸ ਦਿਹਾੜੇ ਉਤੇ ਵੀ ਗੰਦੇ ਕਪੜਿਆਂ ਕਾਰਣ ਆਜ਼ਾਦੀ ਦੇ ਜਸ਼ਨ ਵਿਚ ਸ਼ਾਮਿਲ ਨਹੀਂ ਹੋਣ ਦਿੱਤਾ ਜਾਂਦਾ ਬਲਕਿ ਉਥੋਂ ਵੀ ਧੱਕੇ ਮਾਰ ਕੇ ਬਾਹਰ ਕੱਢ ਦਿਤਾ ਜਾਂਦਾ ਹੈ। ਸੋ ਇਸ ਕਹਾਣੀ ਦਾ ਸਿਰਲੇਖ ਕਾਫੀ ਢੁਕਵਾਂ ਹੈ।

'ਮੁੜ ਵਿਧਵਾ' ਕਹਾਣੀ ਦੀ ਸਾਹਿਤਕ ਆਲੋਚਨਾ/ਕਹਾਣੀ ਕਲਾ

ਵਿਸ਼ਾ- ਇਸ ਕਹਾਣੀ ਦਾ ਵਿਸ਼ਾ ਇਕ ਨੌਜਵਾਨ ਵਿਧਵਾ ਮੁਟਿਆਰ ਦੇ ਜੀਵਨ ਦਾ ਦੁਖਾਂਤ ਹੈ। ਇਕ ਵੀਹ ਕੁ ਸਾਲਾਂ ਦੀ ਮੁਟਿਆਰ ਦੇ ਪਤੀ ਦੀ ਮੌਤ ਹੋ ਜਾਂਦੀ ਹੈ ਪਰ ਪਤੀ ਦੀ ਮੌਤ ਨੂੰ ਅਜੇ ਅੱਠ ਕੁ ਮਹੀਨੇ ਹੀ ਹੋਏ ਹਨ। ਉਸ ਦਾ ਜੀਵਨ ਦੁੱਖੀ ਅਤੇ ਉਦਾਸ ਹੈ ਪਰ ਪਤੀ ਦੀ ਮੌਤ ਪਿਛੋਂ ਵੀ ਉਸ ਦੇ ਜੀਵਨ ਵਿਚਲੇ ਰੰਗੀਨ ਸੁਪਨੇ ਸਮਾਪਤ ਨਹੀਂ ਹੁੰਦੇ। ਉਸ ਵਿਧਵਾ ਔਰਤ ਦੇ ਰੰਗੀਨ ਜਜ਼ਬਾਤ ਉਸ ਸਮੇਂ ਉਭਰਦੇ ਹਨ ਜਦੋਂ ਰੇਲ ਵਿਚ ਸਫ਼ਰ ਕਰਦੇ ਸਮੇਂ ਇਕ ਨੌਜਵਾਨ ਨਾਲ ਉਸ ਦੀ ਮੁਲਾਕਾਤ ਹੁੰਦੀ ਹੈ। ਉਸ ਨੌਜਵਾਨ ਦੀ ਵਿਧਵਾ ਪ੍ਰਤੀ ਦਿਲਚਸਪੀ ਉਸ ਦੇ ਜਵਾਨ ਜਜ਼ਬੇ ਨੂੰ ਟੁੰਬ ਜਾਂਦੀ ਹੈ ਤੇ ਉਹ ਉਸ ਨੌਜਵਾਨ ਪ੍ਰਤੀ ਮੋਹਿਤ ਹੋ ਜਾਂਦੀ ਹੈ। ਸਫ਼ਰ ਦੌਰਾਨ ਉਸ ਨੌਜਵਾਨ ਦਾ ਸਾਥ ਵਿਧਵਾ ਦੇ ਜਜ਼ਬਾਤਾਂ ਨੂੰ ਇੰਨਾ ਨਜ਼ਦੀਕ ਲੈ ਆਉਂਦਾ ਹੈ ਕਿ ਜਵਾਨ ਦਾ ਸਫ਼ਰ ਸਮਾਪਤ ਹੋ ਜਾਣ ਉਤੇ ਵਿਧਵਾ ਆਪਣੇ ਜੀਵਨ ਨੂੰ ਇਕ ਵਾਰ ਫੇਰ ਖਾਲੀ ਅਤੇ ਸਾਥਹੀਨ ਹੋਣ ਕਾਰਣ ਆਪਣੇ ਆਪ ਨੂੰ ਇਕੱਲਾ ਸਮਝਦੀ ਹੋਈ 'ਮੁੜ ਵਿਧਵਾ' ਕਹਿਣ ਤੇ ਮਜਬੂਰ ਹੋ ਜਾਂਦੀ ਹੈ।

ਉਦੇਸ਼ - ਇਸ ਕਹਾਣੀ ਦੁਆਰਾ ਕਹਾਣੀਕਾਰ ਨੇ ਇਹ ਦਰਸਾਇਆ ਹੈ ਕਿ ਸਾਡਾ ਸਮਾਜ ਵਿਧਵਾ ਨੂੰ ਦੂਜੇ ਵਿਆਹ ਦੀ ਆਗਿਆ ਨਹੀਂ ਦਿੰਦਾ। ਬੇਸ਼ਕ ਕਿਸੇ ਨੌਜਵਾਨ ਔਰਤ ਦੇ ਰੰਗੀਨ ਜਜ਼ਬਾਤ ਉਸ ਦੇ ਅੰਦਰ ਹੀ ਘੁਟਨ ਮਹਿਸੂਸ ਕਰਦੇ ਕਰਦੇ ਅੰਦਰ ਹੀ ਮੁਕ ਸੜ ਜਾਣ ਪਰ ਸਮਾਜ ਉਹਨਾਂ ਦੀ ਕਦਰ ਨਹੀਂ ਕਰਦਾ। ਜਿਵੇਂ ਕਿ ਵਿਧਵਾ ਦੀ ਮਾਂ ਵੀ ਭਰ ਜਵਾਨੀ ਵਿਚ ਹੀ ਵਿਧਵਾ ਹੋ ਗਈ ਸੀ ਪਰ ਉਸ ਆਪਣਾ ਸਾਰਾ ਹੀ ਜੀਵਨ ਵਿਧਵਾ ਅਵਸਥਾ ਵਿਚ ਹੀ ਕਟ ਦਿਤਾ ਸੀ। ਮੁੜ ਵਿਧਵਾ ਸਫ਼ਰ ਦੌਰਾਨ ਜੀਵਨ ਵਿਚ ਆਏ ਨੌਜਵਾਨ ਨੂੰ ਚਾਹੁਣ ਦੇ ਬਾਵਜੂਦ ਵੀ ਸਦਾ ਲਈ ਸਵੀਕਾਰ ਨਹੀਂ ਕਰ ਪਾਉਂਦੀ ਕਿਉਂਕਿ ਉਸ ਅਗੇ ਸਮਾਜ ਦੀਆਂ ਰੁਕਾਵਟਾਂ ਹਨ, ਜਿਹਨਾਂ ਨੂੰ ਤੋੜਨਾ ਉਸ ਲਈ ਬਹੁਤ ਮੁਸ਼ਕਲ ਕੰਮ ਹੈ।

ਸੋ ਇਸ ਕਹਾਣੀ ਦਾ ਉਦੇਸ਼ ਵੀ ਇਹੀ ਹੈ ਕਿ ਸਾਨੂੰ ਸਮਾਜ ਦੇ ਸਿਧਾਂਤ ਅੰਦਰ ਹੀ ਜੀਵਨ ਗੁਜ਼ਾਰਨਾ ਹੈ ਤਾਂ ਕਿ ਸਮਾਜ ਸਾਨੂੰ ਨਿੰਦੇ ਨਾ। ਸਮਾਜ ਦੀ ਸਵੀਕ੍ਰਿਤੀ ਅੰਦਰ ਜੀਵਨ ਗੁਜ਼ਾਰਨਾ ਹੀ ਚੰਗਾ ਹੈ ਬੇਸ਼ਕ ਵਿਧਵਾ ਬਣ ਕੇ ਹੀ ਕਿਉਂ ਨਾ ਗੁਜ਼ਾਰਨਾ ਪਵੇ।

ਪਲਾਟ- 'ਮੁੜ ਵਿਧਵਾ' ਕਹਾਣੀ ਦਾ ਪਲਾਟ ਸੰਤ ਸਿੰਘ ਸੇਖੋਂ ਨੇ ਬਹੁਤ ਹੀ ਵਧੀਆ ਢੰਗ ਨਾਲ ਸਿਰਜਿਆ ਹੈ। ਵਿਧਵਾ ਦੇ ਜੀਵਨ ਦੀ ਹਰੇਕ ਘਟਨਾ ਨੂੰ ਲੜੀਵਾਰ ਢੰਗ ਨਾਲ ਜੜ੍ਹਿਆ ਹੈ। ਵੀਹ ਕੁ ਸਾਲਾਂ ਵਿਚ ਹੀ ਇਕ ਨੌਜਵਾਨ ਮੁਟਿਆਰ ਵਿਧਵਾ ਹੋ ਜਾਂਦੀ ਹੈ ਅਤੇ ਸਫ਼ਰ ਦੌਰਾਨ ਇਕ ਨੌਜਵਾਨ ਪ੍ਰਤੀ ਆਕਰਸ਼ਿਤ ਹੋ ਜਾਂਦੀ ਹੈ। ਨੌਜਵਾਨ ਵੀ ਸਫ਼ਰ ਦੌਰਾਨ ਉਸ ਪ੍ਰਤੀ ਖਿਚਿਆ ਜਾਂਦਾ ਹੈ, ਪਰ ਸਫ਼ਰ ਸਮਾਪਤ ਹੋ ਜਾਣ ਤੇ ਦੋਹਾਂ ਦੀ ਪਿਆਰ ਕਹਾਣੀ ਵੀ ਸਮਾਪਤ ਹੋ ਜਾਂਦੀ ਹੈ। ਵਿਧਵਾ ਮੁੜ ਵਿਧਵਾ ਹੋ ਕੇ ਰਹਿ ਜਾਂਦੀ ਹੈ। ਇਸ ਪ੍ਰਕਾਰ ਇਸ ਕਹਾਣੀ ਦਾ ਪਲਾਟ ਬਹੁਤ ਹੀ ਗੁੰਦਵਾਂ ਹੈ।

ਪਾਤਰ ਉਸਾਰੀ - ਇਸ ਕਹਾਣੀ ਵਿਚ ਮੁੱਖ ਰੂਪ ਵਿਚ ਤਿੰਨ ਹੀ ਪਾਤਰ ਹਨ। ਇਕ-ਮੁੜ ਵਿਧਵਾ ਦੀ

ਮਾਂ, ਦੂਜੀ-ਉਹ ਆਪ ਤੇ ਤੀਜਾ-ਉਹ ਨੌਜਵਾਨ ਜਿਹੜਾ ਸਫ਼ਰ ਦੌਰਾਨ ਉਹਨਾਂ ਦੇ ਜੀਵਨ ਵਿਚ ਆਉਂਦਾ ਹੈ। ਚੌਥਾ ਦੁਖਾਂਤ ਹੈ। ਭਰ ਜਵਾਨੀ ਵਿਚ ਵਿਧਵਾ ਹੋ ਜਾਣ ਕਾਰਣ ਜਵਾਨੀ ਦੇ ਰੰਗੀਨ ਸੁਪਨੇ ਸਮਾਪਤ ਨਹੀਂ ਹੋ ਜਾਂਦੇ ਬਲਕਿ ਉਹਨਾਂ ਨੂੰ ਦਬਾਅ ਕੇ ਮਾਰਨਾ ਪੈਂਦਾ ਹੈ। ਇਕ ਨੌਜਵਾਨ ਜਿਹੜਾ ਸਫ਼ਰ ਦੌਰਾਨ ਉਹਨਾਂ ਦੇ ਜੀਵਨ ਵਿਚ ਆਉਂਦਾ ਹੈ ਅਤੇ ਵਿਧਵਾ ਪ੍ਰਤੀ ਆਕਰਸ਼ਿਤ ਹੋ ਜਾਂਦਾ ਹੈ। ਸਫ਼ਰ ਦੌਰਾਨ ਦੋਹਾਂ ਵਿਚ ਨਜ਼ਦੀਕੀ ਹੋਣ ਦੇ ਬਾਵਜੂਦ ਵੀ ਸਫ਼ਰ ਦੀ ਸਮਾਪਤੀ ਉਤੇ ਹੀ ਸਭ ਕੁਝ ਸਮਾਪਤ ਹੋ ਜਾਂਦਾ ਹੈ। ਇਸ ਪ੍ਰਕਾਰ ਕਹਾਣੀ ਵਿਚਲੇ ਸਾਰੇ ਹੀ ਪਾਤਰ ਆਦਰਸ਼ਕ ਪਾਤਰ ਹੋ ਨਿਬੜਦੇ ਹਨ।

ਵਾਰਤਾਲਾਪ- ਵਾਰਤਾਲਾਪ ਸਪਸ਼ਟ ਅਤੇ ਢੁਕਵਾਂ ਹੈ। ਸਫ਼ਰ ਦੌਰਾਨ ਨੌਜਵਾਨ ਵਿਧਵਾ ਪ੍ਰਤੀ ਨਜ਼ਦੀਕੀ ਬਣਾਉਣ ਦੀ ਕੋਸ਼ਿਸ਼ ਕਰਦਾ ਹੈ, ਜਿਵੇਂ -

"ਮਾਤਾ ਜੀ! ਤੁਸੀਂ ਕਿਥੋਂ ਆਏ ਓ?" ਨੌਜਵਾਨ ਨੇ ਬੁੱਢੀ ਕੋਲੋਂ ਪੁਛਿਆ ਅਤੇ ਉਹ ਬਾਲ ਉਸ ਨੂੰ ਦੇ ਦਿਤਾ ਤਾਂ ਕਿ ਉਹ ਕਿਸੇ ਤਰ੍ਹਾਂ ਦਾ ਸ਼ੱਕ ਨਾ ਕਰ ਲਵੇ। ਉਹ ਚਾਹੁੰਦਾ ਸੀ ਕਿ ਬੱਚੇ ਨਾਲ ਖੇਡਣ ਦੀ ਥਾਂ ਉਹ ਉਸ ਨਾਲ ਗੱਲਾਂ ਕਰੇ।

"ਇਹ ਬਾਲ ਈ ਸਿਰਫ ਸਾਡੀ ਜ਼ਿੰਦਗੀ ਦਾ ਆਸਰਾ ਏ।" ਬੁੱਢੀ ਨੇ ਬੜੀ ਦੁੱਖ ਭਰੀ ਹੋਈ ਆਵਾਜ਼ ਵਿਚ ਕਿਹਾ, "ਮੇਰੇ ਵੀ ਹੋਰ ਕੋਈ ਨਹੀਂ... ਇਸ ਦੇ ਬਾਪ ਨੂੰ ਵੀ ਮਰਿਆਂ ਕੋਈ ਦਸ ਵਰ੍ਹੇ ਹੋ ਗਏ ਨੇ।"

ਇਹ ਵਾਰਤਾਲਾਪ ਉਹਨਾਂ ਮਾਂ ਧੀ ਦੇ ਦੁਖਾਂਤ ਨੂੰ ਪੇਸ਼ ਕਰਦਾ ਹੈ।

ਭਾਸ਼ਾ ਸ਼ੈਲੀ - ਕਹਾਣੀ ਵਿਚਲੇ ਪਾਤਰਾਂ ਦੀ ਭਾਸ਼ਾ ਕੇਂਦਰੀ ਪੰਜਾਬੀ ਹੈ। ਕਹਾਣੀ ਵਿਚਲੀਆਂ ਘਟਨਾਵਾਂ ਨੂੰ ਬਿਆਨੀਆਂ ਸ਼ੈਲੀ ਰਾਹੀਂ ਬਿਆਨ ਕੀਤਾ ਗਿਆ ਹੈ। ਦੂਜੀਆਂ ਭਾਸ਼ਾਵਾਂ ਦੀ ਵਰਤੋਂ ਵੀ ਕੀਤੀ ਗਈ ਹੈ।

ਸਿਰਲੇਖ - ਕਹਾਣੀ ਦਾ ਸਿਰਲੇਖ 'ਮੁੜ ਵਿਧਵਾ' ਕਹਾਣੀ ਨਾਲ ਢੁਕਵਾਂ ਹੈ, ਕਿਉਂਕਿ ਕਹਾਣੀ ਵਿਚ 'ਮੁੜ ਵਿਧਵਾ' ਦੇ ਜੀਵਨ ਦੁਖਾਂਤ ਦੀ ਪੇਸ਼ਕਾਰੀ ਕੀਤੀ ਹੋਈ ਹੈ। ਇਸ ਵਿਚ ਕਹਾਣੀਕਾਰ ਨੇ ਇਹ ਦਰਸਾਇਆ ਹੋਇਆ ਹੈ ਕਿ ਕਿਵੇਂ ਪਹਿਲੇ ਮਾਂ ਨੇ ਸਾਰੀ ਹੀ ਉਮਰ ਵਿਧਵਾ ਦੇ ਰੂਪ ਵਿਚ ਕਟੀ ਹੈ ਪਰ ਅਜ ਜਵਾਨੀ ਵਿਚ ਵੀ ਧੀ ਨੂੰ ਵੀ ਵਿਧਵਾ ਹੋਣਾ ਪਿਆ ਹੈ ਜੋ ਕਿ ਮਾਂ ਧੀ ਦੇ ਜੀਵਨ ਦੁਖਾਂਤ ਨੂੰ ਤਰਤੀਬ ਅਨੁਸਾਰ ਪੇਸ਼ ਕੀਤਾ ਗਿਆ ਹੈ।

------

# ਕਹਾਣੀਕਾਰਾਂ ਦੀ ਪੰਜਾਬੀ ਸਾਹਿਤ ਨੂੰ ਦੇਣ-

## ਗੁਰਮੁੱਖ ਸਿੰਘ ਮੁਸਾਫਿਰ

ਕੁਝ ਸਮਾਂ ਪੰਜਾਬ ਦੇ ਮੁੱਖ-ਮੰਤ੍ਰੀ ਵਜੋਂ ਸੇਵਾ ਨਿਭਾਉਣ ਵਾਲਾ ਅਤੇ ਆਜ਼ਾਦ ਭਾਰਤ ਵਿਚ ਲੰਮਾ ਸਮ ਪਾਰਲਮੈਂਟ ਮੈਂਬਰ ਵਜੋਂ ਕਾਰਜਸ਼ੀਲ ਰਹਿਣ ਵਾਲਾ ਗੁਰਮੁਖ ਸਿੰਘ ਮੁਸਾਫਿਰ ਭਾਵੇਂ ਸਾਰੀ ਉਮਰ ਸਿਆਸਤਦਾ ਵਜੋਂ ਵਿਚਰਦਾ ਰਿਹਾ ਪਰ ਦਿਲ ਦੇ ਧੁਰ ਅੰਦਰੋਂ ਉਹ ਸੰਵੇਦਨਸ਼ੀਲ ਸਾਹਿਤਕਾਰ ਹੀ ਸੀ। ਉਸਦਾ ਜਨਮ ਸਰਦਾ ਸੁਜਾਨ ਸਿੰਘ ਦੇ ਘਰ ਪਿੰਡ ਅਧਵਾਲ, ਜ਼ਿਲ੍ਹਾ ਅਟਕ (ਹੁਣ ਪਾਕਿਸਤਾਨ) ਵਿਚ ਹੋਇਆ। ਮੈਟ੍ਰਿਕ ਅਤੇ ਗਿਆਨੀ ਦੀ ਵਿੱਦਿਆ ਹਾਸਲ ਕਰਨ ਉਪਰੰਤ ਉਸਨੇ ਕੁਝ ਸਮਾਂ ਸਕੂਲ ਅਧਿਆਪਕ ਵਜੋਂ ਸੇਵਾ ਨਿਭਾਈ। ਇਹ ਉਹ ਦੌ ਸੀ ਜਦੋਂ ਮਹੰਤਾਂ ਹੱਥੋਂ ਗੁਰਦਆਰਿਆਂ ਨੂੰ ਆਜ਼ਾਦ ਕਰਾਉਣ ਲਈ ਸੰਘਰਸ਼ ਚੱਲ ਰਿਹਾ ਸੀ। ਅਕਾਲੀ ਪਾਰਟੀ ਇਸ ਸੰਘਰਸ਼ ਦੇ ਹਰਾਵਲ ਦਸਤੇ ਵਜੋਂ ਕਾਰਜਸ਼ੀਲ ਸੀ। ਨੌਜਵਾਨ ਮੁਸਾਫਿਰ ਦੀ ਕੁਝ ਸਾਰਥਕ ਅਤੇ ਨਵਾਂ ਕਰਨ ਦੀ ਰੀਝ ਨੇ ਉਸਨੂੰ ਅਕਾਲੀ ਸਿਆਸਤ ਨਾਲ ਜੋੜ ਦਿੱਤਾ। ਆਪਣੀ ਲਗਨ, ਸਿਆਣਪ ਅਤੇ ਨਿਰਸਵਾਰਥ ਸੇਵਾ ਸਦਕਾ ਉਹ ਅਕਾਲੀ ਸਿਆਸਤ ਵਿੱਚ ਉਚੇ ਅਹੁਦਿਆਂ 'ਤੇ ਪਹੁੰਚਣ ਵਿੱਚ ਕਾਮਯਾਬ ਹੋਇਆ। ਸ਼ਾਇਰ ਅਤੇ ਲੇਖਕ ਵਜੋਂ ਪਛਾਣ ਬਣ ਜਾਣ ਕਰਕੇ ਅਤੇ ਆਪਣਾ ਮੱਤ ਵਿਵੇਕਪੂਰਨ ਢੰਗ ਨਾਲ ਪੇਸ਼ ਕਰਨ ਦੀ ਯੋਗਤਾ ਸਦਕਾ ਉਸਨੂੰ ਅਕਾਲੀ ਅਖਬਾਰ ਦੇ ਸੰਪਾਦਕ ਦੀ ਜ਼ਿੰਮੇਵਾਰੀ ਨਿਭਾਉਣ ਦਾ ਮੌਕਾ ਵੀ ਮਿਲਿਆ। ਛੇਤੀ ਹੀ ਉਹ ਕਾਂਗਰਸ ਵਲੋਂ ਚਲਾਏ ਜਾ ਰਹੇ ਆਜ਼ਾਦੀ ਸੰਗਰਾਮ ਦੀ ਸਰਗਰਮ ਧਿਰ ਬਣ ਗਿਆ ਤੇ ਕਈ ਵਾਰ ਜੇਲ੍ਹ ਯਾਤਰਾ ਵੀ ਕੀਤੀ।

ਗੁਰਮੁਖ ਸਿੰਘ ਮੁਸਾਫਿਰ ਸਿੱਧੇ ਤੌਰ 'ਤੇ ਰਾਜਨੀਤੀ ਨਾਲ ਜੁੜਿਆ ਰਿਹਾ ਲੇਖਕ ਸੀ। ਉਸ ਸਮੇਂ ਦੀ ਰਾਜਨੀਤੀ ਆਪਣੇ ਨਿੱਜ ਵਾਸਤੇ ਕੁਝ ਹਾਸਲ ਕਰਨ ਦੀ ਥਾਂ ਦੇਸ਼ ਅਤੇ ਸਮਾਜ ਲਈ ਤਿਆਗ ਅਤੇ ਕੁਰਬਾਨੀ ਕਰਨ ਵਾਲਾ ਕਾਰਜ-ਖੇਤਰ ਗਿਣਿਆ ਜਾਂਦਾ ਸੀ। ਆਪਣੇ ਨਿੱਜ ਅਤੇ ਪਰਿਵਾਰ ਦੀਆਂ ਲੋੜਾਂ ਨੂੰ ਅਣਗੌਲਿਆਂ ਕਰਕੇ ਆਜ਼ਾਦੀ ਸੰਘਰਸ਼ ਵਿੱਚ ਨਿਰੰਤਰ ਜੁੱਟੇ ਰਹਿਣ ਵਾਲੇ ਗੁਰਮੁਖ ਸਿੰਘ ਮੁਸਾਫਿਰ ਨੇ ਆਪਣੇ ਤਨ-ਮਨ 'ਤੇ ਸਹੀ ਪੀੜ ਨੂੰ ਆਪਣੀਆਂ ਰਚਨਾਵਾਂ ਵਿੱਚ ਪੇਸ਼ ਕੀਤਾ। ਇਸੇ ਕਰਕੇ ਉਸਦੀ ਪਛਾਣ ਰਾਜਨੀਤਕ ਚੇਤਨਾ ਵਾਲੇ ਕਵੀ-ਕਹਾਣੀਕਾਰ ਵਜੋਂ ਕੀਤੀ ਜਾਂਦੀ ਹੈ। ਉਸਦੀਆਂ ਕਹਾਣੀਆਂ ਵਿੱਚ ਆਜ਼ਾਦੀ ਸੰਗਰਾਮੀਆਂ ਦੇ ਹੱਡੀਂ ਹੰਢਾਏ ਦਰਦ ਦੀ ਪ੍ਰਮਾਣਿਕ ਪੀੜ ਬੋਲਦੀ ਹੈ। ਉਸਨੇ ਆਪਣੀਆਂ ਕਹਾਣੀਆਂ ਵਿੱਚ ਆਜ਼ਾਦੀ ਸੰਗਰਾਮ ਵਿੱਚ ਜੁਝ ਰਹੇ ਲੋਕਾਂ ਦੇ ਕਿਰਦਾਰ, ਕੁਰਬਾਨੀ ਅਤੇ ਸਮੱਸਿਆਵਾਂ ਦਾ ਚਿਤ੍ਰਣ ਕਰਕੇ ਰਚਨਾ-ਵਸਤੂ ਪੱਖੋਂ ਪੰਜਾਬੀ ਦੀ ਮੁਢਲੀ ਕਹਾਣੀ ਨੂੰ ਅਮੀਰੀ ਬਖਸ਼ੀ। ਇਸ ਪੱਖੋਂ ਮੁਸਾਫਿਰ ਦਾ ਪੰਜਾਬੀ ਕਹਾਣੀ ਵਿੱਚ ਯੋਗਦਾਨ ਇਤਿਹਾਸਕ, ਮਹੱਤਵ ਕਲਾ ਹੈ। ਉਸਦਾ ਸ਼ੁਮਾਰ ਪੰਜਾਬੀ ਦੇ ਮੋਢੀ ਕਹਾਣੀਕਾਰਾਂ ਵਿੱਚ ਵੀ ਕੀਤਾ ਜਾਂਦਾ ਹੈ।

ਉਸਦੇ ਕਹਾਣੀ ਸੰਗ੍ਰਹਿਆਂ ਦਾ ਵੇਰਵਾ ਇਸ ਪ੍ਰਕਾਰ ਹੈ :

ਵੱਖਰੀ ਦੁਨੀਆਂ-1949, ਸਭ ਹੱਛਾ-1949, ਆਲੂਣੇ ਬੋਟ-1955, ਸਸਤਾ ਤਮਾਸ਼ਾ-1956, ਕੱਚਾ ਘੜ ਪਟੀਆਂ-1960, ਉਸਦੇ ਕਹਾਣੀ ਸੰਗ੍ਰਹਿ ਉਰਵਾਰ ਪਾਰ ਨੂੰ ਮਰਨ-ਉਪਰੰਤ, 1978 ਵਿੱਚ ਸਾਹਿਤ ਅਕਾਦਮੀ ਦਾ ਪੁਰਸਕਾਰ ਵੀ ਪ੍ਰਦਾਨ ਕੀਤਾ ਗਿਆ। ਗੁਟਾਰ, ਬਾਗੀ ਦੀ ਧੀ, ਸਭ ਹੱਛਾ ਉਸਦੀਆਂ ਬਹੁ-ਚਰਚਿਤ ਕਹਾਣੀਆਂ ਹਨ।

## ਸੰਤ ਸਿੰਘ ਸੇਖੋਂ

ਸਾਰੀ ਉਮਰ ਕਾਮਯਾਬ ਸਿਆਸਤਦਾਨ ਬਣਨ ਦੀ ਇੱਛਾ ਰੱਖਣ ਦੇ ਬਾਵਜੂਦ ਅਸਫਲ ਰਹਿਣ ਵਾਲੇ ਪਰ ਲੇਖਕ ਵਜੋਂ ਕਮਾਲ ਦੀ ਸਫਲਤਾ ਹਾਸਲ ਕਰਨ ਵਾਲੇ ਬਹੁ-ਚਰਚਿਤ ਲੇਖਕ ਸੰਤ ਸਿੰਘ ਸੇਖੋਂ ਦਾ ਜਨਮ ਚੱਕ ਨੰਬਰ 70 ਜ਼ਿਲ੍ਹਾ ਲਾਇਲਪੁਰ ਵਿੱਚ ਸਰਦਾਰ ਹੁਕਮ ਸਿੰਘ ਦੇ ਘਰ ਹੋਇਆ। ਉਸਨੇ ਅੰਗਰੇਜ਼ੀ ਅਤੇ ਅਰਥ ਸ਼ਾਸਤਰ ਦੇ ਵਿਸ਼ਿਆਂ ਵਿੱਚ ਐਮ ਏ ਤੱਕ ਵਿਦਿਆ ਹਾਸਲ ਕੀਤੀ। ਪਹਿਲਾਂ ਉਸਨੇ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਬਤੌਰ ਲੈਕਚਰਾਰ ਪੜ੍ਹਾਉਣਾ ਸ਼ੁਰੂ ਕੀਤਾ ਅਤੇ ਪਿੱਛੋਂ ਜਾ ਕੇ ਖਾਲਸਾ ਕਾਲਜ ਗੁਰੂਸਰ ਸੁਧਾਰ ਅਤੇ ਮਾਤਾ ਗੁਜਰੀ ਕਾਲਜ ਫਤਹਿਗੜ੍ਹ ਸਾਹਿਬ ਦੇ ਪ੍ਰਿੰਸੀਪਲ ਦੀ ਸੇਵਾ ਵੀ ਨਿਭਾਈ। ਉਸਨੇ ਸ਼ੁਰੂ-ਸ਼ੁਰੂ ਵਿੱਚ ਅੰਗ੍ਰੇਜ਼ੀ ਵਿੱਚ ਵੀ ਸਾਹਿਤ-ਰਚਨਾ ਕੀਤੀ ਅਤੇ 1939 ਵਿੱਚ ਲਾਹੌਰ ਤੋਂ ਇੱਕ ਅੰਗਰੇਜ਼ੀ ਪਰਚਾ 'ਨਾਰਦਰਨ ਰੀਵੀਊ' ਵੀ ਸ਼ੁਰੂ ਕੀਤਾ।

ਸੰਤ ਸਿੰਘ ਸੇਖੋਂ ਬਹੁਪੱਖੀ ਪ੍ਰਤਿਭਾ ਦਾ ਮਾਲਕ ਸੀ। ਉਸਨੇ ਪੰਜਾਬੀ ਆਲੋਚਨਾ, ਨਾਵਲ, ਨਾਟਕ ਅਤੇ ਕਹਾਣੀ ਦੇ ਖੇਤਰ ਵਿੱਚ ਨਵੀਆਂ ਦਿਸ਼ਾਵਾਂ ਖੋਜ ਕੇ ਲੇਖਕਾਂ ਦੀਆਂ ਸਰ ਪੀੜੀਆਂ ਲਈ ਮਾਰਗ-ਦਰਸ਼ਕ ਦਾ ਕੰਮ ਕੀਤਾ। 'ਸਾਹਿਤਆਰਥ' (ਆਲੋਚਨਾ), ਲਹੂ ਮਿੱਟੀ (ਨਾਵਲ), ਸਮਾਚਾਰ (ਕਹਾਣੀ-ਸੰਗ੍ਰਹਿ) ਉਸਦੀਆਂ ਇਤਿਹਾਸਕ ਅਤੇ ਕਲਾਸਿਕ ਮਹੱਤਵ ਵਾਲੀਆਂ ਮੁਢਲੀਆਂ ਰਚਨਾਵਾਂ ਆਖੀਆਂ ਜਾ ਸਕਦੀਆਂ ਹਨ। ਮੋਢੀ ਲੇਖਕ ਵਜੋਂ ਉਸਦੀ ਬਹੁਪੱਖੀ ਦੇਣ ਨੂੰ ਮੁੱਖ ਰੱਖਦਿਆਂ ਉਸਨੂੰ ਉਸਦੇ ਆਪਣੇ ਹੀ ਇੱਕ ਨਾਟਕ ਦੇ ਹਵਾਲੇ ਨਾਲ 'ਪੰਜਾਬੀ ਸਾਹਿਤ ਦਾ ਬਾਬਾ ਬੋਹੜ' ਵੀ ਕਿਹਾ ਜਾਂਦਾ ਹੈ। ਪੰਜਾਬੀ ਕਹਾਣੀ ਦੇ ਇਤਿਹਾਸ ਵਿੱਚ ਤਾਂ ਉਸਨੂੰ ਯਥਾਰਥਵਾਦੀ ਨਿੱਕੀ ਕਹਾਣੀ ਦਾ ਮੋਢੀ ਕਹਾਣੀਕਾਰ ਮੰਨਿਆਂ ਜਾਂਦਾ ਹੈ। ਆਪਣੀਆਂ ਪਹਿਲੀਆਂ ਦੋ ਕਹਾਣੀਆਂ ('ਭੱਤਾ' ਅਤੇ 'ਕੀਟਾਂ ਅੰਦਰ ਕੀਟ') ਰਾਹੀਂ ਉਸਨੇ ਆਧੁਨਕ ਨਿੱਕੀ ਹੁਨਰੀ ਕਹਾਣੀ ਦੀ ਨੀਂਹ ਰੱਖ ਦਿੱਤੀ। 'ਭੱਤਾ' ਕਹਾਣੀ ਲਿਖ ਕੇ ਉਸਨੇ ਮਨੁੱਖੀ ਅੰਤਰ ਮਨ ਵਿੱਚ ਉੱਠਦੀਆਂ ਤਰੰਗਾਂ ਦੀ ਮਨੋਵਿਗਿਆਨਕ ਅੱਕਾਸੀ ਕਰਨ ਦੀ ਪਿਰਤ ਪਾਈ ਅਤੇ 'ਕੀਟਾਂ ਅੰਤਰ ਕੀਟ' ਕਹਾਣੀ ਰਾਹੀਂ ਸਾਡੇ ਆਰਥਿਕ-ਸਮਾਜਿਕ ਸਰੋਕਾਰਾਂ ਨੂੰ ਕਲਾਤਮਕ ਜ਼ੁਬਾਨ ਦੇਣ ਦਾ ਮੁੱਢਲਾ ਉਪਰਾਲਾ ਕਰਕੇ ਆਉਣ ਵਾਲੇ ਲੇਖਕਾਂ ਲਈ ਕਹਾਣੀ ਰਚਨਾ ਦਾ ਇੱਕ ਮਾਡਲ ਪੇਸ਼ ਕੀਤਾ। ਆਕਾਰ-ਪਰਕਾਰ ਦੀ ਮੌਲਿਕਤਾ ਅਤੇ ਨਵੀਨਤਾ ਦੇ ਪੱਖੋਂ ਉਹ ਨਿਸ਼ਚਿਤ ਰੂਪ ਵਿੱਚ ਪੰਜਾਬੀ ਕਹਾਣੀ ਦਾ ਮੁੱਢਲਾ ਮੀਲ-ਪੱਥਰ ਹੈ। ਜਿੱਥੇ ਉਸਨੇ ਬੌਧਿਕ ਵਿਅੰਗ ਵਾਲੀਆਂ, ਆਕਾਰ ਦੇ ਪੱਖੋਂ ਸਾਂਭੀਆਂ ਸਿੰਕਰੀਆਂ ਸੰਕੇਤਿਕ ਕਹਾਣੀ ਦੀ ਸਿਰਜਣਾ ਕੀਤੀ ਉੱਥੇ ਉਸਨੇ 'ਕੁਰਬਾਨੀ ਦਾ ਬੱਕਰਾ' ਅਤੇ 'ਜੱਗ ਤੇ ਜਿਊਣਾ ਕੂੜ ਉਨ੍ਹਾਂ ਦਾ' ਜਿਹੀਆਂ ਲੰਮੇ ਆਕਾਰ ਦੀਆਂ ਕਹਾਣੀਆਂ ਦੀ ਸਿਰਜਣਾ ਕਰਕੇ 'ਲੰਮੀ-ਨਿੱਕੀ ਕਹਾਣੀ' ਦਾ ਵੀ ਇੱਕ ਨਿਸ਼ਚਿਤ ਮਿਆਰ ਕਾਇਮ ਕਰ ਦਿੱਤਾ। ਉਸਦੇ ਕਹਾਣੀ ਸੰਗ੍ਰਹਿ ਇਸ ਪ੍ਰਕਾਰ ਹਨ-

ਸਮਾਚਾਰ-1943, ਕਾਮੇ ਤੇ ਜੋਧੇ-1948, ਅੱਧੀ ਵਾਟ-1951, ਤੀਜਾ ਪਹਿਰ-1956, ਸਿਆਣਪ 1981। 'ਮੀਂਹ ਜਾਵੇ ਹਨੇਰੀ ਜਾਵੇ', 'ਮੁੜ ਵਿਧਵਾ', 'ਪੰਮੀ ਦੇ ਨਿਆਣੇ', 'ਹਲਵਾਹ' ਉਸਦੀਆਂ ਬਹੁ-ਚਰਚਿ ਕਹਾਣੀਆਂ ਹਨ। ਉਸਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਉਸਦੇ ਨਾਟਕ 'ਮਿੱਤਰ ਪਿਆਰਾ' ਲਈ ਪ੍ਰਾਪ ਹੋਇਆ।

## ਪ੍ਰਿੰ. ਸੁਜਾਨ ਸਿੰਘ

ਸੁੱਚੀਆਂ ਕਦਰਾਂ ਵਾਲੇ ਸ਼੍ਰੇਣੀ-ਰਹਿਤ ਸਮਾਜ ਦੀ ਸਥਾਪਨਾ ਲਈ, ਲਿਖਤ ਅਤੇ ਜੀਵਨ ਵਿੱਚ ਉਮਰ ਭ ਜੂਝਣ ਵਾਲੇ ਸਾਹਿਤਕ ਸੂਰਮੇ ਸੁਜਾਨ ਸਿੰਘ ਦਾ ਜਨਮ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ ਵਿਖੇ ਸਰਦ ਹਾਕਮ ਸਿੰਘ ਦੇ ਘਰ ਹੋਇਆ। ਕੁਝ ਸਮਾਂ ਕਲਰਕ ਵਜੋਂ ਸੇਵਾ ਨਿਭਾਈ। ਉਪਰੰਤ ਐਮ.ਏ. ਪੰਜਾਬੀ ਤੱਕ ਵਿਦਿ ਪ੍ਰਾਪਤ ਕਰਕੇ ਸੁਜਾਨ ਸਿੰਘ ਸਾਰੀ ਉਮਰ ਅਧਿਆਪਨ ਦੇ ਕਾਰਜ ਨਾਲ ਹੀ ਜੁੜਿਆ ਰਿਹਾ। ਪਹਿਲਾਂ ਪਹਿ ਸਕੂਲ ਅਧਿਆਪਕ ਵਜੋਂ ਸੇਵਾ ਸ਼ੁਰੂ ਕੀਤੀ। ਉਪਰੰਤ ਉਹ ਪ੍ਰਸਿੱਧ ਗਦਰੀ ਦੇਸ਼ ਭਗਤ ਬਾਬਾ ਸੋਹਨ ਸਿੰਘ ਭਕ ਵੱਲੋਂ ਚਲਾਏ ਜਾਂਦੇ ਸਕੂਲ ਦਾ ਮੁੱਖ ਅਧਿਆਪਕ ਵੀ ਰਿਹਾ। ਗੁਰੂ ਨਾਨਕ ਕਾਲਜ ਗੁਰਦਾਸਪੁਰ ਦੇ ਪ੍ਰਿੰਸੀਪਲ ਦ ਸੇਵਾ ਵੀ ਨਿਭਾਈ। ਸੁਜਾਨ ਸਿੰਘ ਨੂੰ ਆਪਣੇ ਜੀਵਨ ਕਾਲ ਵਿੱਚ ਹਮੇਸ਼ਾ ਆਰਥਿਕ ਤੰਗੀ ਦਾ ਸਾਹਮਣਾ ਕਰ ਪਿਆ। ਆਰਥਿਕ ਤੰਗਦਸਤੀ ਵਾਲੇ ਅਜਿਹੇ ਜੀਵਨ ਨੂੰ ਬਦਲਣ ਦੀ ਖਾਹਿਸ਼ ਨੇ ਉਸਨੂੰ ਮਾਰਕਸਵਾਦ ਅਧਿਅਨ ਵੱਲ ਮੋੜਿਆ ਅਤੇ ਛੇਤੀ ਹੀ ਉਹ ਸਾਹਿਤ ਦੇ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਦਾ ਧਾਰਨੀ ਬਣ ਗਿਆ ਉਹ ਸਾਹਿਤ ਨੂੰ ਦੁਖੀਆਂ ਅਤੇ ਗਰੀਬਾਂ ਦੀ ਢਾਲ ਅਤੇ ਹਥਿਆਰ ਵਜੋਂ ਵਰਤਣ ਦਾ ਮੁੱਦਈ ਸੀ। ਉਹ ਲੇਖਕ ਦੀ ਸਾਹਿਤਕ ਜੱਥੇਬੰਦੀ 'ਕੇਂਦਰੀ ਪੰਜਾਬੀ ਲੇਖਕ ਸਭਾ' ਦੇ ਮੋਢੀਆਂ ਵਿੱਚੋਂ ਵੀ ਸੀ ਅਤੇ ਕੁਝ ਸਮਾਂ ਇਸਦਾ ਪ੍ਰਧ ਵੀ ਰਿਹਾ। ਪੰਜਾਬੀ ਭਾਸ਼ਾ ਨੂੰ ਉਸਦਾ ਬਣਦਾ ਹੱਕੀ ਸਥਾਨ ਦਿਵਾਉਣ ਲਈ ਚਲਾਈ ਜਾ ਰਹੀ ਲਹਿਰ ਵਿ ਵੀ ਉਸਨੇ ਭਰਪੂਰ ਯੋਗਦਾਨ ਪਾਇਆ ਅਤੇ ਇਸ ਮਕਸਦ ਦੀ ਪ੍ਰਾਪਤੀ ਲਈ ਜੇਲ੍ਹ ਯਾਤਰਾ ਵੀ ਕੀਤੀ।

ਸੁਜਾਨ ਸਿੰਘ ਨੇ ਭਾਵੇਂ ਕੁਝ ਵਾਰਤਕ ਵੀ ਲਿਖੀ ਅਤੇ ਉਸਦੀ ਵਾਰਤਕ-ਪੁਸਤਕ 'ਜੰਮੂ ਜੀ ਤੁਸੀਂ ਰਾ ਰਾਅ' ਚਰਚਾ ਵਿੱਚ ਵੀ ਰਹੀ ਪਰ ਉਸਦੀ ਵਡੇਰੀ ਪ੍ਰਾਪਤੀ ਆਧੁਨਿਕ ਨਿੱਕੀ ਕਹਾਣੀ ਦੇ ਮੋਢੀ ਤੇ ਸਮ ਕਹਾਣੀਕਾਰ ਵਜੋਂ ਹੀ ਜਾਣੀ ਜਾਂਦੀ ਹੈ। ਨਿਮਨ ਵਰਗ ਦੇ ਆਰਥਿਕ-ਸਮਾਜਿਕ ਪੱਖੋਂ ਦਲੇ-ਮਲੇ ਲੋਕਾਂ ਨੂੰ ਪਹਿ ਵਾਰ ਸੁਜਾਨ ਸਿੰਘ ਦੀਆਂ ਕਹਾਣੀਆਂ ਵਿੱਚ ਆਪਣਾ ਆਪ ਬੋਲਦਾ-ਵਿਚਰਦਾ ਦਿਸਿਆ। ਅੱਜ ਦੇ 'ਦਲਿ ਲੇਖਣ' ਦੇ ਹਵਾਲੇ ਨਾਲ ਗੱਲ ਕਰਨੀ ਹੋਵੇ ਤਾਂ ਨਿਰਸੰਦੇਹ ਸੁਜਾਣ ਸਿੰਘ ਪੰਜਾਬੀ ਦਾ ਪਹਿਲਾ 'ਦਲਿਤ ਲੇਖ ਸੀ। ਉਸ ਦੀਆਂ ਕਹਾਣੀਆਂ ਵਿੱਚ ਸਿਰਫ ਹੱਡੀ ਹੰਢਾਈ ਗਰੀਬਾਂ ਦਾ ਪ੍ਰਮਾਣਿਕ ਬਿਆਨ ਹੀ ਨਹੀਂ ਸੀ ਹੁੰ ਸਗੋਂ ਇਸ ਗਰੀਬੀ ਪਿੱਛੇ ਕੰਮ ਕਰਦੇ ਪ੍ਰੇਰਕਾਂ ਵੱਲ ਸੰਕੇਤ ਵੀ ਹੁੰਦਾ ਸੀ। ਉਸਦੀਆਂ ਕਹਾਣੀਆਂ ਇਸ ਲਾਹਨ ਭਰੇ ਜੀਵਨ ਪ੍ਰਤੀ ਨਫਰਤ ਦੇ ਭਾਵ ਪੈਦਾ ਕਰਦੇ ਇਸ ਨੂੰ ਬਦਲਣ ਦੀ ਪ੍ਰੇਰਨਾ ਦਿੰਦੀਆਂ ਸਨ। ਇਹੋ ਹੀ ਕਾ ਹੈ ਕਿ ਕਈ ਵਾਰ ਉਸ ਉੱਤੇ ਪ੍ਰਚਾਰਕ ਹੋਣ ਦਾ ਦੋਸ਼ ਵੀ ਲੱਗਦਾ ਰਿਹਾ। ਸੁਜਾਨ ਸਿੰਘ ਨੇ ਇਸ ਦੋਸ਼ ਦਾ ਜਵ ਦਿੰਦਿਆ ਸਾਹਿਤ ਦੀ 'ਸਮਾਜਿਕ ਜ਼ਿੰਮੇਵਾਰੀ' ਸਮਝਣ ਤੇ ਬਲ ਦਿੱਤਾ ਅਤੇ ਕਹਾਣੀ ਵਿੱਚ 'ਕਲਾ' ਅਤੇ 'ਪ੍ਰਚ ਦੇ ਆਪਸੀ ਸੰਬੰਧਾਂ ਬਾਰੇ ਚਰਚਾ ਕਰਦਿਆਂ ਕਹਾਣੀ-ਕਲਾ ਬਾਰੇ ਵੀ ਆਪਣਾ ਨਿਸ਼ਚਿਤ ਮੱਤ ਪੇਸ਼ ਕੀਤਾ। ਸੁਜ ਸਿੰਘ ਦੇ ਕਹਾਣੀ ਸੰਗ੍ਰਹਿ ਇਸ ਪ੍ਰਕਾਰ ਹਨ—

ਦੁੱਖ-ਸੁੱਖ-1939, ਦੁੱਖ-ਸੁੱਖ ਦੇ ਪਿੱਛੇ-1943, ਸਭ ਰੰਗ-1949, ਨਰਕਾਂ ਦੇ ਦੇਵਤੇ-1951, ਨਵਾਂ ਰੰ

ਰੇਢ ਆਦਮੀ-1952, ਮਨੁੱਖ ਤੇ ਪਸ਼ੂ-1954, ਸਵਾਲ ਜਵਾਬ-1962, ਕਲਗੀ ਦੀਆਂ ਅਣੀਆਂ-1966, ਪੱਤਣ ਤੇ ਸਰਾ-1967, ਸੱਤ ਸੁਰਾਂ-1976, ਅਮਰ ਗੁਰ ਗਿਸ਼ਮਾਂ-1982, ਸ਼ਹਿਰ ਤੇ ਗ੍ਰਾਂ-1985, ਇਸ ਆਖਰੀ ਪੁਸਤਕ ਉੱਤੇ ਉਸਨੂੰ 1986 ਵਿੱਚ ਸਾਹਿਤ ਅਕਾਦਮੀ ਦਾ ਪੁਰਸਕਾਰ ਦਿੱਤਾ ਗਿਆ। ਕੁਲਫੀ, ਰਜਾਈ, ਪ੍ਰਾਹੁਣਾ, ਪਠਾਣ ਦੀ ਧੀ ਅਤੇ ਰਾਸ ਲੀਲਾ ਉਸਦੀਆਂ ਯਾਦਗਾਰੀ ਕਹਾਣੀਆਂ ਹਨ।

## ਕਰਤਾਰ ਸਿੰਘ 'ਦੁੱਗਲ'

ਪੰਜਾਬੀ ਕਹਾਣੀ ਕਲਾ ਦੇ ਵਿਕਾਸ ਵਿੱਚ ਆਰੰਭਕ ਦੌਰ ਦੇ ਕਹਾਣੀਕਾਰਾਂ ਨਾਨਕ ਸਿੰਘ, ਗੁਰਬਖ਼ਸ਼ ਸਿੰਘ ਤੋਂ ਪਿੱਛੋਂ ਸੰਤ ਸਿੰਘ ਸੇਖੋਂ, ਪ੍ਰੋ. ਮੋਹਨ ਸਿੰਘ, ਸੁਜਾਨ ਸਿੰਘ ਤੇ ਕਰਤਾਰ ਸਿੰਘ ਨੇ ਪ੍ਰਮੁੱਖ ਹਿੱਸਾ ਪਾਇਆ ਹੈ। ਇਹਨਾਂ ਕਹਾਣੀਕਾਰਾਂ ਦੀਆਂ ਕਹਾਣੀਆਂ ਨਾਲ ਪੰਜਾਬੀ ਕਹਾਣੀ ਨੇ ਇਕਦਮ ਬਚਪਨੇ ਤੋਂ ਭਰ ਜਵਾਨੀ ਵਿਚ ਪ੍ਰਵੇਸ਼ ਕਰ ਲਿਆ।

ਨਾਨਕ ਸਿੰਘ, ਗੁਰਬਖ਼ਸ਼ ਸਿੰਘ ਤੋਂ ਪਹਿਲਾਂ ਵੀ ਭਾਵੇਂ ਸ: ਚਰਨ ਸਿੰਘ ਸ਼ਹੀਦ ਭਾਈ ਮੋਹਨ ਸਿੰਘ ਵੈਦ ਤੇ ਹੀਰਾ ਸਿੰਘ ਦਰਦ ਜਿਹੇ ਕਹਾਣੀਕਾਰਾਂ ਨੇਂ ਪੰਜਾਬੀ ਕਹਾਣੀ ਖੇਤਰ ਵਿੱਚ ਮੁੱਢਲੇ ਯਤਨ ਕੀਤੇ ਪਰ ਉਹਨਾਂ ਦੀਆਂ ਕਹਾਣੀਆਂ ਦਾ ਕੋਈ ਇੱਕ ਮਨੋਰਥ ਹੁੰਦਾ ਸੀ ਜਿਸ ਕਰਕੇ ਉਹਨਾਂ ਕਹਾਣੀਆਂ ਵਿੱਚ ਨਿਰੋਲ ਆਦਰਸ਼ਵਾਦੀ ਰੁਚੀ ਹੀ ਪ੍ਰਧਾਨ ਰਹੀ ਹੈ। ਇਸ ਲਈ ਨਿੱਕੀ ਕਹਾਣੀ ਦੇ ਜਨਮਦਾਤੇ ਠੀਕ ਅਰਥਾਂ ਵਿੱਚ ਨਾਨਕ ਸਿੰਘ ਤੇ ਗੁਰਬਖਸ਼ ਸਿੰਘ ਹੋਏ ਹਨ। ਨਾਨੱਕ ਸਿੰਘ ਨੇ ਬਹੁਤੀਆਂ ਨਾਵਲੀ ਕਹਾਣੀਆਂ ਲਿਖੀਆਂ ਹਨ। ਇਸ ਤਰ੍ਹਾਂ ਉਸਨੇ ਭਾਵੇਂ ਰਵਾਇਤੀ ਜਿਹੀਆਂ ਚੀਜ਼ਾਂ ਹੀ ਲਿਖੀਆਂ ਹਨ ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਉਸ ਦੀਆਂ ਕਹਾਣੀਆਂ ਨਿੱਕੀ ਕਹਾਣੀ ਦੀ ਨੀਂਹ ਨੂੰ ਭਰਨ ਤੇ ਮਜ਼ਬੂਤ ਕਰਨ ਦਾ ਕੰਮ ਕਰਦੀਆਂ ਹਨ। ਨਾਨਕ ਸਿੰਘ ਦਾ ਰਚਨ ਕਾਲ ਬੜਾ ਲੰਮਾ ਹੈ, ਇਸ ਲਈ ਉਸ ਦੀ ਕਲਾ ਵਿੱਚ ਅਨੇਕ ਤਬਦੀਲੀਆਂ ਆਈਆਂ ਹਨ ਤੇ ਆਪਣੇ ਸਮੁੱਚੇ ਕਹਾਣੀ ਸਾਹਿਤ ਵਿੱਚ ਗੁਰਬਖਸ਼ ਸਿੰਘ ਦਾ ਮਹੱਤਵਪੂਰਨ ਹੱਥ ਹੈ। ਅਸਲ ਵਿਚ ਉਸ ਨੇ ਹੀ ਨਵੀਨ ਪੰਜਾਬੀ ਬੋਲੀ ਨੂੰ ਜਜ਼ਬਿਆਂ ਦੀਆ ਬਰੀਕ ਬਰੀਕ ਝਲਕਾਂ ਉਲੀਕਣ ਦੀ ਸਮਰੱਥਾ ਦਿੱਤੀ ਹੈ। ਚੀਜ਼ਾਂ ਨੂੰ ਬਿਆਨ ਕਰਨ ਦੇ ਹੁਨਰ ਵਿੱਚ ਉਹ ਅਤਿਅੰਤ ਕਾਮਯਾਬ ਹੋਇਆ ਹੈ। ਉਸ ਤੋਂ ਪਹਿਲਾਂ ਇਹ ਗੱਲ ਪੰਜਾਬੀ ਵਾਰਤਕ ਵਿੱਚ ਕਦੀ ਨਹੀਂ ਹੋਈ ਸੀ। ਉਸ ਦੀਆਂ ਕਹਾਣੀਆਂ ਵਿੱਚ ਜੀਵਨ ਦੇ ਸੁਹਜ ਦਾ ਵਧੇਰੇ ਜ਼ਿਕਰ ਹੈ। ਉਹ ਜੀਵਨ ਵਿੱਚੋਂ ਸੁਹਜ ਨੂੰ ਲਭ ਕੇ ਉਸ ਨੂੰ ਪਿਆਰਨ ਦੀ ਗੱਲ ਕਰਦਾ ਹੈ। ਪਰੰਤੂ, ਉਸ ਦੀਆਂ ਕਹਾਣੀਆਂ ਵਿੱਚ ਅਫਲਾਤੂਨੀ ਪਿਆਰ ਵਾਲਾ ਨਿਰੋਲ ਆਦਰਸ਼ਕ ਦ੍ਰਿਸ਼ਟੀਕੋਣ ਇੱਕ ਸਿਰਿਉਂ ਹੀ ਯਥਾਰਥਕ ਤੇ ਅਵਾਸਤਵਿਕ ਹੈ। ਇਹੋ ਹੀ ਕਾਰਨ ਹੈ ਕਿ ਗੁਰਬਖ਼ਸ਼ ਸਿੰਘ ਦੀ ਰਚਨਾ ਸਾਧਾਰਨ ਜੀਵਨ ਨੂੰ ਪੇਸ਼ ਕਰਨੋਂ ਉੱਕਾ ਹੀ ਅਸਮਰਥ ਰਹੀ ਹੈ। ਨਾਨਕ ਸਿੰਘ ਤੇ ਗੁਰਬਖ਼ਸ਼ ਸਿੰਘ ਵਿੱਚ ਵਧੇਰੇ ਆਦਰਸ਼ਵਾਦੀ ਸੁਧਾਰਵਾਦੀ ਰੁਚੀ ਪ੍ਰਧਾਨ ਰਹਿਣ ਸਦਕਾ ਉਹਨਾਂ ਦੀਆਂ ਰਚਨਾਵਾਂ ਜੀਵਨ ਦੇ ਯਥਾਰਥ ਨੂੰ ਨਹੀਂ ਪ੍ਰਗਟਾ ਸਕੀਆਂ।

ਆਧੁਨਿਕ ਕਹਾਣੀ 1935-36 ਵਿਚ ਵਧੇਰੇ ਪ੍ਰਾਪਤੀ ਦੇ ਰਾਹ ਤੇ ਤੁਰ ਸਕੀ ਹੈ। ਇਸ ਦੌਰ ਦਾ ਆਰੰਭ ਸੰਤ ਸਿੰਘ ਸੇਖੋਂ ਅਤੇ ਪ੍ਰੋ. ਮੋਹਨ ਸਿੰਘ ਦੀਆਂ ਕਹਾਣੀਆਂ ਨਾਲ ਹੁੰਦਾ ਹੈ। ਇਹਨਾਂ ਕਹਾਣੀਕਾਰਾਂ ਨੇ ਨਾਨਕ ਸਿੰਘ ਤੇ ਗੁਰਬਖ਼ਸ਼ ਸਿੰਘ ਦੀ ਨਿਰੋਲ ਆਦਰਸ਼ਵਾਦੀ ਪਰੰਪਰਾ ਦਾ ਤਿਆਗ ਕਰਕੇ ਯਥਾਰਥ ਨੂੰ ਅਨੁਭਵ ਕੀਤਾ ਅਤੇ ਆਪਣੀਆਂ ਕਹਾਣੀਆਂ ਰਾਹੀਂ ਇਸ ਨੂੰ ਅਭਿਵਿਅਕਤ ਕੀਤਾ ਹੈ। ਸੇਖੋਂ ਨੇ ਸਪਸ਼ਟ ਰੂਪ ਵਿੱਚ ਸਮਾਜਵਾਦੀ ਵਿਚਾਰਧਾਰਾ ਨੂੰ ਅਪਣਾਇਆ ਤੇ ਆਪਣੀਆ ਰਚਨਾਵਾਂ ਰਾਹੀਂ ਉਸ ਨੇ ਸਮਾਜਕ ਆਰਥਿਕ ਕਾਣੀ ਵੰਡ ਦਾ

ਸਿਧਾਂਤਕ ਵਿਸ਼ਲੇਸ਼ਣ ਕੀਤਾ। ਇਸ ਵਿਸ਼ਲੇਸ਼ਣ ਵਿੱਚ ਭਾਵੇਂ ਇਹ ਕਹਾਣੀਕਾਰ ਉਲਾਰ-ਭਾਵ ਦਾ ਸ਼ਿਕਾਰ ਹੋਣੇ ਨਹੀਂ ਬਚ ਸਕਿਆ ਪਰ ਉਸ ਦੀਆਂ ਕਹਾਣੀਆਂ ਦੀ ਸਮਝ ਹੋਰ ਕਿਤਨਿਆਂ ਨੂੰ ਹੀ ਕਹਾਣੀ ਲੇਖਕ ਬਣਾ ਦਿੱਤਾ। ਸੇਖੋਂ ਦੀਆਂ 'ਸਮਾਚਾਰ' ਤੇ 'ਕਾਮੇ ਯੋਧੇ' ਸੰਗ੍ਰਹਿ ਦੀਆਂ ਕੁਝ ਕਹਾਣੀਆਂ ਪੂੰਜੀਵਾਦੀ ਆਰਥਿਕਤਾ ਦਾ ਸਰੂਪ ਪੇਸ਼ ਕਰਨ ਸਮੇਂ ਬਾਗਮੁਲਾ ਕਹਾਣੀਆਂ ਵਰਗਾ ਝਾਉਲ ਪੈਦਾ ਕਰਦੀਆਂ ਹਨ। ਇਥੇ ਕਹਾਣੀ ਕਲਾ ਰੂਪ ਨਾ ਹੋ ਕੇ ਅਰਥ-ਸ਼ਾਸਤਰੀ ਸਮੱਸਿਆ ਬਣ ਕੇ ਰਹਿ ਜਾਂਦੀ ਹੈ। ਇਹੋ ਦੋਸ਼ ਹੀ ਇਸ ਦੇ ਪਿਛਲੇਰੇ ਸਮਕਾਲੀ ਸੁਜਾਨ ਸਿੰਘ ਦੀਆਂ ਕਹਾਣੀਆਂ ਵਿੱਚ ਹੈ। ਉਹ ਆਰਥਕ ਅਸਾਵੇਂਪਣ ਅਤੇ ਕਿਰਤੀ ਸ਼੍ਰੇਣੀ ਦੀ ਜਾਗ੍ਰਿਤੀ ਨੂੰ ਪ੍ਰਸਤੁਤ ਕਰਨ ਸਮੇਂ ਕਈ ਵਾਰ ਉਲਾਰ-ਭਾਵੀ ਹੋਇਆ ਜਾਪਦਾ ਹੈ। ਭਾਵੇਂ ਇਸ ਪੱਖ ਤੋਂ ਸੇਖੋਂ ਤੇ ਸੁਜਾਨ ਸਿੰਘ ਦੋਹਾਂ ਦੇ ਦ੍ਰਿਸ਼ਟੀਕੋਣ ਦੀ ਸਾਰਥਿਕਤਾ ਪ੍ਰਤੀ ਸੰਦੇਹ ਦੀ ਕੋਈ ਗੁੰਜਾਇਸ਼ ਨਹੀਂ ਪਰੰਤੂ, ਕਲਾਤਮਕ ਪੱਖ ਤੋਂ ਕਹਾਣੀ ਨੂੰ ਠੇਸ ਅਵੱਸ਼ ਲਗਦੀ ਹੈ। ਇਸ ਸਮੇਂ ਦੇ ਨਿੱਕੀ-ਨਿੱਕੀ ਵਾਸ਼ਨਾ 'ਤੇ ਲੇਖਕ ਪ੍ਰੋ: ਮੋਹਨ ਸਿੰਘ ਸਹੀ ਅਰਥਾਂ ਵਿੱਚ ਨਿੱਕੀ ਕਹਾਣੀ ਨੂੰ ਨਿਭਾਇਆ ਹੈ। ਉਸ ਧੀਆਂ ਕਹਾਣੀਆਂ ਦੇ ਪ੍ਰਵੇਸ਼ ਨਾਲ ਨਿੱਕੀ ਕਹਾਣੀ ਕਲਾ ਬਣ ਕੇ ਸਾਡੇ ਸਾਹਮਣੇ ਆਈ ਹੈ। ਉਸ ਦਾ ਨਿੱਕੀ ਕਹਾਣੀ ਨੂੰ ਵਿਗਸਾਉਣ, ਇਸ ਵਿੱਚ ਮਨੋਵਿਗਿਆਨਕ ਅੰਸ਼ ਲਿਆਉਣ ਅਤੇ 'ਪੰਜ ਦਰਿਆ' ਰਾਹੀਂ ਨਵੇਂ ਪੋਚ ਦੀ ਅਗਵਾਈ ਕਰਨ ਵਿੱਚ ਤਕੜਾ ਹੱਥ ਹੈ।

ਉਸ ਦੀਆਂ ਨਵੀਨ ਕਹਾਣੀਆਂ ਦਾ ਸਭ ਤੋਂ ਮਹੱਤਵਪੂਰਨ ਮਜ਼ਮੂਨ ਅੱਜ ਦਾ ਮਨੁੱਖ ਹੈ। ਪਦਾਰਥਵਾਦੀ ਮਨੁੱਖ। ਉਸ ਮਨੁੱਖ ਦੇ ਸੰਸਕਾਰ ਭਾਵੇਂ ਪੁਰਾਣੇ ਹਨ ਤੇ ਮਨ ਵਿੱਚ ਨਵੀਆਂ ਪੁਰਾਣੀਆਂ ਕੀਮਤਾਂ ਝਗੜਦੀਆਂ ਹਨ, ਪਰ ਹੈ ਉਹ ਜੀਵਨ ਦੇ ਪਦਾਰਥਕ ਸੁੱਖਾਂ ਨੂੰ ਪਿਆਰ ਕਰਨ ਵਾਲਾ ਮਨੁੱਖ। ਹੁਣ ਉਹ ਜ਼ਿੰਦਗੀ ਦੀ ਕਾਹਲ, ਦੌੜ, ਭਟਕਣ, ਸੜਕਾਂ ਦੀ ਭੀੜ, ਬਦਲਦੀ ਹੋਈ ਨਵੀਨ ਰਹਿਣੀ ਬਹਿਣੀ, ਬਦਲਦੇ ਫ਼ੈਸ਼ਣ, ਅੱਜ ਦਾ ਬੇਚੈਨ ਆਦਮੀ, ਨਵੇਂ ਆਦਮੀ ਦਾ ਬੇਰਭਮ, ਉਸ ਦਾ ਇਕੱਲਾ ਮਨ, ਹੜਤਾਲਾਂ, ਮੁਜ਼ਾਹਿਰੇ, ਘੇਰਾਓ, ਨੌਜਵਾਨਾਂ ਦੀ ਖਿੱਝ, ਚਿੜ ਚਿੜਾਪਨ, ਔਰਤਾਂ ਦਾ ਖੁੱਲ੍ਹ ਆਦਿ ਵਿਸ਼ਿਆਂ ਉੱਤੇ ਕਹਾਣੀਆਂ ਲਿਖ ਰਿਹਾ ਹੈ।

ਉਸ ਦੀ ਕਹਾਣੀ ਦਾ ਰਚਨਾ-ਕਾਲ ਬੜਾ ਲੰਮਾ ਚੌੜਾ ਹੁੰਦਾ ਹੈ, ਉਸ ਦੀ ਕਹਾਣੀ ਦਾ ਸਫ਼ਰ ਬੜਾ ਵਡੇਰਾ ਹੈ, ਉਸ ਨੇ ਕਹਾਣੀਆਂ ਬਹੁ ਗਿਣਤੀ ਵਿੱਚ ਲਿਖੀਆਂ ਹਨ, ਇਸ ਲਈ ਉਸ ਦੀਆਂ ਕਹਾਣੀਆਂ ਕਿਸੇ ਇਕ ਵਿਚਾਰਧਾਰਾ ਵਿੱਚ ਬੱਧੀਆਂ ਨਾ ਰਹਿ ਸਕੀਆਂ ਤੇ ਉਸ ਸਮੇਂ ਦੀ ਹਰ ਧਾਰਾ ਦੀਆਂ ਰਿਣੀ ਹੋ ਕੇ ਰਹੀਆਂ ਹਨ।

'ਦੁੱਗਲ' ਆਪਣੇ ਆਪ ਨੂੰ ਪਹਿਲਾਂ ਕਵੀ ਤੇ ਫਿਰ ਕਹਾਣੀਕਾਰ ਮੰਨਦਾ ਹੈ। ਇਸੇ ਕਾਰਣ ਹੀ ਉਸ ਦੀਆਂ ਕਹਾਣੀਆਂ ਵਿੱਚ ਕਾਵਿਕ ਅੰਸ਼ ਆਇਆ ਹੈ। ਉਸ ਦੀਆਂ ਕਹਾਣੀਆਂ ਪਾਤਰ ਪ੍ਰਧਾਨ ਹਨ ਜਿਵੇਂ 'ਸ਼ਾਮ ਸੁੰਦਰੀ', 'ਚੌਧਰਣੀ ਗੁਰਾਂਦੇਈ', 'ਮਾਣੂ ਮਲਿਆਰ', 'ਤਾਈ ਪਾਰਬਤੀ', 'ਤਾਈ ਛੱਤੀ', 'ਮਾਮੂ ਟੁਟਣਾ', 'ਬੇ ਜੀ ਵੱਡੇ ਆਦਿ। ਪਰ ਉਸ ਦੀ ਰਚਨਾ ਵਿੱਚ 'ਸਾਧਰਣਤਾ' ਦੀ ਥਾਂ 'ਅਸਧਾਰਣਤਾ' ਨੇ ਮੱਲੀ ਰੱਖੀ ਹੈ। ਉਸ ਦੀਆਂ ਕਹਾਣੀਆਂ ਦੇ ਬਹੁਤੇ ਪਾਤਰ ਅਤੇ ਘਟਨਾਵਾਂ ਅਸਾਧਾਰਣ ਅਤੇ ਵਿਚਿੱਤਰ ਹੁੰਦੇ ਹਨ ਅਤੇ ਉਹ ਉਲਾਰ ਭਾਵੀ ਰੁਚੀਆਂ ਦੇ ਸ਼ਿਕਾਰ ਹੁੰਦੇ ਹਨ। ਉਸ ਦੇ ਪਹਿਲੇ ਦੌਰ ਦੀਆਂ ਕਹਾਣੀਆਂ ਵਿਚ ਇਹੋ ਰੁਚੀ ਪ੍ਰਬੱਲ ਹੈ। ਉਸ ਦੀ ਇਹ ਅਸਾਧਰਣਤਾ ਅਤੇ ਵਿਚਿਤਰਤਾ ਇਕ ਖਾਸ ਉਮਰ ਦੇ ਪਾਠਕਾਂ ਉਪਰ ਭਾਵੇਂ ਜਾਦੂਈ ਅਸਰ ਰਖਦੀ ਹੈ ਪਰੰਤੂ ਉਸ ਦੀ ਅੰਤਿਮ ਪੱਖੀ ਪਹੁੰਚ ਨਿਸ਼ਚੇ ਹੀ ਖਟਕਦੀ ਹੈ। ਪਾਤਰ ਉਸਾਰੀ ਦੇ ਪੱਖੋਂ ਦੁੱਗਲ ਦੀ ਇਹ ਕਮਜ਼ੋਰੀ ਹੈ ਕਿ ਉਸ ਦੇ ਪਾਤਰ ਸਮਾਜਕ, ਆਰਥਿਕ, ਰਾਜਨੀਤਕ ਮਾਹੌਲ ਤੋਂ ਬੇਲਾਗ ਹੁੰਦੇ ਹਨ। ਉਹ ਆਰੰਭ ਤੋਂ ਅੰਤ ਤਕ ਕੇਵਲ ਮਨੁੱਖ ਹੁੰਦੇ ਹਨ। ਉਹਨਾਂ ਦੇ ਵਿਚਰਦਿਆਂ ਹੋਇਆਂ ਉਹਨਾਂ ਦੀ ਸਮਾਜਕ ਜਾਂ ਭਾਈਚਾਰਕ ਕੋਈ ਹੋਂਦ ਨਹੀਂ ਹੁੰਦੀ। ਇਥੇ ਉਸ ਦੀ ਕਹਾਣੀ ਨਿਰੋਲ ਮਨੁੱਖ ਉੱਤੇ ਕੇਂਦਰਿਤ ਹੋ ਕੇ ਖੜੀ ਹੋ ਜਾਂਦੀ ਹੈ।

ਵਿਅੰਗ ਉਸ ਦੀਆਂ ਕਹਾਣੀਆਂ ਦਾ ਇਕ ਤਕੜਾ ਹਥਿਆਰ ਹੈ। ਇਸ ਤੋਂ ਬਿਨਾਂ ਉਹ ਕਹਾਣੀ ਬਿਆਨ ਕਰਦਿਆਂ, ਘਟਨਾ ਜਾਂ ਪਾਤਰ ਨੂੰ ਚਿਤਰਦਿਆਂ ਥੋੜ੍ਹੀ ਗੱਲ ਕਹਿ ਕੇ ਸੰਤੁਸ਼ਟ ਨਹੀਂ ਹੁੰਦਾ, ਉਹ ਗੱਲ ਨੂੰ ਵਧਾਉਂਦਾ ਹੈ, ਉਸ ਤੇ ਬਲ ਦਿੰਦਾ ਹੈ ਤਾਂ ਕਿ ਪਾਠਕ ਦੇ ਮਨ ਤੇ ਤੀਖਣ ਪ੍ਰਭਾਵ ਪੈ ਸਕੇ। ਉਸ ਦੀ ਇਕ ਹੋਰ ਵਿਸ਼ੇਸ਼ ਖੂਬੀ ਇਹ ਹੈ ਕਿ ਉਹ ਯਥਾਰਥ ਨੂੰ ਪੇਸ਼ ਕਰਦਾ ਹੋਇਆ ਉਸ ਵਿਚ ਰੁਮਾਂਟਿਕ ਮਨੋਕਲਪਨਾ ਪਾਏ ਬਿਨਾ ਰਹਿ ਨਹੀਂ ਸਕਦਾ। ਇਹ ਇਕ ਤਾਂ ਉਸ ਦੀ ਰੰਗੀਨ ਤਬੀਅਤ ਤੇ ਦੂਜਾ ਉਸ ਦੇ ਕਹਾਣੀ ਦੇ ਨਾਟਕੀ ਢੰਗ ਸਦਕਾ ਹੋਇਆ ਹੈ।

'ਦੁੱਗਲ' ਆਪਣੀਆਂ ਕਹਾਣੀਆਂ ਵਿੱਚ ਮਨੁੱਖ ਦਾ ਮਾਨਸਿਕ ਵਿਸ਼ਲੇਸ਼ਣ ਭਰਪੂਰ ਰੂਪ ਵਿੱਚ ਕਰਦਾ ਹੈ। ਉਹ ਜੀਵਨ ਦੇ ਭਾਵੇਂ ਕਿਸੇ ਖੇਤਰ ਵਿੱਚ ਵਿਚਰੇ, ਸਮਾਜ ਦੀ ਕਿਸੇ ਸ਼੍ਰੇਣੀ ਦੇ ਜੀਵਨ ਨੂੰ ਆਪਣੀਆਂ ਕਹਾਣੀਆਂ ਦੀ ਪਿੱਠ ਭੂਮੀ ਬਣਾਵੇ, ਉਹ ਮਨੁੱਖ ਦਾ ਮਾਨਸਿਕ ਆਪਾ ਹੀ ਉਸ ਦਾ ਅਸਲੀ ਆਪਾ ਹੈ। ਇਸ ਲਈ ਇਸ ਦਾ ਅਧਿਐਨ ਕਰਨਾ ਜ਼ਰੂਰੀ ਹੈ।

ਇਸ ਸਮੁੱਚੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਕਰਤਾਰ ਸਿੰਘ ਦੁੱਗਲ ਦਾ ਆਧੁਨਿਕ ਪੰਜਾਬੀ ਸਾਹਿਤ ਵਿਚ ਕਹਾਣੀਕਾਰ ਦੇ ਤੌਰ ਤੇ ਇਕ ਵਿਸ਼ੇਸ਼ ਸਥਾਨ ਹੈ। ਉਸ ਦੀ ਕਹਾਣੀ ਨਾਲ ਪੰਜਾਬੀ ਕਹਾਣੀ ਨੇ ਆਧੁਨਿਕਤਾ ਵਿਚ ਪ੍ਰਵੇਸ਼ ਕੀਤਾ ਹੈ। ਉਸ ਤੋਂ ਪਹਿਲਾਂ ਪੰਜਾਬੀ ਕਹਾਣੀਆਂ ਦਾ ਮੁੱਢ ਭਾਵੇਂ ਸ: ਚਰਨ ਸਿੰਘ ਸ਼ਹੀਦ, ਭਾਈ ਮੋਹਨ ਸਿੰਘ ਵੈਦ ਦੀਆਂ ਕਹਾਣੀਆਂ ਨਾਲ ਬੱਝਾ ਹੈ ਅਤੇ ਨਾਨਕ ਸਿੰਘ ਤੇ ਗੁਰਬਖ਼ਸ਼ ਸਿੰਘ ਦੁਆਰਾ ਇਸ ਗਲਪ ਤੱਤ ਦੀ ਨੀਂਹ ਉਸਾਰੀ ਪਰ ਆਧੁਨਿਕਤਾ ਦੇ ਲੱਛਣਾਂ ਦਾ ਗ੍ਰਹਿਣ ਪੰਜਾਬੀ ਕਹਾਣੀ ਨੇ ਸੇਖੋਂ ਤੇ ਪ੍ਰੋ: ਮੋਹਨ ਸਿੰਘ ਰਾਹੀਂ ਕੀਤਾ ਅਤੇ ਕਰਤਾਰ ਸਿੰਘ ਦੁੱਗਲ ਨੇ ਇਸ ਨੂੰ ਵਿਸ਼ੇਸ਼ ਰੂਪ ਦੋਹਾਂ ਪੱਖਾਂ ਤੋਂ ਠੀਕ ਅਰਥਾਂ ਵਿੱਚ ਆਧੁਨਿਕ ਬਣਾਇਆ। ਉਸ ਨਾਲ ਪੰਜਾਬੀ ਕਹਾਣੀ ਨਾ ਕੇਵਲ ਮੁੱਢਲੇ ਆਦਰਸ਼ਕ, ਧਾਰਮਕ, ਸਦਾਚਾਰਕ, ਆਚਰਣਕ ਅਤੇ ਸਿੱਖਿਆ ਦੇ ਘੇਰੇ ਵਿਚੋਂ ਨਿਕਲੀ ਸਗੋਂ ਤਕਨੀਕ ਦੇ ਪੱਖ ਤੋਂ ਵੀ ਇਸ ਵਿੱਚ ਕਈ ਨਵੇਂ ਤਜਰਬੇ ਕੀਤੇ ਤੇ ਕਹਾਣੀ ਨੂੰ ਅਨੇਕਾਂ ਨਵੇਂ ਰੂਪ ਵਿਚ ਪ੍ਰਸਤੁਤ ਕੀਤਾ। 'ਦੁੱਗਲ' ਦਾ ਹਰ ਕਹਾਣੀ ਸੰਗ੍ਰਹਿ ਕੋਈ ਨਾ ਕੋਈ ਨਵੇਂ ਤਜਰਬੇ ਨੂੰ ਲੈ ਕੇ ਆਇਆ ਹੈ। ਸਪਸ਼ਟ ਹੈ ਕਿ 'ਦੁੱਗਲ' ਕੁਝ ਘਾਟਿਆਂ ਦੇ ਬਾਵਜੂਦ ਵੀ ਇਕ ਪ੍ਰਬੀਨ ਕਹਾਣੀਕਾਰ ਹੈ ਤੇ ਉਹ ਪੰਜਾਬੀ ਦੇ ਉਹਨਾਂ ਕਹਾਣੀਕਾਰਾਂ ਵਿਚੋਂ ਹੈ ਜਿਹਨਾਂ ਦੇ ਬਿਆਨ ਵਿੱਚ ਨਜ਼ਾਕਤ ਵੀ ਹੈ ਤੇ ਤਾਕਤ ਵੀ ਤੇ ਜੋ ਕਾਵਿ ਮਈ ਬਿਆਨ ਨਾਲ ਆਪਣੀ ਕਹਾਣੀ ਵਿੱਚ ਜਾਨ ਪਾ ਦਿੰਦੇ ਹਨ ਅਤੇ ਇਹਨਾਂ ਦੀਆਂ ਕਹਾਣੀਆਂ 'ਵਿਸ਼ੇ ਦੇ ਰੂਪ' ਦੋਹਾਂ ਪੱਖਾਂ ਤੋਂ ਸੰਸਾਰ ਪ੍ਰਸਿੱਧ ਕਹਾਣੀਆਂ ਤੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਹਨ।

## ਕੁਲਵੰਤ ਸਿੰਘ ਵਿਰਕ

ਕੁਲਵੰਤ ਸਿੰਘ ਵਿਰਕ ਦਾ ਜਨਮ ਸਰਦਾਰ ਆਸਾ ਸਿੰਘ ਦੇ ਘਰ ਪਿੰਡ ਫੁੱਲਰਵਨ, ਜ਼ਿਲ੍ਹਾ ਸ਼ੇਖੂਪੁਰ (ਹੁਣ ਪਾਕਿਸਤਾਨ) ਵਿਚ ਹੋਇਆ। ਉਸਨੇ ਐਮ.ਏ. ਅੰਗਰੇਜ਼ੀ ਦੀ ਵਿਦਿਆ ਪ੍ਰਾਪਤ ਕਰਕੇ ਫੌਜ ਵਿਚ ਅਫ਼ਸਰ ਵਜੋਂ ਸੇਵਾ ਆਰੰਭ ਕੀਤੀ। ਉਪਰੰਤ ਉਸਨੇ ਪ੍ਰੈਸ ਇਨਫਰਮੇਸ਼ਨ ਅਫ਼ਸਰ ਅਤੇ ਪੰਜਾਬੀ ਖੇਤੀਬਾੜੀ ਯੂਨੀਵਰਸਿਟੀ ਦੇ ਜੁਆਇੰਟ ਡਾਇਰੈਕਟਰ ਵਜੋਂ ਵੀ ਸੇਵਾ ਨਿਭਾਈ। ਉਹ ਕੁਝ ਸਮਾਂ ਮੁੱਖ ਮੰਤਰੀ ਪੰਜਾਬ ਦਾ ਪੀ.ਏ. ਵੀ ਰਿਹਾ। ਕੁਲਵੰਤ ਸਿੰਘ ਵਿਰਕ ਪੰਜਾਬੀ ਕਹਾਣੀ ਦਾ ਬਹੁਤ ਹੀ ਸਨਮਾਨਿਤ ਅਤੇ ਜ਼ਿਕਰਯੋਗ ਨਾਮ ਹੈ। ਉਸਨੇ ਕੇਵਲ ਕਹਾਣੀ ਲਿਖ ਕੇ ਹੀ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਆਪਣੀ ਵਿਲੱਖਣ ਪਛਾਣ ਬਣਾਈ। ਮਾਨਵਵਾਦੀ ਰਚਨਾ-ਦ੍ਰਿਸ਼ਟੀ ਦੇ ਧਾਰਨੀ ਕੁਲਵੰਤ ਸਿੰਘ ਵਿਰਕ ਨੇ ਸਹਾਨੁਭੂਤੀ ਅਤੇ ਸੁਹਿਰਦਤਾ ਨਾਲ ਮਨੁੱਖੀ ਜੀਵਨ ਦੇ

ਅਜਿਹੇ ਪ੍ਰਮਾਣਿਕ ਚਿੱਤਰ ਸਿਰਜੇ ਕਿ ਉਹ ਪੰਜਾਬੀ ਪਾਠਕਾਂ ਦੇ ਚੇਤਿਆਂ ਵਿੱਚ ਸਦਾ ਲਈ ਸਥਿਰ ਹੋ ਗਏ। ਗਿਣਤੀ ਵਿਚ ਘੱਟ ਪਰ ਗੁਣ ਪੱਖੋਂ ਬਹੁਤ ਮਹੱਤਵਪੂਰਨ ਕਹਾਣੀਆਂ ਲਿਖਣ ਵਾਲੇ ਕੁਲਵੰਤ ਸਿੰਘ ਵਿਰਕ ਨੂੰ 1968 ਵਿਚ ਉਸਦੇ ਕਹਾਣੀ ਸੰਗ੍ਰਹਿ 'ਨਵੇਂ ਲੋਕ' ਉੱਤੇ ਸਾਹਿਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਹੋਇਆ। ਕੁਲਵੰਤ ਸਿੰਘ ਵਿਰਕ ਨੇ ਆਪਣੀਆਂ ਕਹਾਣੀਆਂ ਵਿੱਚ ਬੜੀ ਮਨੋਵਿਗਿਆਨਕ ਮੁਹਾਰਤ ਨਾਲ ਮਨੁੱਖੀ ਮਨ ਦੀਆਂ, ਦੁਬਿਧਾਵਾਂ, ਅਕਾਂਖਿਆਵਾਂ ਅਤੇ ਅਤ੍ਰਿਪਤੀਆਂ ਦਾ ਵਿਵੇਕ ਸਿਰਜਿਆ। ਉਸਨੂੰ ਨਵੀਂ ਉਸਰ ਰਹੀ ਸਭਿਅਤਾ ਦੀਆਂ ਵਿਸ਼ੇਸ਼ਤਾਵਾਂ ਖਿੱਚਾਂ ਪਾਉਂਦੀਆਂ ਹਨ ਅਤੇ ਉਹ ਪੇਂਡੂ ਅਤੇ ਸ਼ਹਿਰੀ ਸਮਾਜਿਕ ਜੀਵਨ ਵਿਚ ਆ ਰਹੇ ਪਰਿਵਰਤਨ ਨੂੰ ਨਜ਼ਰ ਦੀ ਤਾਜ਼ਗੀ ਨਾਲ ਵੇਖਦਾ ਹੈ। ਉਹ ਨਵੀਆਂ ਤਬਦੀਲੀਆਂ ਨੂੰ 'ਜੀ ਆਇਆਂ' ਕਹਿੰਦਾ ਹੋਇਆ ਵੀ 'ਪੁਰਾਣ' ਅਤੇ ਜ਼ਿੰਦਗੀ ਦੀ ਦੌੜ ਵਿੱਚ 'ਪਿੱਛੇ' ਰਹਿ ਗਏ ਪਾਤਰਾਂ ਨੂੰ ਨਫ਼ਰਤ ਭਾਵ ਨਾਲ ਨਹੀਂ ਚਿੱਤਰਦਾ। ਅਸਲ ਵਿੱਚ ਉਹ ਮਨੁੱਖੀ ਨੂੰ ਨਾਇਕ ਜਾਂ ਖਲਨਾਇਕ ਦੇ ਖਾਨਿਆਂ ਵਿੱਚ ਵੰਡ ਕੇ ਵੇਖਣ ਦਾ ਮੁੱਦਈ ਨਹੀਂ। ਉਹ 'ਬੁਰਿਆਂ' ਬੰਦਿਆਂ ਵਿੱਚ ਵੀ ਚੰਗਿਆਈ ਦੇ ਅੰਸ਼ ਖੋਜ ਸਕਦਾ ਹੈ ਅਤੇ ਉਸ ਕੋਲ ਹਨੇਰੇ ਹਾਲਾਤ ਵਿੱਚ ਰੋਸ਼ਨੀ ਦੀ ਕਿਰਨ ਲੱਭ ਸਕਣ ਵਾਲੀ ਤੇਜ਼ ਤਿੱਖੀ ਨਜ਼ਰ ਵੀ ਹੈ। ਪਾਠਕ ਲਈ 'ਉਪਰੀ ਧਰਤੀ' ਦਾ ਹਜ਼ਾਰਾ ਸਿੰਘ ਚੋਰ ਨਹੀਂ ਰਹਿੰਦਾ ਅਤੇ ਉਸਨੂੰ 'ਖੱਬਲ' ਦੀ ਪਾਕਿਸਤਾਨ ਵਿੱਚ ਰਹਿ ਗਈ ਸਿੱਖ ਔਰਤ, ਸਭ ਕੁਝ ਲੁਟਾ ਕੇ ਅਤੇ 'ਮੁਸਲਮਾਨੀ' ਬਣ ਜਾਣ ਤੋਂ ਬਾਅਦ, ਅਜਿਹੀਆਂ ਮਰਨ-ਹਾਰ ਹਾਲਤਾਂ ਵਿੱਚ ਵੀ ਜਿਉਣ ਦਾ ਰਾਹ ਤਲਾਸ਼ਦੀ ਦਿਸ ਪੈਂਦੀ ਹੈ। ਸਥਿਰ ਪਰ ਪੂੰਜੀਵਾਦੀ ਕੀਮਤਾਂ ਦੇ ਪ੍ਰਵੇਸ਼ ਨਾਲ ਹੌਲੀ-ਹੌਲੀ ਬਦਲ ਵੀ ਰਹੇ, ਕਿਰਸਾਣੀ ਜੀਵਨ ਦੇ ਪ੍ਰਮਾਣਿਕ ਚਿੱਤਰ ਪੇਸ਼ ਕਰਨ ਤੋਂ ਇਲਾਵਾ ਵਿਰਕ ਨੇ ਦੇਸ਼ ਵੰਡ ਦੇ ਦਰਦ ਨੂੰ ਬਿਆਨ ਕਰਦੀਆਂ ਸ਼ਾਹਕਾਰ ਕਹਾਣੀਆਂ ਦੀ ਸਿਰਜਣਾ ਵੀ ਕੀਤੀ ਹੈ। ਜ਼ਿੰਦਗੀ ਵਿੱਚ ਸਰਗਰਮ ਰੋਲ ਨਿਭਾਉਣ ਲਈ ਅੱਗੇ ਆ ਰਹੀ, ਨਵੀਂ ਬਦਲ ਰਹੀ ਔਰਤ ਦਾ ਚਿੱਤਰ ਵੀ ਉਸਦੀਆਂ ਕਹਾਣੀਆਂ ਵਿੱਚ ਬੜੇ ਲਗਾਉ ਨਾਲ ਪੇਸ਼ ਕੀਤਾ ਦ੍ਰਿਸ਼ਟੀਗੋਚਰ ਹੁੰਦਾ ਹੈ। ਉਸਦੇ ਕਹਾਣੀ ਸੰਗ੍ਰਹਿਆਂ ਦਾ ਵੇਰਵਾ ਇਸ ਪ੍ਰਕਾਰ ਹੈ—

ਛਾਹ ਵੇਲਾ-1944, ਧਰਤੀ ਅਤੇ ਆਕਾਸ਼-1951, ਤੂੜੀ ਦੀ ਪੰਡ-1954, ਏਕਸ ਦੇ ਹਮ ਬਾਰਿਕ-1955, ਦੁੱਧ ਦਾ ਛੱਪੜ-1957, ਗੋਲਾ-1961, ਨਵੇਂ ਲੋਕ-1967, ਆਤਿਸ਼ਬਾਜ਼ੀ-1984। ਦੁੱਧ ਦਾ ਛੱਪੜ, ਛਾਹ ਵੇਲਾ, ਖੱਬਲ, ਤੂੜੀ ਦੀ ਪੰਡ, ਧਰਤੀ ਹੇਠਲਾ ਬੌਲਦ, ਉਜਾੜ, ਓਪਰੀ ਧਰਤੀ, ਸ਼ੇਰਨੀਆਂ ਨਮਸਕਾਰ ਆਦਿ ਉਸਦੀਆਂ ਸ਼ਾਹਕਾਰ ਕਹਾਣੀਆਂ ਹਨ।

-----

# ਪੰਜਾਬੀ ਸਾਹਿਤ ਦਾ ਆਰੰਭ ਅਤੇ ਵਿਕਾਸ ?

ਪੰਜਾਬੀ ਭਾਸ਼ਾ ਦੀ ਉਤਪਤੀ ਵਾਂਗ, ਪੰਜਾਬੀ ਸਾਹਿਤ ਦੇ ਆਰੰਭ ਦਾ ਪ੍ਰਸ਼ਨ ਵੀ ਵਿਵਾਦਮਈ ਹੈ। ਕਾਰਨ ਇਹ ਹੈ ਕਿ ਕਿਸੇ ਭਾਸ਼ਾ ਦਾ ਸਾਹਿਤ ਦਾ ਆਰੰਭ ਉਸੇ ਭਾਸ਼ਾ ਦੇ ਆਰੰਭ ਨਾਲ ਜੁੜਿਆ ਹੋਇਆ ਹੁੰਦਾ ਹੈ। ਬਾਵਾ ਬੁੱਧ ਸਿੰਘ ਪੰਜਾਬੀ ਸਾਹਿਤ ਦਾ ਆਰੰਭ ਮੁਗਲਕਾਲ ਤੋਂ ਮੰਨਦਾ ਹੈ। ਇਸ ਤਰ੍ਹਾਂ ਉਸ ਨੇ ਪੰਜਾਬੀ ਸਾਹਿਤ ਦੇ ਪੂਰਵ ਨਾਨਕ ਕਾਲ ਦੇ ਸਾਹਿਤ ਨੂੰ ਅਸਵੀਕਾਰ ਕੀਤਾ ਹੈ। ਇਸ ਉਪ੍ਰੰਤ ਪੰਜਾਬੀ ਸ਼ਾਇਰੀ ਦਾ ਆਰੰਭ ਬਾਬਾ ਫ਼ਰੀਦ ਤੋਂ ਮੰਨਿਆ ਜਾਣ ਲੱਗਾ। ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਵਿਚ ਡਾ: ਮੋਹਨ ਸਿੰਘ ਦੀਵਾਨਾ ਦਾ ਵਿਸ਼ੇਸ਼ ਸਥਾਨ ਹੈ, ਉਸ ਦੇ ਪ੍ਰਯਤਨ ਨਾਲ, ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਕਈ ਨਵੀਨ ਉਪਲਬਧੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਉਸ ਨੇ ਪੰਜਾਬੀ ਸਾਹਿਤ ਦੇ ਆਰੰਭ ਨੂੰ ਪ੍ਰਬਜ, ਚਾਂਦ, ਗੋਰਖਨਾਥ, ਚਰਪਟ, ਮਸਊਦ, ਖੁਸਰੋ, ਫ਼ਰੀਦ ਅਤੇ ਬ੍ਰਹਮ ਆਦਿ ਤੋਂ ਮੰਨਣ ਦੀ ਸਿਫਾਰਿਸ਼ ਕੀਤੀ ਹੈ। ਇਹ ਸਭ ਯੋਗਦਾਨੀ ਪੰਜਾਬੀ ਸਾਹਿਤ ਦੇ ਪੂਰਵ-ਨਾਨਕ ਕਾਲ ਵਿਚ ਸ਼ਾਮਿਲ ਕੀਤੇ ਜਾਂਦੇ ਹਨ। ਇੰਝ ਪੰਜਾਬੀ ਸਾਹਿਤ ਦੇ ਆਰੰਭ ਸੰਬੰਧੀ ਤਿੰਨ ਪ੍ਰਮੁੱਖ ਰਾਵਾਂ ਪ੍ਰਚਲਿਤ ਹਨ।

(ੳ) ਪੰਜਾਬੀ ਸਾਹਿਤ ਦਾ ਆਰੰਭ ਗੁਰੂ ਨਾਨਕ ਦੇਵ ਜੀ ਤੋਂ ਮੰਨਿਆ ਜਾਵੇ।

(ਅ) ਪੰਜਾਬੀ ਸਾਹਿਤ ਦਾ ਆਰੰਭ ਬਾਬਾ ਫ਼ਰੀਦ ਤੋਂ ਮੰਨਿਆ ਜਾਵੇ।

(ੲ) ਪੰਜਾਬੀ ਸਾਹਿਤ ਦਾ ਆਰੰਭ ਨਾਥਾਂ ਜੋਗੀਆਂ ਤੋਂ ਮੰਨਿਆ ਜਾਵੇ।

ਲਗਭਗ ਇਹ ਸਥਾਪਿਤ ਅਭਿਧਾਰਨਾ ਹੈ ਕਿ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ, ਪੰਜਾਬੀ ਸਾਹਿਤ ਦੀ ਇਕ ਅਮੀਰ ਪਰੰਪਰਾ ਸੀ। ਇਸ ਦਾ ਪ੍ਰਤੱਖ ਪ੍ਰਮਾਣ ਗੁਰੂ ਨਾਨਕ ਕਾਲ ਵਿੱਚ ਸਿਰਜਿਆ ਪੰਜਾਬੀ ਸਾਹਿਤ ਹੈ। ਇਸੇ ਲਈ ਪੰਜਾਬੀ ਸਾਹਿਤ ਦੇ ਆਰੰਭ ਨੂੰ ਬਾਬਾ ਫ਼ਰੀਦ ਤਕ ਲਿਜਾਇਆ ਗਿਆ। ਬਾਬਾ ਫ਼ਰੀਦ ਨਾਲ ਸੰਬੰਧਤ ਸ਼ਬਦ ਅਤੇ ਸਲੋਕਾਂ ਦੀ ਭਾਸ਼ਾ ਨੂੰ ਮੁੱਖ ਰੱਖ ਕੇ, ਫ਼ਰੀਦ ਤੋਂ ਪਹਿਲਾਂ ਵੀ, ਇਕ ਮਹਾਨ ਸਾਹਿਤਕ ਪਰੰਪਰਾ ਦੀ ਪਰਿਕਲਪਨਾ ਕੀਤੀ ਜਾਂਦੀ ਹੈ। ਬਾਬਾ ਫ਼ਰੀਦ ਨਾਲ ਸੰਬੰਧਤ ਸਾਹਿਤ ਨੂੰ ਸਨਮੁੱਖ ਰਖਦਿਆਂ, ਸ਼ੰਕਾ ਕੀਤਾ ਜਾਂਦਾ ਹੈ ਕਿ ਕਿਵੇਂ ਇਕ ਅਣਘੜੀ, ਅਣਸਾਹਿਤਕ ਬੋਲੀ, ਏਕਾਏਕ ਇੰਨੀ ਸ਼ਿੰਗਾਰੀ, ਸੰਵਾਰੀ ਅਤੇ ਬਲਵਾਨ ਸਾਹਿਤਕ ਰਚਨਾ ਬਣ ਗਈ। ਬਾਬਾ ਫ਼ਰੀਦ ਦੀ ਰਚਨਾ ਨੂੰ ਲੈ ਕੇ ਵਿਦਵਾਨਾਂ ਵਿਚ ਕਈ ਮਤਭੇਦ ਹਨ। ਇਸੇ ਲਈ ਫਰੀਦ-ਬਾਣੀ ਨੂੰ ਸ਼ੇਖ ਬ੍ਰਹਮ ਨਾਲ ਸੰਬੰਧਤ ਕਰਨ ਦੇ ਸੰਕੇਤ ਵੀ ਮਿਲਦੇ ਹਨ। ਪੰਜਾਬੀ ਸਾਹਿਤ ਦਾ ਆਰੰਭ ਨਿਸ਼ਚਿਤ

ਕਰਨ ਲਈ, ਕਿਸੇ ਵਿਗਿਆਨਕ ਜੁਗਤ ਨੂੰ ਨਹੀਂ ਅਪਣਾਇਆ ਗਿਆ। ਕਿਸੇ ਭਾਸ਼ਾ ਦੇ ਸਾਹਿਤ ਦੀ ਉਪਜ ਸੰਬੰਧੀ ਦੋ ਆਧਾਰ ਪ੍ਰਵਾਨ ਕੀਤੇ ਜਾ ਸਕਦੇ ਹਨ–

(ੳ) ਭਾਸ਼ਾ ਦੀ ਉਪਜ ਦਾ ਆਧਾਰ।

(ਅ) ਸਾਹਿਤ ਦੀ ਰਚਨਾ ਦਾ ਆਧਾਰ।

(ੲ) ਕਿਸੇ ਭਾਸ਼ਾ ਵਿਚ ਸਾਹਿਤ ਸਿਰਜਨਾ ਦਾ ਆਧਾਰ ਭਾਸ਼ਾ ਦੀ ਉਪਜ ਨੂੰ ਵੀ ਬਣਾ ਲਿਆ ਜਾਂਦਾ ਹੈ। ਪੰਜਾਬੀ ਸਾਹਿਤ ਦੇ ਆਰੰਭ ਲਈ ਵੀ ਇਹ ਆਧਾਰ ਪ੍ਰਵਾਨ ਕੀਤਾ ਜਾਂਦਾ ਹੈ। ਇਸੇ ਆਧਾਰ ਨੂੰ ਮੁੱਖ ਰੱਖ ਕੇ, ਵੇਦਾਂ ਨੂੰ ਪੰਜਾਬੀ ਵਿੱਚ ਰਚਿਆ ਪ੍ਰਵਾਨ ਕਰ ਲਿਆ ਜਾਂਦਾ ਹੈ। ਵੇਦਾਂ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਸਥਾਨ ਦੇਣਾ ਉਚਿਤ ਪ੍ਰਤੀਤ ਨਹੀਂ ਹੁੰਦਾ। ਕਾਰਣ ਇਹ ਹੈ ਕਿ ਵੇਦ ਪੰਜਾਬੀ ਵਿਚ ਨਹੀਂ ਰਚੇ ਗਏ। ਇਹਨਾਂ ਵਿਚ ਪੰਜਾਬੀ ਭਾਸ਼ਾ ਦੇ ਬੀਜ ਰੂਪ ਲੱਭੇ ਜਾ ਸਕਦੇ ਹਨ। ਪੰਜਾਬੀ ਭਾਸ਼ਾ ਲੋਕ-ਬੋਲੀ ਰਹੀ ਹੈ ਅਤੇ ਕਿਸੇ ਲੋਕ-ਬੋਲੀ ਦੀ ਸ਼ਬਦਾਵਲੀ ਦਾ, ਵਿਸ਼ਿਸ਼ਟ ਸਾਹਿਤ ਵਿਚ ਸੰਮਿਲਤ ਹੋਣਾ ਸੁਭਾਵਿਕ ਹੈ। ਇਸ ਅਧਿਆਇ ਦੇ ਆਰੰਭ ਵਿਚ ਸੰਕੇਤ ਦਿਤਾ ਜਾ ਚੁੱਕਾ ਹੈ ਕਿ ਸਾਹਿਤ ਦਾ ਆਰੰਭ, ਭਾਸ਼ਾ ਦੇ ਵਿਕਾਸ ਤੋਂ ਬਾਅਦ ਹੀ ਸੰਭਵ ਹੁੰਦਾ ਹੈ। ਵੈਦਿਕ ਯੁੱਗ ਵਿਚ ਵੀ, ਪੰਜਾਬੀ ਲੋਕ-ਬੋਲੀ ਸੀ ਅਤੇ ਇਸ ਤਰ੍ਹਾਂ, ਉਸ ਸਮੇਂ ਇਸ ਵਿਚ ਸਾਹਿਤ ਸਿਰਜਨ ਵਾਲੀਆਂ ਵਿਸ਼ੇਸ਼ਤਾਵਾਂ ਦਾ ਅਭਾਵ ਸੀ। ਇਸੇ ਤਰ੍ਹਾਂ ਸੰਸਕ੍ਰਿਤ, ਪਾਲੀ, ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ਾਂ ਵਿਚੋਂ ਵੀ ਪੰਜਾਬੀ ਭਾਸ਼ਾ ਦੇ ਪ੍ਰਾਚੀਨ ਅੰਸ਼ਾਂ ਦੀ ਉਪਲਬਧੀ ਹੋ ਸਕਦੀ ਹੈ, ਪਰੰਤੂ ਇਹਨਾਂ ਭਾਸ਼ਾਵਾਂ ਦੇ ਸਾਹਿਤ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਵਿਸ਼ੇਸ਼ ਅੰਗ ਸਵੀਕਾਰ ਕਰਨਾ ਉਚਿਤ ਨਹੀਂ। ਬੇਸ਼ਕ ਪੰਜਾਬੀ ਸ਼ਬਦ ਦਾ ਪਹਿਲੀ ਵਾਰ ਪ੍ਰਯੋਗ ਸੋਲ੍ਹਵੀਂ ਸਦੀ ਵਿਚ ਕੀਤਾ ਮਿਲਦਾ ਹੈ। ਪਰੰਤੂ ਇਸ ਤੋਂ ਪਹਿਲਾਂ, ਇਹ ਕਈ ਹੋਰ ਨਾਵਾਂ ਨਾਲ ਜਾਣੀ ਜਾਂਦੀ ਸੀ। ਪੰਜਾਬੀ ਸਾਹਿਤ ਦੇ ਪੂਰਵ-ਨਾਨਕ ਕਾਲ ਵਿਚ ਲਹਿੰਦੀ ਦੇ ਪ੍ਰਭਾਵ ਦੀ ਪ੍ਰਧਾਨਤਾ ਮਿਲਦੀ ਹੈ ਅਤੇ ਨਿਸ਼ਚਿਤ ਤੌਰ ਤੇ ਇਸ ਕਾਲ ਵਿਚ ਲਹਿੰਦੀ ਤੇ ਪੰਜਾਬੀ ਵਿਚ ਕੋਈ ਅੰਤਰ ਨਹੀਂ ਹੋਵੇਗਾ। ਇਸ ਤਰ੍ਹਾਂ ਲਹਿੰਦੀ ਦੇ ਸਾਹਿਤ ਨੂੰ ਪੰਜਾਬੀ ਸਾਹਿਤ ਦਾ ਅੰਗ ਸਵੀਕਾਰ ਕੀਤਾ ਜਾ ਸਕਦਾ ਹੈ ਪਰੰਤੂ ਵੈਦਿਕ, ਸੰਸਕ੍ਰਿਤ, ਪਾਲੀ, ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ ਸਾਹਿਤ ਨੂੰ ਨਹੀਂ। ਹਿੰਦੀ ਸਾਹਿਤ ਦੇ ਇਤਿਹਾਸ ਵਿਚ ਅਪਭ੍ਰੰਸ਼ ਸਾਹਿਤ ਨੂੰ ਪੁਰਾਣੀ ਹਿੰਦੀ, ਉੱਤਰੀ ਅਪਭ੍ਰੰਸ਼ ਜਾਂ ਅਵਹੱਠ ਦਾ ਨਾਂ ਦੇ ਕੇ, ਇਸ ਸਾਹਿਤ ਨੂੰ ਹਿੰਦੀ ਭਾਸ਼ਾ ਅਤੇ ਸਾਹਿਤ ਦਾ ਪ੍ਰਾਚੀਨ ਰੂਪ ਪ੍ਰਵਾਨ ਕਰ ਲਿਆ ਜਾਂਦਾ ਹੈ ਜਦ ਕਿ ਅਪਭ੍ਰੰਸ਼ ਸਾਹਿਤ ਦੀ ਸੁਤੰਤਰ ਹੋਂਦ ਅਤੇ ਪਰੰਪਰਾ 15ਵੀਂ ਸਦੀ ਤਕ ਵੀ ਪ੍ਰਚਲਿਤ ਰਹਿੰਦੀ ਹੈ। ਵੈਦਕ, ਸੰਸਕ੍ਰਿਤ, ਪਾਲੀ, ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਸਾਹਿਤ ਵਿਚੋਂ ਪੰਜਾਬੀ ਭਾਸ਼ਾ ਦੇ ਰੂਪ ਲੱਭੇ ਜਾ ਸਕਦੇ ਹਨ ਪਰੰਤੂ ਇਹਨਾਂ ਨੂੰ ਸ਼ੁੱਧ ਪੰਜਾਬੀ ਸਾਹਿਤ ਪ੍ਰਵਾਨ ਕਰਨਾ ਵਧੇਰੇ ਉਚਿਤ ਨਹੀਂ ਹੈ। ਇਹਨਾਂ ਭਾਸ਼ਾਵਾਂ ਦੇ ਸਾਹਿਤ ਨੂੰ, ਪੰਜਾਬੀ ਸਾਹਿਤ ਦਾ ਵਿਰਸਾ ਪ੍ਰਵਾਨ ਕੀਤਾ ਜਾ ਸਕਦਾ ਹੈ, ਪ੍ਰਾਰੰਭਿਕ ਸ਼ੁਰੂ ਨਹੀਂ। ਇਸ ਤਰ੍ਹਾਂ, ਐਸਾ ਬੋਧ ਪੰਜਾਬੀ ਭਾਸ਼ਾ ਦੀ ਉਪਜ ਲਈ ਸਾਰਥਕ ਸਿੱਧ ਹੋ ਸਕਦਾ ਹੈ, ਪੰਜਾਬੀ ਸਾਹਿਤ ਦੇ ਆਰੰਭ ਲਈ ਨਹੀਂ।

ਇਸ ਲਈ ਕਿਸੇ ਵੀ ਭਾਸ਼ਾ ਦੇ ਸਾਹਿਤ ਦਾ ਆਰੰਭ ਸਾਹਿਤ ਦੀ ਚੇਤਨਾ ਨੂੰ ਮੁੱਖ ਰੱਖ ਕੇ ਕੀਤਾ ਜਾਣਾ ਉਚਿਤ ਹੈ। ਐਸੀ ਦ੍ਰਿਸ਼ਟੀ ਤੋਂ ਨਾਥ ਸਿੱਧ ਸਾਹਿਤ, ਜਿਥੇ ਇਕ ਪਾਸੇ ਅਪਭ੍ਰੰਸ਼ ਸਾਹਿਤ ਤੋਂ ਖੁਲ੍ਹਾ ਵਿਦਰੋਹ ਕਰਦਾ ਹੈ ਉਥੇ ਉਹਨਾਂ ਦੀਆਂ ਰਚਨਾਵਾਂ ਵਿਚ ਸਾਹਿਤ ਦੀ ਚੇਤਨਾ ਦੇ ਤੱਤ ਵੀ ਵਿਕਸਤ ਹੋਏ ਦਿਸ ਪੈਂਦੇ ਹਨ। ਇਹਨਾਂ ਨਾਥਾਂ ਸਿੱਧਾਂ ਦੇ ਸਾਹਿਤ ਦੀ ਵਸਤੂ-ਦ੍ਰਿਸ਼ਟੀ ਜਿਸ ਧਾਰਮਕ ਚੇਤਨਾ ਉੱਤੇ ਆਧਾਰਤ ਹੈ ਉਸ ਦਾ ਸਿੱਧਾ ਸੰਬੰਧ ਭਗਤਾਂ, ਸੂਫੀਆਂ ਅਤੇ ਗੁਰਮਤਿ ਸਾਹਿਤ ਧਾਰਾਵਾਂ ਨਾਲ ਜਾ ਜੁੜਦਾ ਹੈ। ਇਸ ਲਈ ਨਾਥ ਸਿੱਧ ਸਾਹਿਤ ਨੂੰ

ਪੰਜਾਬੀ ਭਾਸ਼ਾ ਦੀ ਹੋਂਦ ਦਾ ਪੜਾਅ ਮੰਨਦਿਆਂ ਅਤੇ ਉੱਤਰਵਰਤੀ ਪੰਜਾਬੀ ਸਾਹਿਤ ਦੀ ਧਾਰਮਿਕ ਤੇ ਆਦਰਸ਼ਵਾਦੀ ਚੇਤਨਾ ਨੂੰ ਸਨਮੁੱਖ ਰਖਦਿਆਂ, ਪੰਜਾਬੀ ਸਾਹਿਤ ਦਾ ਆਰੰਭਕ ਸਰੂਪ ਕਬੂਲ ਕਰਨਾ ਯੋਗ ਹੈ। ਨਾਥ ਸਿੱਧ ਸਾਹਿਤ ਦੀ ਭਾਸ਼ਾ, ਸ਼ੈਲੀ ਅਤੇ ਚਿੰਤਨ ਸਾਨੂੰ ਚੇਤਨਾ ਦਾ ਅਹਿਸਾਸ ਕਰਾਉਂਦੇ ਹਨ ਜਿਸ ਦਾ ਵਿਕਸਿਤ ਰੂਪ ਮਧਕਾਲੀਨ ਪੰਜਾਬੀ ਸਾਹਿਤ ਹੈ।

ਨਾਥ ਸਿੱਧ ਸਾਹਿਤ ਦਾ ਮੋਢੀ ਗੋਰਖਨਾਥ ਹੈ ਜਿਸ ਦੇ ਚਿੰਤਨ, ਸਿਧਾਂਤਾਂ ਅਤੇ ਮਰਯਾਦਾਵਾਂ ਦਾ ਨਾਥ ਸਿੱਧ ਧਾਰਾ ਉੱਤੇ ਅਮਿੱਟ ਪ੍ਰਭਾਵ ਹੈ। ਬੇਸ਼ਕ ਗੋਰਖ ਨਾਥ ਦੀ ਕਾਲ ਸੀਮਾ ਨਿਰਧਾਰਤ ਕਰਨਾ ਕਾਫ਼ੀ ਮੁਸ਼ਕਿਲ ਹੈ ਪਰੰਤੂ ਇਸ ਸ਼ੋਧ ਪ੍ਰਬੰਧ ਵਿਚ ਉਸ ਨੂੰ ਦਸਵੀਂ ਸਦੀ ਦੇ ਦੂਜੇ ਅੱਧ ਦਾ ਸਵੀਕਾਰ ਕੀਤਾ ਗਿਆ ਹੈ। ਇਸ ਤਰ੍ਹਾਂ ਪੰਜਾਬੀ ਸਾਹਿਤ ਦਾ ਆਰੰਭ 1000 ਈਸਵੀਂ ਤੋਂ ਮੰਨਿਆ ਹੈ। ਗੋਰਖ ਨਾਥ ਦੀ ਰਚਨਾ ਦੇ ਆਧਾਰ ਤੇ ਸਾਹਿਤ ਚੇਤਨਾ ਦਾ ਆਭਾਸ ਹੇਠ ਲਿਖੇ ਪੱਖਾਂ ਤੋਂ ਵੀ ਹੁੰਦਾ ਹੈ–

(ੳ) ਗੋਰਖ ਨਾਥ ਦੀ ਰਚਨਾ ਦੀ ਸ਼ਬਦਾਵਲੀ ਤੇ ਵਿਆਕਰਣ ਰੂਪਾਂ ਉੱਤੇ ਪੰਜਾਬੀ ਦਾ ਪ੍ਰਤੱਖ ਪ੍ਰਭਾਵ ਹੈ।

(ਅ) ਗੋਰਖ ਦੀ ਸ਼ੈਲੀ ਨਾਨਕ ਕਾਲੀਨ ਪੰਜਾਬੀ ਸਾਹਿਤ ਦੀ ਪ੍ਰਧਾਨ ਸੁਰ ਹੈ।

(ੲ) ਗੋਰਖ ਨਾਥ ਦੀ ਰਚਨਾ ਦਾ ਪੰਜਾਬੀ ਸਾਹਿਤ ਦੀਆਂ ਪਰੰਪਰਾਵਾਂ, ਪੰਜਾਬ ਦੇ ਬੌਧਿਕ, ਧਾਰਮਿਕ ਅਤੇ ਸਦਾਚਾਰਕ ਚਿੰਤਨ ਤੇ ਪ੍ਰਤੱਖ ਪ੍ਰਭਾਵ ਹੈ।

(ਸ) ਗੋਰਖ ਨਾਥ ਇਕ ਵਿਸ਼ੇਸ਼ ਪਰੰਪਰਾ ਲੈ ਕੇ ਪ੍ਰਵੇਸ਼ ਕਰਦਾ ਹੈ ਜਿਸ ਨੂੰ ਨਾਥ ਸਿੱਧ ਪਰੰਪਰਾ ਕਿਹਾ ਜਾ ਸਕਦਾ ਹੈ। ਇਸ ਪਰੰਪਰਾ ਨੂੰ ਅੱਗੇ ਤੋਰਨ ਵਾਲੇ ਚਟਪਟ, ਚੌਰੰਗੀ, ਰਤਨ ਨਾਥ ਆਦਿ ਪ੍ਰਸਿੱਧ ਨਾਥ ਹਨ।

-----

# ਪੰਜਾਬੀ ਸਾਹਿਤ ਦੀ ਕਾਲਵੰਡ

ਕਿਸੇ ਵੀ ਸਾਹਿਤ ਦਾ ਅਧਿਐਨ ਕਰਨਾ ਹੋਵੇ ਉਸਦੀ ਕਾਲਵੰਡ ਕਰਨਾ ਪਹਿਲੀ ਜ਼ਰੂਰੀ ਚੀਜ਼ ਹੈ। ਇਸ ਪ੍ਰਕਾਰ ਦੀ ਵੰਡ ਤੋਂ ਬਿਨਾਂ ਅਸੀਂ ਸਾਹਿਤ ਦਾ ਨਾਂ ਹੀ ਠੀਕ ਅਧਿਐਨ ਕਰ ਸਕਦੇ ਹਾਂ ਅਤੇ ਨਾ ਹੀ ਉਸ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹਾਂ।

ਕਾਲਵੰਡ ਤੋਂ ਭਾਵ—ਕਾਲਵੰਡ ਤੋਂ ਭਾਵ ਸਾਹਿਤ ਦੇ ਸਮੁੱਚੇ ਕਾਲ ਨੂੰ ਕਈ ਭਾਗਾਂ ਵਿੱਚ ਵੰਡਣਾ ਹੈ। ਭਾਗ ਵੰਡ ਦਾ ਆਧਾਰ ਸਮਾਂ ਅਰਥਾਤ ਕਾਲ ਨਾਲ ਹੁੰਦਾ ਹੈ ਇਸ ਲਈ ਕਾਲਵੰਡ ਤੋਂ ਭਾਵ ਸਾਹਿਤ ਦੇ ਇਤਿਹਾਸ ਨੂੰ ਸਮੇਂ ਅਰਥਾਤ ਕਾਲਾਂ ਵਿਚ ਵੰਡਣਾ ਹੈ।

ਕਾਲਵੰਡ ਦੇ ਮੁੱਖ ਆਧਾਰ—

1. ਉੱਘੇ ਜਾਂ ਪ੍ਰਸਿੱਧ ਲੇਖਕ ਦੇ ਆਧਾਰ ਤੇ ਜਿਸ ਦੀ ਸ਼ਖਸੀਅਤ ਅਤੇ ਰਚਨਾ ਦਾ ਪ੍ਰਭਾਵ ਸਮੁੱਚੇ ਕਾਲ ਉਪਰ ਪਿਆ ਹੋਵੇ।
2. ਕਿਸੇ ਇਤਿਹਾਸਕ ਵਿਅਕਤੀ ਜਾਂ ਘਰਾਣੇ ਦੇ ਨਾਂ ਤੇ।
3. ਕਿਸੇ ਪ੍ਰਮੁੱਖ ਪ੍ਰਵਿਰਤੀ ਨੂੰ ਸਾਹਮਣੇ ਰੱਖ ਕੇ ਅਰਥਾਤ ਕਿਸੇ ਵਿਸ਼ੇਸ਼ ਕਾਲ ਦੀ ਸਮਾਜਿਕ ਅਤੇ ਰਾਜਸੀ ਹਾਲਤਾਂ ਤੇ ਉਸ ਦੇ ਫਲਸਰੂਪਾਂ ਜਾਂ ਪ੍ਰਤੀਕਰਮ ਵਜੋਂ ਪੈਦਾ ਹੋਣ ਵਾਲੇ ਸਾਹਿਤ ਦੀ ਪ੍ਰਧਾਨ ਸੁਰ ਜਾਂ ਰੁਚੀ।
4. ਕਿਸੇ ਧਾਰਾ ਦੇ ਨਾਂ ਤੇ।
5. ਸਾਹਿਤ ਦੀ ਉਪਜ ਦੀ ਮਾਤਰਾਂ ਦੇ ਆਧਾਰ ਤੇ ਅਰਥਾਤ ਜਿਸ ਪ੍ਰਕਾਰ ਦਾ ਸਾਹਿਤ ਵੱਧ ਤੋਂ ਵੱਧ ਰਚਿਆ ਗਿਆ ਹੋਵੇ।
6. ਕਿਸੇ ਪ੍ਰਮੁੱਖ ਸਾਹਿਤ ਦੇ ਆਧਾਰ ਤੇ ਅਰਥਾਤ ਬਾਣੀ ਕਲਾ ਰੂਪਾਂ ਦੇ ਟਾਕਰੇ ਤੇ ਜਿਸ ਰੂਪ ਵਿੱਚ ਵੱਧ ਸਾਹਿਤ ਸਿਰਜਣਾ ਹੋਈ ਹੋਵੇ।
7. ਕਿਸੇ ਸਦੀ ਨੂੰ ਇਕਾਈ ਮਿੱਥ ਕੇ ਜਿਵੇਂ 17ਵੀਂ, 18ਵੀਂ, 19ਵੀਂ, ਜਾਂ 20ਵੀਂ ਸਦੀ ਦਾ ਸਾਹਿਤ।

8. ਸਮੁੱਚੇ ਸਾਹਿਤ ਨੂੰ ਪੁਰਾਤਨ, ਮੱਧ ਤੇ ਆਧੁਨਿਕ ਕਾਲ ਆਖ ਕੇ ਜਾਂ ਪੁਰਾਤਨ ਤੇ ਨਵੀਨ ਕਾਲ ਦਾ ਨਾਂ ਦੇ ਕੇ।

ਵੱਖ-ਵੱਖ ਵਿਦਵਾਨਾਂ ਵਲੋਂ ਕੀਤੀ ਗਈ ਕਾਲ-ਵੰਡ

ਬਾਬਾ ਬੁੱਧ ਸਿੰਘ ਜੀ ਦੁਆਰਾ—ਬਾਬਾ ਬੁੱਧ ਸਿੰਘ ਜੀ ਨੇ 1913 ਵਿਚ ਆਪਣੀ ਰਚਿਤ ਪੁਸਤਕ 'ਹੰਸ ਚੋਗ' ਵਿਚ ਪੰਜਾਬੀ ਸਾਹਿਤ ਦੀ ਕਾਲ-ਵੰਡ ਇਸ ਪ੍ਰਕਾਰ ਕੀਤੀ ਹੈ—

(ੳ) ਪੁਰਾਤਨ ਸਮਾਂ—ਗਿਆਰਵੀਂ ਸਦੀ ਤੋਂ 1860 ਈਸਵੀ ਤਕ

(ਅ) ਵਿਚਕਾਰਲਾ ਸਮਾਂ—1860 ਤੋਂ 1925 ਈਸਵੀ ਤਕ

(ੲ) ਨਵਾਂ ਸਮਾਂ—1925 ਤੋਂ ਅਗੇ

ਉਪ੍ਰੋਕਤ ਕਾਲ-ਵੰਡ ਦੋ ਕਾਰਣਾਂ ਕਰਕੇ ਦੋਸ਼ ਪੂਰਣ ਸੀ। ਇਕ ਤਾਂ ਉਹਨਾਂ ਵੱਖ-ਵੱਖ ਕਾਲਾਂ ਦੇ ਸਾਲ ਨਹੀਂ ਦਿੱਤੇ ਅਤੇ ਦੂਜਾ ਉਹਨਾਂ ਨੇ ਆਪਣੀ ਕਾਲ-ਵੰਡ ਦਾ ਆਧਾਰ ਕਿਸੇ ਪ੍ਰਵਿਰਤੀ ਨੂੰ ਨਹੀਂ ਬਣਾਇਆ। ਬਾਬਾ ਜੀ ਨੇ ਗਿਆਰਵੀਂ ਸਦੀ ਤੋਂ ਪੁਰਾਣਾ ਸਮਾਂ ਆਰੰਭ ਕੀਤਾ ਹੈ ਜੋ ਕਿਸੇ ਤਰ੍ਹਾਂ ਵੀ ਠੀਕ ਨਹੀਂ ਕਿਹਾ ਜਾ ਸਕਦਾ।

ਡਾ. ਮੋਹਨ ਸਿੰਘ ਦੀਵਾਨਾ ਦੁਆਰਾ—ਡਾ. ਮੋਹਨ ਸਿੰਘ ਦੀਵਾਨਾ ਨੇ ਆਪਣੀ ਪੁਸਤਕ 'ਆਧੁਨਿਕ ਪੰਜਾਬੀ ਕਵਿਤਾ' ਵਿਚ ਪੰਜਾਬੀ ਸਾਹਿਤ ਦੀ ਕਾਲ-ਵੰਡ ਇਸ ਪ੍ਰਕਾਰ ਕੀਤੀ ਹੈ—

(ੳ) ਪੂਰਵ ਨਾਨਕ ਕਾਲ ਜਾਂ ਗੋਰਖ ਕਾਲ 850 ਤੋਂ 1450 ਈ. ਤਕ

(ਅ) ਨਾਨਕ ਕਾਲ : 1450 ਤੋਂ 1700 ਈ. ਤਕ

(ੲ) ਦੂਜਾ ਮੁਗ਼ਲਈ ਜਾਂ ਵਾਰਿਸ ਕਾਲ : 1700 ਤੋਂ 1800 ਈ. ਤਕ

(ਸ) ਬਰਤਾਨਵੀਂ ਕਾਲ ਜਾਂ ਆਧੁਨਿਕ ਕਾਲ 1800 ਤੋਂ 1860 ਈ. ਤਕ

(ਹ) ਭਾਈ ਵੀਰ ਸਿੰਘ ਕਾਲ : 1860 ਤੋਂ ਬਾਅਦ ਤਕ

ਡਾ: ਮੋਹਨ ਸਿੰਘ ਦੁਆਰਾ ਕੀਤੀ ਗਈ ਕਾਲ-ਵੰਡ ਨੂੰ ਅਸੀਂ ਕੋਈ ਵਿਗਿਆਨਕ ਕਾਲ-ਵੰਡ ਨਹੀਂ ਕਹਿ ਸਕਦੇ। ਕਿਉਂਕਿ ਇਸ ਕਾਲ-ਵੰਡ ਵਿਚ ਸਭ ਤੋਂ ਵੱਡਾ ਦੋਸ਼ ਇਹ ਹੈ ਕਿ ਇਸ ਵਿਚ ਕਾਲਾਂ ਦੀ ਵੰਡ ਸ਼ਖ਼ਸੀਅਤ ਦੇ ਨਾਂ ਤੇ ਕੀਤੀ ਹੈ। ਇਹ ਠੀਕ ਹੈ ਕਿ ਗੋਰਖਨਾਥ, ਗੁਰੂ ਨਾਨਕ ਦੇਵ, ਵਾਰਿਸ ਸ਼ਾਹ ਤੇ ਭਾਈ ਵੀਰ ਸਿੰਘ ਆਦਿ ਪੰਜਾਬੀ ਸਾਹਿਤ ਦੇ ਮਹਾਨ ਉਸਰੱਈਏ ਹਨ। ਪਰ ਇਕ ਕਾਲ ਵਿਚ ਕਈ ਰੁਚੀਆਂ ਤੇ ਲਹਿਰਾਂ ਚਲਦੀਆਂ ਹਨ। ਇਕ ਸ਼ਖ਼ਸੀਅਤ ਇਕ ਲਹਿਰ ਦੀ ਹੀ ਪ੍ਰਤੀਨਿਧ ਹੁੰਦੀ ਹੈ। ਸਾਰੀਆਂ ਲਹਿਰਾਂ ਤੇ ਰੁਚੀਆਂ ਦੀ ਪ੍ਰਤੀਨਿਧ ਇਕ ਲਹਿਰ ਨਹੀਂ ਹੋ ਸਕਦੀ। ਇਸ ਲਈ ਕਿਸੇ ਕਾਲ ਦਾ ਨਾਂ ਇਕ ਸ਼ਖ਼ਸੀਅਤ ਦੇ ਆਧਾਰ ਤੇ ਵੀ ਨਹੀਂ ਰੱਖਿਆ ਜਾ ਸਕਦਾ।

ਦੂਜਾ ਸਮਾਜਕ ਤੇ ਰਾਜਸੀ ਅਦਲ-ਬਦਲੀ ਨਾਲ ਸਾਹਿਤ ਵਿਚ ਨਵਾਂ ਮੋੜ ਆਰੰਭ ਹੋਵੇ ਉਥੇ ਪਹਿਲੇ ਕਾਲ ਦੀ ਹੱਦ ਖ਼ਤਮ ਹੋ ਕੇ ਨਵੇਂ ਕਾਲ ਦਾ ਆਰੰਭ ਹੋਣਾ ਚਾਹੀਦਾ ਹੈ। ਪਰ ਕਿਸੇ ਸ਼ਖ਼ਸੀਅਤ ਦੇ ਨਾਂ ਉੱਪਰ ਪੰਜ ਕਾਲ

ਮਿੱਥ ਲੈਣੇ ਹਨ ਅਤੇ ਹਰ ਸਮਾਂ ਆਪਣੀ ਮਰਜ਼ੀ ਅਨੁਸਾਰ ਹੀ ਵਧਾਇਆ ਘਟਾਇਆ ਗਿਆ ਹੈ। ਵਿਚਾਰਨ ਵਾਲੀ ਗੱਲ ਹੈ ਕਿ ਨਾਨਕ-ਕਾਲ ਦਾ ਆਰੰਭ ਗੁਰੂ ਨਾਨਕ ਦੇਵ ਦੇ ਜਨਮ ਤੋਂ ਪਹਿਲਾਂ ਹੀ ਕੀਤਾ ਗਿਆ ਹੈ ਅਤੇ ਇਸ ਦਾ ਅਮਤ ਉਹਨਾਂ ਦੇ ਜੋਤੀ-ਜੋਤਿ ਸਮਾਉਣ ਤੋਂ ਵੀ ਡੇਢ ਸੌ ਵਰ੍ਹੇ ਅੱਗੇ ਪਹੁੰਚਾਇਆ ਗਿਆ ਹੈ।

ਡਾ. ਬਨਾਰਸੀ ਦਾਸ ਦੁਆਰਾ—ਡਾ. ਬਨਾਰਸੀ ਦਾਸ ਨੇ ਪੰਜਾਬੀ ਲਿਟਰੇਚਰ ਵਿਚ ਕਾਲ-ਵੰਡ ਨੂੰ ਇਸ ਪ੍ਰਕਾਰ ਲਿਖਿਆ ਹੈ—

(ੳ) ਸਿੱਖ ਸਾਹਿਤ

(ਅ) ਹਿੰਦੂ ਸਾਹਿਤ

(ੲ) ਦੁਨਿਆਵੀ ਸਾਹਿਤ

(ਸ) ਮੁਸਲਮਾਨੀ ਸਾਹਿਤ

(ਹ) ਈਸਾਈ ਸਾਹਿਤ

(ਕ) ਨਵੀਂ ਲਹਿਰ ਦਾ ਸਾਹਿਤ ਆਦਿ

ਇਹ ਸਾਹਿਤ ਦੀ ਵਿਗਿਆਨਕ ਤੱਥਾਂ ਦੇ ਆਧਾਰ ਤੇ ਕਾਲ-ਵੰਡ ਨਹੀਂ ਸਗੋਂ ਧਰਮਾਂ ਦੇ ਆਧਾਰ ਤੇ ਸਾਹਿਤ ਦੀ ਵੰਡ ਕੀਤੀ ਗਈ ਹੈ। ਸਾਹਿਤ ਨੂੰ ਧਰਮ ਨਾਲ ਜੋੜਨਾ ਉੱਚਿਤ ਨਹੀਂ। ਇਹ ਤਾਂ ਠੀਕ ਹੈ ਕਿ ਇਹਨਾਂ ਧਰਮਾਂ ਨੇ ਪੰਜਾਬੀ ਸਾਹਿਤ ਨੂੰ ਕਾਫੀ ਪ੍ਰਫੁੱਲਿਤ ਕੀਤਾ ਹੈ ਪਰ ਧਰਮਾਂ ਦਾ ਕਦੀ ਵੀ ਸੁਤੰਤਰ ਵਿਕਾਸ ਨਹੀਂ ਹੁੰਦਾ ਸਗੋਂ ਉਹ ਸਮੇਂ ਦੀਆਂ ਇਤਿਹਾਸਕ ਅਤੇ ਆਰਥਿਕ ਕੀਮਤਾਂ ਨੂੰ ਪ੍ਰਭਾਵ ਹੇਠ ਰੱਖਦੇ ਹਨ। ਇਸ ਲਈ ਸਾਹਿਤ ਧਰਮ ਦਾ ਨਹੀਂ ਸਗੋਂ ਉਸ ਸਮੇਂ ਦੇ ਸਮੁੱਚੇ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਹਰ ਕਾਲ ਅੰਦਰ ਅਜਿਹੇ ਸਾਹਿਤਕਾਰ ਮੌਜੂਦ ਹੁੰਦੇ ਹਨ ਜੋ ਵੱਖ-ਵੱਖ ਧਰਮਾਂ ਦੇ ਹੋ ਸਕਦੇ ਹਨ।

ਡਾ. ਗੋਪਾਲ ਸਿੰਘ ਦਰਦੀ ਦੁਆਰਾ—ਡਾ. ਗੋਪਾਲ ਸਿੰਘ ਦਰਦੀ ਦੁਆਰਾ ਕੀਤੀ ਗਈ ਕਾਲ-ਵੰਡ ਡਾ. ਮੋਹਨ ਸਿੰਘ ਦੀਵਾਨਾ ਦੀ ਕਾਲ-ਵੰਡ ਨਾਲ ਲਗਭਗ ਮਿਲਦੀ ਜੁਲਦੀ ਹੀ ਹੈ ਜੋ ਇਸ ਪ੍ਰਕਾਰ ਹੈ—

(ੳ) ਮੁੱਢਲਾ ਸਮਾਂ 800 ਈਸਵੀ ਤੋਂ 1450 ਈਸਵੀ ਤਕ।

(ਅ) ਗੁਰੂ ਸਾਹਿਬਾਂਨ ਦਾ ਜ਼ਮਾਨਾ ਜਾਂ ਮੁਗਲਈ ਕਾਲ 1450 ਤੋਂ 1700 ਈਸਵੀ ਤਕ।

(ੲ) ਪਿਛਲਾ ਮੁਗਲਈ ਕਾਲ 1700 ਤੋਂ 1800 ਈਸਵੀਂ ਤਕ।

(ਸ) ਰਣਜੀਤ ਸਿੰਘ ਕਾਲ 1800 ਤੋਂ 1860 ਈ. ਤਕ।

(ਹ) ਅੰਗ੍ਰੇਜ਼ੀ ਕਾਲ 1860 ਤੋਂ ਅੱਗੇ।

ਇਸ ਕਾਲ ਨੂੰ ਅਸੀਂ ਵਿਗਿਆਨਕ ਨਹੀਂ ਕਹਿ ਸਕਦੇ ਅਤੇ ਨਾ ਹੀ ਇਨ੍ਹਾਂ ਕਿਸੇ ਪ੍ਰਵਿਰਤੀ ਨੂੰ ਕਾਲ ਵੰਡ ਦਾ ਆਧਾਰ ਬਣਾਇਆ ਹੈ।

ਕਿਰਪਾਲ ਸਿੰਘ ਕਸੇਲ ਅਤੇ ਡਾ. ਪ੍ਰਮਿੰਦਰ ਸਿੰਘ ਦੁਆਰਾ ਕਿਤੀ ਕਾਲ ਵੰਡ—ਇਨ੍ਹਾਂ ਦੀ ਆਪਣੀ ਪੁਸਤਕ ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਵਿਚ ਕਾਫੀ ਖੋਜ ਤੇ ਦਲੀਲਾਂ ਦੇ ਆਧਾਰ ਤੇ ਪੰਜਾਬੀ ਸਾਹਿਤ ਦੀ ਕਾਲਵੰਡ ਹੇਠ ਅਨੁਸਾਰ ਕੀਤੀ ਹੈ ਜੋ ਕਿ ਪਿਛਲੀਆਂ ਕਾਲਵੰਡਾਂ ਨਾਲੋਂ ਕਾਫੀ ਚੰਗੀ ਹੈ। ਉਨ੍ਹਾਂ ਦੀ ਕੀਤੀ ਸਾਹਿਤ ਦੀ ਕਾਲਵੰਡ ਇਸ ਪ੍ਰਕਾਰ ਹੈ।

(ੳ) ਆਦਿ ਕਾਲ ਜਾਂ ਨਾਥਾ ਜੋਗੀਆਂ ਦਾ ਸਮਾਂ—850 ਤੋਂ 1520 ਈ. ਤਕ।

(ਅ) ਸੁਨਿਹਰੀ ਕਾਲ (ਗੁਰ ਨਾਨਕ ਕਾਲ) 1520 ਈ. ਤੋਂ 1708 ਈ. ਤਕ।

(ਸ) ਮੁਗਲ ਰਾਜ ਦੀ ਅਧੋਗਤੀ ਦਾ ਸਮਾਂ 1708 ਤੋਂ 1800 ਈ. ਤਕ।

(ਹ) ਮਹਾਰਾਜਾ ਰਣਜੀਤ ਸਿੰਘ ਦਾ ਸਮਾਂ 1800 ਤੋਂ 1860 ਈਸਵੀ ਤਕ।

(ਕ) ਆਧੁਨਿਕ ਕਾਲ ਜਾਂ ਅੰਗਰੇਜੀ ਰਾਜ ਦਾ ਸਮਾਂ 1860 ਤੋਂ 1947 ਤਕ।

—ਜਾਗ੍ਰਿਤੀ ਕਾਲ 1860 ਤੋਂ 1900 ਈ. ਤਕ।

—ਪ੍ਰੀਵਰਤਣ ਕਾਲ 1900 ਤੋਂ 1930 ਤਕ।

—ਨਵੀਨ ਕਾਲ 1930 ਤੋਂ 1947 ਤਕ।

ਸਾਹਿਤ ਦੀ ਕਾਲਵੰਡ ਅੰਦਰ ਪਹਿਲੀ ਵਾਰ ਇਕ ਵਿਗਿਆਨਿਕ ਕਾਲ ਵੰਡ ਸਾਹਮਣੇ ਆਈ ਹੈ। ਇਸ ਕਾਲ ਵੰਡ ਅੰਦਰ ਵੱਖ-ਵੱਖ ਕਾਲਾ ਦਾ ਸਮਾਂ ਦਿਤਾ ਗਿਆ ਹੈ। ਇਸ ਕਾਲ ਵੰਡ ਤੋਂ ਇਹ ਪਤਾ ਲੱਗਦਾ ਹੈ ਕਿ ਪੰਜਾਬੀ ਸਾਹਿਤ ਦਾ ਆਰੰਭ 1850 ਈ. ਅੰਦਰ ਸ਼ੁਰੂ ਹੋਇਆ ਹੈ। ਇਹ ਕਾਲ ਵੰਡ ਇਤਿਹਾਸਕ, ਸਮਾਜਿਕ ਅਤੇ ਰਾਜਨੀਤਿਕ ਪ੍ਰਵਿਰਤਨਾਂ ਦੇ ਪੱਖ ਤੋਂ ਠੀਕ ਬੈਠਦੀ ਹੈ।

ਗਿਆਨੀ ਹੀਰਾ ਸਿੰਘ ਦਰਦ ਦੁਆਰਾ ਕੀਤੀ ਗਈ ਕਾਲਵੰਡ। ਇਸ ਕਾਲਵੰਡ ਦਾ ਜਿਕਰ ਡਾ. ਪ੍ਰਮਿੰਦਰ ਸਿੰਘ ਨੇ ਵੀ ਕੀਤਾ ਹੈ ਉਹ ਇਸ ਕਾਲ ਵੰਡ ਬਾਰੇ ਨਿਮਣ ਵੇਰਵੇ ਦਿੰਦੇ ਹਨ।

1. ਪੁਰਾਣਾ (ਸੱਥ) ਕਾਲ

(ੳ) ਆਰੰਭਕ ਪੁਰਾਣਾ ਕਾਲ (856-1520 ਈ.)

(ਅ) ਆਰੰਭਕ ਮੁਗਲ ਕਾਲ (1520-1710 ਈ.)

(ਸ) ਮੁਗਲ ਕਾਲ ਦੀ ਅਧੋਗਤੀ ਕਾਲ (1710-1800 ਈ.)

(ਹ) ਸਿਖ ਰਾਜ ਕਾਲ (1800-1850)

2. ਨਵੀਨ ਕਾਲ (ਬਰਤਾਨਵੀ ਸਾਮਰਾਜ ਦਾ ਆਰੰਭ)

(ੳ) ਸੁਧਾਰਕ ਕਾਲ (1850 ਤੋਂ 1900 ਈ.)

(ਅ) ਕੌਮੀ ਜਾਗਰਤੀ ਦਾ ਕਾਲ (1900 ਤੋਂ 1947 ਈ.)

(ੲ) ਕੌਮੀ ਆਜ਼ਾਦੀ ਲਈ ਟਾਕਰਾਅ ਦਾ ਕਾਲ (1920 ਤੋਂ 1974 ਤਕ)

(ਹ) ਜਨਤਕ ਜਾਗ੍ਰਿਤੀ ਕਾਲ (1974 ਤੋਂ ਬਾਅਦ)

ਗਿਆਨੀ ਜੀ ਦੀ ਉਪਰੋਕਤ ਉਪ-ਵੰਡ ਦਾ ਬਹੁਤਾਂ ਆਧਾਰ ਰਾਜਸੀ ਤੇ ਪਰੰਪਰਾਵਾਦੀ ਹੈ ਤੇ ਜਿ ਨਵੀਨ ਕਾਲ ਦੇ ਉਪ ਭਾਗਾਂ ਨੂੰ ਨਵੇਂ ਨਾ ਦੇਣ ਤੋਂ ਸਿਵਾਏ ਹੋਰ ਬਹੁਤਾ ਲਾਹੇਵੰਦ ਨਹੀਂ ਜਾਪਦਾ ਹੈ। ਜਦੋਂ ਅ ਗਿਆਨੀ ਹੀਰਾ ਸਿੰਘ ਦਰਦ ਦੇ 1989 ਈ. ਵਿਚ ਸੋਧੇ ਐਡੀਸ਼ਨ ਵਲ ਪਰਤਦੇ ਹਾਂ ਤਾਂ ਸਾਨੂੰ ਉਨ੍ਹਾਂ ਦੁਆ ਦਿੱਤੀ ਗਈ ਕਾਲ ਵੰਡ ਇਸ ਪ੍ਰਕਾਰ ਮਿਲਦੀ ਹੈ।

ਮੱਧ ਕਾਲ

(ੳ) ਆਰੰਭਕ ਮੱਧ ਕਾਲ 850 ਤੋਂ 1526 ਈ. ਤਕ ਵਿਚਕਾਰਲਾ ਮੱਧ ਕਾਲ 1526 ਈ. ਤੋਂ 170 ਈ. ਤਕ

(ੲ) ਅੰਤਮ ਮੱਧਕਾਲ ਜਾਂ ਮੁਗਲ ਰਾਜ ਦੀ ਅਧੋਗਤੀ ਤੇ ਲੋਕ ਜਾਗ੍ਰਿਤੀ ਕਾਲ 1700 ਤੋਂ 1800 ਈ ਤਕ

(ਸ) ਸਿੱਖ ਰਾਜ (ਰਣਜੀਤ ਸਿੰਘ ਕਾਲ) 1800 ਤੋਂ 1850 ਈ. ਤਕ ਨਵੀਨ ਕਾਲ (ਪੂੰਜੀਵਾਦਕ ਕਾ 1850 ਤੋਂ ਅੱਗੇ

(ੳ) ਸੁਧਾਰਕ ਕਾਲ 1850 ਤੋਂ 1900 ਤਕ

(ਅ) ਕੌਮੀ ਜਾਗ੍ਰਿਤੀ ਕਾਲ 1900 ਤੋਂ 1920 ਈ. ਤਕ

(ੲ) ਆਜ਼ਾਦੀ ਲਈ ਘੋਲਦਾ ਕਾਲ 1920 ਤੋਂ 1947 ਤਕ

(ਸ) ਕੌਮੀ ਰਾਜ ਕਾਲ 1947 ਤੋਂ ਅੱਗੇ

ਇਹ ਕਾਲ ਵੰਡ ਕਿਉਂਕਿ 1989 ਈ. ਵਿਚ ਸਾਹਮਣੇ ਆਈ ਹੈ ਇਸੇ ਨੂੰ ਅਸੀਂ ਤਾਜ਼ਾ ਹੱਥ ਲਗੀ ਕਾਲ ਵੰਡ ਕਹਿ ਸਕਦੇ ਹਾਂ। ਗਿਆਨੀ ਜੀ ਨੇ ਆਪਣੇ ਦੁਆਰਾ ਦਿੱਤੀ ਪਹਿਲੀ ਕਾਲਵੰਡ ਵਿਚ ਕੁੱਝ ਸੋਧ ਵੀ ਕੀਤੀ ਹੈ, ਜੋ ਕਿ ਹੁਣ ਇਹ ਪੂਰੀ ਤਰ੍ਹਾਂ ਵਿਗਿਆਨਕ ਬਣ ਗਈ ਹੈ। ਪਹਿਲਾ ਇਸ ਵਿਚਲੀਆਂ ਕਮੀਆਂ ਦੂਰ ਹੋ ਗਈਆਂ ਹਨ। ਕਾਲ ਨੂੰ ਨਿਖੇੜਣ ਵਾਲੀਆਂ ਪੈਦਾਵਾਰਕ ਰੁਚੀਆਂ ਨੂੰ ਗਿਆਨੀ ਜੀ ਨੇ ਸਾਹਮਣੇ ਰੱਖਿਆ ਹੈ। ਉਹ ਆਪ ਵੱਖ-ਵੱਖ ਕਾਲਾਂ ਦੇ ਵਿਚ ਇਨ੍ਹਾਂ ਪੈਦਾਵਾਰਕ ਸ਼ਕਤੀਆਂ ਦੀ ਸੂਚੀ ਇਸ ਪ੍ਰਕਾਰ ਦਿੰਦੇ ਹਨ।

ਪੁਰਾਣੇ ਕਾਲ ਵਿੱਚ ਜ਼ਮੀਨੀ ਆਰਥਕਤਾ, ਜਗੀਰਦਾਰੀ, ਰਾਜਾਸ਼ਾਹੀ, ਵਿਅਕਤੀਆਂ ਦੀ ਜਗੀਰਦਾਰੀ, ਗੁਰੂਆਂ, ਅਵਤਾਰਾਂ, ਰਾਜਿਆਂ ਦਾ ਆਗੂ ਹੋਣਾ ਲੋਕ ਅਧਿਕਾਰਾਂ ਦੀ ਅਣਹੋਂਦ, ਕਰਮਾਂ, ਵਹਿਮਾਂ, ਭਰਮਾਂ ਤੇ ਭਾਗਾਂ ਦੀਆਂ ਮਨੌਤਾਂ ਆਧੁਨਿਕ ਕਾਲ ਵਿਚ ਮਸ਼ੀਨੀ ਆਰਥਕਤਾ ਦੀ ਪ੍ਰਧਾਨਤਾ, ਰਹੱਸਵਾਦ, ਕਿਸਾਨਾਂ ਮਜ਼ਦੂਰਾਂ ਵਿਚ ਜਾਗ੍ਰਿਤੀ ਲੋਕਾਂ ਦੇ ਅਧਿਕਾਰ, ਆਜ਼ਾਦੀ, ਬਰਾਬਰੀ, ਯਥਾਰਥਵਾਦ ਤੇ ਸਮਾਜਵਾਦ ਦੇ ਵਿਚਾਰਾਂ ਦੀ ਪ੍ਰਧਾਨਤਾ

ਇਹਨਾਂ ਦੋ ਕਾਲਾਂ ਵਿਚ ਵਿਕਾਸ ਦੀਆਂ ਸਟੇਜਾਂ ਅਨੁਸਾਰ ਚਾਰ-ਚਾਰ ਭਾਗਾਂ ਵਿਚ ਵੰਡ ਕੀਤੀ ਗਈ ਹੈ।

ਉਪਰੋਕਤ ਕਾਲਵੰਡ ਨੂੰ ਅਸੀਂ ਪੂਰੀ ਤਰ੍ਹਾਂ ਵਿਗਿਆਨਕ ਮੰਨ ਸਕਦੇ ਹਾਂ। ਇਸ ਵਿਚ ਡਾ: ਸ਼ੀਤਲ ਸਿੰਘ ਦੀ ਕਹਾਵਤ ਦੇਣੀ ਜ਼ਰੂਰੀ ਹੋਵੇਗੀ। ਇਸ ਕਾਲ ਵੰਡ ਵਰਨਣ ਯੋਗ ਹੈ। ਇਹ ਮੰਨਦੇ ਹਨ ਕਿ ਰਾਜਸੀ ਆਧਾਰ ਤੇ ਕਾਲਵੰਡ ਨਹੀਂ ਕੀਤੀ ਜਾਣੀ ਚਾਹੀਦੀ ਕਿਉਂਕਿ ਕਿਸੇ ਸ਼ਾਸਨ ਨੇ ਪੰਜਾਬੀ ਲਈ ਕੁਝ ਨਹੀਂ ਕੀਤਾ ਇਨ੍ਹਾਂ ਦੁਆਰਾ ਦਿੱਤੀ ਗਈ ਕਾਲਵੰਡ ਅੰਦਰ ਪੂਰਵ ਨਾਨਕ ਕਾਲ, ਨਾਨਕ ਕਾਲ, 18ਵੀਂ ਸਦੀ ਦਾ ਸਾਹਿਤ, 19ਵੀਂ ਸਦੀ ਦਾ ਸਾਹਿਤ ਆਦਿ ਹੈ। ਉਨ੍ਹਾਂ ਦੁਆਰਾ ਦਿੱਤੀ ਸਪਸ਼ਟ ਕਾਲਵੰਡ ਇਸ ਪ੍ਰਕਾਰ ਹੈ—

ਪੂਰਵ ਨਾਨਕ ਕਾਲ (1469 ਤਕ)

(ਅ) ਮੱਧ ਕਾਲ ਯਾ ਨਾਨਕ ਕਾਲ (1469 ਤੋਂ 1708 ਤਕ)

(ੲ) ਮੱਧ ਉੱਤਰ ਨਾਨਕ ਕਾਲ (1708 ਤੋਂ 1850 ਤਕ)

(ਸ) ਪਰਿਵਰਤਨ ਕਾਲ (1850 ਤੋਂ 1900 ਤਕ)

(ਹ) ਆਧੁਨਿਕ ਕਾਲ (1) 1900 ਤੋਂ 1947 ਤਕ) (2) 1947 ਤੋਂ ਪਿੱਛੋਂ ਸੁਤੰਤਰਤਾਂ ਕਾਲ ਤਕ

ਨਿਰਸੰਦੇਹ 1947 ਤੋਂ ਪਿਛੋਂ ਦੇ ਕਾਲ ਨੂੰ ਅਸੀਂ ਪੰਜਾਬੀ ਸਾਹਿਤ ਨੂੰ ਸੁਨਿਹਰੀ ਕਾਲ ਕਹਿ ਸਕਦੇ ਹਾਂ। ਉਂਜ ਭਾਵੇਂ ਕਈ ਆਲਚੋਕਾਂ ਨੇ ਨਾਨਕ ਕਾਲ ਨੂੰ ਸਵਰਨਮਈ ਕਾਲ ਮੰਨਿਆ ਹੈ। ਅਸਲ ਵਿਚ ਮੱਧ ਕਾਲ ਹੀ ਇਕ ਅਜਿਹਾ ਕਾਲ ਹੈ, ਜਿਸ ਵਿਚ ਪੰਜਾਬੀ ਕਾਲ ਦੇ ਭੰਡਾਰ ਨਕੋ ਨਕ ਭਰੇ ਜਾਂਦੇ ਹਨ ਅਤੇ ਸੂਫੀ ਕਾਵਿ, ਕਿੱਸਾ ਕਾਵਿ ਅਤੇ ਬੀਰ ਕਾਵਿ ਆਪਣੀਆਂ ਪੂਰੀਆਂ ਸ਼ਿਖਰਾਂ ਛੂੰਹਦੇ ਹਨ।

ਡਾ: ਸਾਹਿਬ ਦੁਆਰਾ ਦਿੱਤੀ ਗਈ ਕਾਲ ਵੰਡ ਵਜ਼ਣਦਾਰ ਹੈ। ਪਰ ਗਿਆਨੀ ਹੀਰਾ ਸਿੰਘ ਨੇ ਜੋ ਕਾਲ ਵੰਡ ਦਿੱਤੀ ਹੈ ਉਹ ਪਦਾਰਥਕ ਰਿਸ਼ਤਿਆਂ ਅਤੇ ਉਹਨਾਂ ਦੀ ਆਧਾਰ ਰੂਪ ਵਿਚਾਰਧਾਰਾ ਉਪਰ ਆਧਾਰਿਤ ਹੈ। ਇਸ ਲਈ ਹੋਰ ਕਾਲਵੰਡ ਤੋਂ ਵਧੇਰੇ ਵਿਗਿਆਨਕ ਹੈ।

ਇਸ ਲਈ ਮੌਜੂਦਾ ਧੜਾ ਤੇ ਗਿਆਨੀ ਹੀਰਾ ਸਿੰਘ ਦਰਦ ਦੀ ਦਿੱਤੀ ਕਾਲਵੰਡ ਵੀ ਪ੍ਰਵਾਨ ਕੀਤੀ ਜਾਣੀ ਚਾਹੀਦੀ ਹੈ।

-----

**SEMESTER : Ist**

ਅਧਿਆਇ ਬਾਰਹਾਂ

**UNIT : IIIrd**

**Lesson No. 12**

**SUBJECT : PUNJABI**

# ਪੰਜਾਬੀ ਦਾ ਪ੍ਰਥਮ ਸਾਹਿਤਕਾਰ

ਪੰਜਾਬੀ ਸਾਹਿਤ ਦੇ ਆਰੰਭ ਦਾ ਨਿਰਣਾ ਕਰਨ ਤੋਂ ਉਪੰਰਤ ਪ੍ਰਥਮ ਪੰਜਾਬੀ ਸਾਹਿਤਕਾਰ ਦਾ ਨਿਰਨਾ ਵੀ ਜ਼ਰੂਰੀ ਹੈ। ਇਸ ਸਮੱਸਿਆ ਨੂੰ ਵੀ ਪੰਜਾਬੀ ਸਾਹਿਤ ਦੇ ਪ੍ਰਾਰੰਭ ਦਾ ਉਪਭਾਗ ਹੀ ਮੰਨਿਆ ਜਾ ਸਕਦਾ ਹੈ। ਪੰਜਾਬੀ ਸਾਹਿਤ ਦੇ ਆਰੰਭ ਵਾਂਗ, ਇਹ ਸਮੱਸਿਆ ਵੀ ਕਾਫੀ ਵਿਵਾਦਮਈ ਹੈ। ਮੁੱਢਲੇ ਯਤਨਾਂ ਵਿਚ ਗੁਰੂ ਨਾਨਕ ਦੇਵ ਜੀ ਨੂੰ ਪੰਜਾਬੀ ਸਾਹਿਤ ਦਾ ਪ੍ਰਥਮ ਸਾਹਿਤਕਾਰ ਮੰਨਣ ਦੀ ਪ੍ਰਥਾ ਰਹੀ ਹੈ। ਇਸ ਉਪੰਰਤ ਪੰਜਾਬੀ ਸਾਹਿਤ ਦੇ ਆਰੰਭ ਨੂੰ ਬਾਬਾ ਫ਼ਰੀਦ ਤੋਂ ਪ੍ਰਵਾਨ ਕਰਦਿਆਂ, ਬਾਬਾ ਫ਼ਰੀਦ ਨੂੰ ਪੰਜਾਬੀ ਦਾ ਪ੍ਰਥਮ ਸਾਹਿਤਾਕਰ ਮੰਨਿਆ ਜਾਂਦਾ ਰਿਹਾ ਹੈ। ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦਾ ਵਿਗਿਆਨਕ ਆਰੰਭ ਡਾ: ਮੋਹਨ ਸਿੰਘ ਦੀਵਾਨਾ ਦੇ ਸੁਚੇਤ ਯਤਨਾਂ ਸਦਕਾ ਪ੍ਰਾਰੰਭ ਹੁੰਦਾ ਹੈ। ਡਾ: ਮੋਹਨ ਸਿੰਘ ਦੀਵਾਨਾ ਨੇ ਪੰਜਬੀ ਸਾਹਿਤ ਦਾ ਆਰੰਭ ਨਾਥਾਂ ਜੋਗੀਆਂ ਤੋਂ ਮੰਨਿਆ ਹੈ ਅਤੇ ਇਸ ਤਰ੍ਹਾਂ ਗੋਰਖ ਨਾਥ ਨੂੰ ਪੰਜਾਬੀ ਦਾ ਪ੍ਰਥਮ ਸਾਹਿਤਕਾਰ ਮੰਨਿਆ ਗਿਆ ਹੈ। ਮਸਊਦ ਸਾਅਦ ਸਲਮਾਨ ਨੂੰ ਪੰਜਾਬੀ ਦਾ ਪ੍ਰਥਮ ਕਵੀ ਮੰਨ ਕੇ ਉਸ ਦੀ ਇਕ ਰਚਨਾ 'ਬਾਰਾਮਾਹਾ' ਦਾ ਹਵਾਲਾ ਵੀ ਦਿੱਤਾ ਜਾਂਦਾ ਹੈ। ਸੰਤ ਸਿੰਘ ਸੇਖੋਂ ਨੇ ਨੌਵੀਂ-ਦਸਵੀਂ ਸਦੀ ਦੇ ਮੁਲਤਾਨ ਨਿਵਾਸੀ ਕਵੀ ਅੱਦੇਮਾਨ (ਅਬਦੁਰ ਰਹਿਮਾਨ) ਦੀ ਰਚਨਾ 'ਸੰਨੇਹ ਰਾਸਕ' ਨੂੰ ਪੂਰਨ ਭਾਂਤ ਪੰਜਾਬੀ ਅਪ੍ਰਭੰਸ਼ ਸਵੀਕਾਰ ਕਰਦਿਆਂ ਇਸ ਵਿਚੋਂ ਆਧੁਨਿਕ ਪੰਜਾਬੀ ਦੇ ਕਈ ਵਿਸ਼ੇਸ਼ ਰੂਪ ਸਾਕਾਰ ਹੁੰਦੇ ਦੱਸੇ ਹਨ ਅਤੇ ਲਗਭਗ 300 ਤੋਂ ਵਧੇਰੇ ਅਜਿਹੇ ਪੰਜਾਬੀ ਸ਼ਬਦਾਂ ਦਾ ਜ਼ਿਕਰ ਕੀਤਾ ਹੈ ਜੋ ਥੋੜ੍ਹੇ ਬਹੁਤੇ ਭੇਦ ਨਾਲ ਅੱਜ ਤਕ ਪ੍ਰਚਲਿਤ ਹਨ। ਪਰੰਤੂ ਪੰਜਾਬੀ ਸਾਹਿਤ ਦੀ ਸਭ ਤੋਂ ਪ੍ਰਾਚੀਨਤਮ ਵੰਨਗੀ ਫ਼ਰੀਦ ਬਾਣੀ ਨੂੰ ਦੱਸਦਾ ਹੈ ਅਤੇ ਇਹ ਸਵੀਕਾਰ ਕਰਦਾ ਹੈ ਕਿ ਉਤਾਰਾ ਕਰਨ ਵਾਲਿਆਂ ਗੂੜ੍ਹੇ ਮੁਲਤਾਨੀ ਸ਼ਬਦ ਮਧ-ਪੰਜਾਬੀ ਜਾਂ ਪਿਛਲੇਰੇ ਪੰਜਾਬੀ ਰੂਪਾਂ ਵਿਚ ਬਦਲ ਦਿੱਤੇ ਹਨ। ਡਾ: ਮੋਹਨ ਸਿੰਘ ਦੀਵਾਨਾ ਨੇ ਸ਼ੇਖ ਫ਼ਰੀਦ ਤੋਂ ਪੂਰਵ ਮੁਸਲਮਾਨ ਲੇਖਕਾਂ ਦੀ ਸੰਭਾਵਨਾ ਵਿਅਕਤ ਕਰਦਿਆਂ, ਮਸਊਦ, ਮੁੱਲਾਂ ਦਾਊਦ ਦਾ ਹਵਾਲਾ ਦਿੱਤਾ ਹੈ। ਮੁੱਢਲੇ ਯੋਗਦਾਨੀਆਂ ਵਿਚ ਡਾ: ਮੋਹਨ ਸਿੰਘ ਦੀਵਾਨਾ ਨੇ ਪ੍ਰਥਜ ਅਤੇ ਚਾਂਦ ਬਰਦਾਈ ਦਾ ਹਵਾਲਾ ਵੀ ਦਿੱਤਾ ਹੈ।

ਉਕਤ ਹਵਾਲੇ ਸਿੱਧ ਕਰਦੇ ਹਨ ਕਿ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਵਿਚ ਪ੍ਰਥਮ ਪੰਜਾਬੀ ਸਾਹਿਤਕਾਰ ਦੀ ਸਮੱਸਿਆ ਕਿਸੇ ਫੈਸਲਾਕੁਨ ਪੜਾਅ ਉਤੇ ਨਹੀਂ ਪੁਜੀ। ਪ੍ਰਥਮ ਪੰਜਾਬੀ ਸਾਹਿਤਕਾਰਾਂ ਦੀ ਇਕ ਲੰਬੀ ਸੂਚੀ ਤਿਆਰ ਕੀਤੀ ਜਾ ਸਕਦੀ ਹੈ ਜੋ ਨਿਰਨੇ ਦੀ ਮੰਗ ਕਰਦੀ ਹੈ। ਇਹਨਾਂ ਸਾਹਿਤਕਾਰਾਂ ਦੀ ਸੂਚੀ ਇਸ ਪ੍ਰਕਾਰ ਹੈ-

1. ਗੋਰਖ ਨਾਥ
2. ਮਸਊਦ ਸਾਅਦ ਸਲਮਾਨ
3. ਅੱਦੇਮਾਨ (ਅਬਦੁਰ ਰਹਿਮਾਨ)

4. ਸ਼ੇਖ਼ ਫ਼ਰੀਦ

5. ਪੁਸ਼ਜ/ਪੁੰਡਜਾ ਜਾਂ ਪੁਸ਼ਪ

6. ਚਾਂਦ ਦਾਊਦ

7. ਮੁੱਲਾਂ ਦਾਊਦ

ਇਹਨਾਂ ਵਿਚ ਕਈ ਹੋਰ ਨਾਵਾਂ ਦਾ ਵਾਧਾ ਵੀ ਕੀਤਾ ਜਾ ਸਕਦਾ ਹੈ। ਜਦਕਿ ਇਹਨਾਂ ਵਿਚੋਂ ਕੁਝ ਯੋਗਦਾਨੀਆਂ ਨੂੰ ਤਾਂ ਪੰਜਾਬੀ ਦੇ ਲੇਖਕ ਮੰਨਣ ਤੋਂ ਵੀ ਇਨਕਾਰ ਕੀਤਾ ਜਾਂਦਾ ਹੈ ਅਤੇ ਅੱਜ ਦੇ ਹਿੰਦੀ, ਉਰਦੂ ਦੇ ਵਧੇਰੇ ਨੇੜੇ ਮੰਨਿਆ ਜਾਂਦਾ ਹੈ। ਇਸੇ ਲਈ ਡਾ: ਅੱਤਰ ਸਿੰਘ ਇਹਨਾਂ ਵਿਚੋਂ ਕੁਝ ਦੀਆਂ ਰਚਨਾਵਾਂ ਵਿਚ ਪੰਜਾਬੀ ਮੁਹਾਵਰਾ ਤੇ ਸ਼ਬਦ-ਰੂਪਾਂ ਦੇ ਅੰਸ਼ਾਂ ਨੂੰ ਸਵੀਕਾਰਦਾ ਹੋਇਆ ਵੀ, ਪੰਜਾਬੀ ਲੇਖਕ ਨਹੀਂ ਮੰਨਦਾ। ਡਾ: ਕਰਨੈਲ ਸਿੰਘ ਥਿੰਦ ਨੇ ਵੀ ਇਹਨਾਂ ਵਿਚੋਂ ਕਈਆਂ ਨੂੰ ਹਿੰਦੀ ਦੇ ਨੇੜੇ ਮੰਨਿਆ ਹੈ।

ਉਪਰੋਕਤ ਸੂਚੀ ਦਾ ਵਿਗਿਆਨਕ ਵਿਵੇਚਨ ਕਰਨ ਉਪਰੰਤ ਹੀ ਕਿਸੇ ਨਿਰਨੇ ਤੇ ਪੁੱਜਣਾ ਉੱਚਿਤ ਹੋਵੇਗਾ।

ਪੁਸ਼ਜ/ਪੁੰਡਜਾ ਜਾਂ ਪੁਸ਼ਪ, ਮਸਊਦ ਸਅਦ ਸਲਮਾਨ ਦੇ ਐਸੇ ਯੋਗਦਾਨੀ ਹਨ, ਜਿਹਨਾਂ ਦੀਆਂ ਰਚਨਾਵਾਂ ਦੇ ਸੰਕੇਤ ਮਾਤਰ ਹਵਾਲੇ ਮਿਲਦੇ ਹਨ ਪਰੰਤੂ ਪ੍ਰਮਾਣ ਲਈ ਵੰਨਗੀਆਂ ਨਹੀਂ ਦਿੱਤੀਆਂ ਜਾ ਸਕਦੀਆਂ। ਸਾਹਿਤ ਦੀ ਇਤਿਹਾਸਕਾਰੀ ਸਮੇਂ ਐਸੇ ਲੇਖਕਾਂ ਦੀ ਨਾਮਾਵਲੀ ਦਾ ਲੇਖਕ ਸੂਚੀ ਵਿਚ ਵਾਧਾ ਕਰਨਾ ਉੱਚਿਤ ਹੈ ਤਾਂ ਜੋ ਇਹਨਾਂ ਦੀਆਂ ਰਚਨਾਵਾਂ ਦੀ ਖੋਜ ਲਈ ਵਿਦਵਾਨ ਯਤਨਸ਼ੀਲ ਰਹਿਣ ਪਰੰਤੂ ਐਸੇ ਲੇਖਕਾਂ ਪ੍ਰਤੀ ਮਹੱਤਵ-ਪੂਰਨ ਨਿਰਨੇ ਲੈਣੇ ਅਨੁਸੰਧਾਨਕ ਵਰਗ ਲਈ ਉੱਚਿਤ ਨਹੀਂ। ਇਸ ਲਈ, ਕਿਸੇ ਵੀ ਤਰ੍ਹਾਂ ਪੁਸ਼ਜ/ਪੁੰਡਜਾ ਜਾਂ ਪੁਸ਼ਪ ਤੇ ਮਸਊਦ ਸਾਅਦ ਸਲਮਾਨ ਨੂੰ ਪੰਜਾਬੀ ਦੇ ਪ੍ਰਥਮ ਸਾਹਿਤਕਾਰ ਨਹੀਂ ਮੰਨਿਆ ਜਾ ਸਕਦਾ। ਮੁੱਲਾਂ ਦਾਊਦ ਦੀ ਰਚਨਾ 'ਚੰਦਾਇਣ' ਨੂੰ ਤਾਂ ਪੰਜਾਬੀ ਸਾਹਿਤ ਦਾ ਅੰਗ ਪ੍ਰਵਾਨ ਹੀ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਇਹਨਾਂ ਲੇਖਕਾਂ ਨੂੰ ਪੰਜਾਬੀ ਸਾਹਿਤ ਦਾ ਅੰਗ ਪ੍ਰਵਾਨ ਹੀ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਇਹਨਾਂ ਲੇਖਕਾਂ ਨੂੰ ਪੰਜਾਬੀ ਸਾਹਿਤ ਦੇ ਮੋਢੀ ਸਾਹਿਤਕਾਰ ਵਜੋਂ ਸਵੀਕਾਰਿਆ ਹੀ ਨਹੀਂ ਜਾ ਸਕਦਾ।

ਅੱਦੇਮਾਨ (ਅਬਦੁੱਲ ਰਹਿਮਾਨ) ਅਤੇ ਚਾਂਦ ਬਰਦਾਈ, ਜੋ ਮਹੱਤਵਪੂਰਨ ਪਰੰਤੂ ਵਿਵਾਦਮਈ ਨਾਮਾਂ ਦਾ ਉਲੇਖ ਸਿਰਫ਼ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਹੀ ਨਹੀਂ ਸਗੋਂ ਹੋਰ ਆਧੁਨਿਕ ਭਾਰਤੀ ਭਾਸ਼ਾਵਾਂ ਦੇ ਸਾਹਿਤ ਦੇ ਇਤਿਹਾਸਾਂ ਵਿਚ ਵੀ ਮਿਲਦਾ ਹੈ। ਆਧੁਨਿਕ ਭਾਰਤੀ ਭਾਸ਼ਾਵਾਂ ਦੇ ਖੇਤਰ ਵਿਚ ਅਪਭ੍ਰੰਸ਼ ਸਾਹਿਤ ਦੀ ਉਪਲਬਧੀ ਉਪਰੰਤ ਕਈ ਹੋਰ ਮਹੱਤਵਪੂਰਨ ਨਾਮ ਵੀ ਆਏ ਹਨ।

ਅੱਦੇਮਾਨ (ਅਬਦੁੱਲ ਰਹਿਮਾਨ) ਕ੍ਰਿਤ 'ਸੰਦੇਸ਼ ਰਾਸਕ' ਦੀ ਚਰਚਾ 1912 ਈਸਵੀ ਤੋਂ ਸਾਹਿਤ ਦੇ ਇਤਿਹਾਸ ਵਿਚ ਹੁੰਦੀ ਹੈ। ਸ੍ਰੀ ਮੁੰਨੀ ਜਿਨ ਵਿਜੈ ਨੂੰ ਪਾਟਨ ਵਿਖੇ ਜੈਨ ਭੰਡਾਰ 'ਚੋਂ ਇਕ ਹੱਥ-ਲਿਖਿਤ ਖਰੜਾ ਪ੍ਰਾਪਤ ਹੋਇਆ। ਇਸ ਦਾ ਪ੍ਰਕਾਸ਼ਿਤ ਹੋਣ ਤਕ (1945 ਈ.) ਕੁਲ ਪੰਜ ਹੱਥ-ਲਿਖਿਤ ਪ੍ਰਤੀਆਂ ਪ੍ਰਾਪਤ ਹੋ ਚੁਕੀਆਂ ਸਨ—

1. ਪੂਨੇ ਵਾਲੀ ਪ੍ਰਤਿ

2. ਲੌਹਾਵਤ ਵਾਲੀ ਪ੍ਰਤਿ

3. ਪਾਟਨ ਭੰਡਾਰੀ ਵਾਲੀ ਪ੍ਰਤਿ

4. ਬੀਕਾਨੇਰ ਵਾਲੀ ਪ੍ਰਤਿ

5. ਜੈਪੁਰ ਵਾਲੀ ਪ੍ਰਤਿ

'ਪੂਨੇ ਵਾਲੀ ਪ੍ਰਤਿ' ਕੋਈ 300 ਸਾਲ ਪੁਰਾਣੀ ਅਨੁਮਾਨ ਕੀਤੀ ਜਾਂਦੀ ਹੈ। ਇਸ ਦੇ ਕੁਲ ਬਾਰਾਂ ਪੱਤਰੇ ਹਨ ਅਤੇ 1917 ਈ. ਵਿਚ ਇਸ ਦੀ ਉਪਲਬਧੀ ਹੋਈ। 'ਲੌਹਾਵਤ ਵਾਲੀ ਪ੍ਰਤਿ' 1465 ਈ. ਦੀ ਲਿਖੀ ਗਈ ਦੱਸੀ ਜਾਂਦੀ ਹੈ। ਇਸ ਵਿਚੋਂ ਲੇਖਕ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ, ਪਰੰਤੂ ਟੀਕਾਕਾਰ ਲਕਸ਼ਮੀ ਚੰਦਰ ਦਾ ਹਵਾਲਾ ਮਿਲਦਾ ਹੈ। 'ਪਾਟਨ ਭੰਡਾਰੀ ਵਾਲੀ ਪ੍ਰਤਿ' ਮਿਤੀਹੀਨ ਹੈ ਅਤੇ ਇਸ ਦਾ ਲਿਪੀਕਾਰ ਮੁੰਨੀ ਮਾਨ ਸਾਗਰ ਹੈ। ਅਨੁਮਾਨ ਕੀਤਾ ਜਾਂਦਾ ਹੈ ਕਿ ਇਹ 1700-1750 ਈ. ਦੇ ਆਸਪਾਸ ਲਿਖੀ ਗਈ ਹੋਵੇਗੀ। 'ਬੀਕਾਨੇਰ ਵਾਲੀ ਪ੍ਰਤਿ' ਹਜ਼ਾਰੀ ਪ੍ਰਸਾਦਿ ਦਿਵੇਦੀ ਨੂੰ ਸ੍ਰੀ ਦਿਗੰਬਰ ਜੈਨ ਮੰਦਿਰ ਵਿਚੋਂ ਪ੍ਰਾਪਤ ਹੋਈ ਸੀ ਅਤੇ ਇਹ ਪ੍ਰਤਿ 1607 ਈ. ਦੀ ਲਿਖੀ ਹੋਈ ਹੈ।

ਇਹਨਾਂ ਪ੍ਰਤੀਆਂ ਵਿਚੋਂ ਅਬਦੁੱਲ ਰਹਿਮਾਨ ਸੰਬੰਧੀ ਕੁਝ ਜਾਣਕਾਰੀ ਵੀ ਮਿਲਤੀ ਹੈ—

1. ਮੀਰ ਸੇਨ ਆਰਦ ਦਾ ਪੁੱਤਰ ਅੱਦੇਮਾਨ ਸੀ ਜਿਸ ਨੇ 'ਸੰਦੇਸ਼ ਰਾਸਕ' ਦੀ ਰਚਨਾ ਕੀਤੀ।

ਇਹ ਮਿਛ ਦੇਸ਼ (ਮਲੇਛ) ਦਾ ਰਹਿਣ ਵਾਲਾ ਸੀ ਜੋ ਪੂਰਬ ਪੱਛਮ ਵਿੱਚ ਪ੍ਰਸਿੱਧ ਸੀ। ਆਧੁਨਿਕ ਵਿਦਵਾਨਾਂ ਨੇ ਮਿਛ ਦੇਸ਼ ਨੂੰ ਪੱਛਮੀ ਪਾਕਿਸਤਾਨ ਵਿਚ ਕਿਧਰੇ ਮੰਨਿਆ ਹੈ। ਸ਼ੰਭੂ ਨਾਥ ਪਾਂਡੇ ਨੇ ਮੁਲਤਾਨ ਨੂੰ ਹੀ ਮਿਛਦੇਸ਼ ਮੰਨਿਆ ਹੈ। ਇਸੇ ਕਰਕੇ ਸੰਤ ਸਿੰਘ ਸੇਖੋਂ ਅੱਦੇਮਾਨ ਨੂੰ ਮੁਲਤਾਨ ਨਿਵਾਸੀ ਮੰਨਦਾ ਹੈ।

3. ਅੱਦੇਮਾਨ ਲਈ ਥਾਂਈ ਅਬਦੁੱਲ ਰਹਿਮਾਨ ਦੇ ਨਾਮ ਦਾ ਪ੍ਰਯੋਗ ਵੀ ਮਿਲਦਾ ਹੈ।

ਪਰੰਤੂ 'ਸੰਦੇਸ਼ ਰਾਸਕ' ਦਾ ਰਚਨਾ ਕਾਲ ਨਿਸ਼ਚਿਤ ਕਰਨਾ ਕਾਫੀ ਕਠਨ ਸੱਮਸਿਆ ਹੈ। ਐਸੇ ਕੋਈ ਵੀ ਹਵਾਲੇ ਰਚਨਾ ਵਿਚੋਂ ਨਹੀਂ ਲਭਦੇ ਜਿਹਨਾਂ ਦੇ ਆਧਾਰ ਉੱਤੇ 'ਸੰਦੇਸ਼ ਰਾਸਕ' ਜਾਂ ਅਬੁਦੱਲ ਰਹਿਮਾਨ ਦਾ ਰਚਨਾ ਕਾਲ ਸੀਮਾ ਨਿਰਧਾਰਨ ਕੀਤੀ ਜਾ ਸਕੇ।

ਸ੍ਰੀ ਮੁੰਨ ਜਿਨ ਵਿਜੇ ਨੇ ਭਾਸ਼ਾ ਅਤੇ ਨਿੱਜੀ ਸੂਚਨਾਵਾਂ ਦੇ ਆਧਾਰ ਤੇ ਅਬੁੱਦਲ ਰਹਿਮਾਨ ਦਾ ਸਮਾਂ 12ਵੀਂ ਸਦੀ ਨਿਸ਼ਚਿਤ ਕੀਤਾ ਹੈ ਅਤੇ ਦੱਸਿਆ ਹੈ ਕਿ ਮੁਹੰਮਦ ਗੌਰੀ ਦੇ ਹਮਲੇ (1192 ਈ.) ਤੋਂ ਪਹਿਲਾਂ ਤੇ ਕੁਮਾਰ ਪਾਲ ਦੀ ਮੌਤ ਤੋਂ ਪਹਿਲਾਂ ਹੀ ਇਹ ਗ੍ਰੰਥ ਲਿਖਿਆ ਗਿਆ ਹੋਵੇਗਾ। ਪਰੰਤੂ ਭਾਸ਼ਾ ਨੂੰ ਇਸ ਕਾਲ ਦੀਆਂ ਰਚਨਾਵਾਂ ਦਾ ਕਾਲ ਨਿਸ਼ਚਿਤ ਕਰਨ ਲਈ ਬਿਲਕੁਲ ਪ੍ਰਮਾਣਿਕ ਆਧਾਰ ਨਹੀਂ ਮੰਨਿਆ ਜਾ ਸਕਦਾ। ਕਿਉਂਕਿ ਉਪਲਬਧ ਪ੍ਰਤੀਆਂ ਦੀ ਭਾਸ਼ਾ ਦਾ ਸਰੂਪ ਉੱਤਰਵਰਤੀ ਹੈ ਭਾਵੇਂ ਪਰਾਗ ਅੰਸ਼ ਵੀ ਮਿਲਦੇ ਹਨ। ਹਜ਼ਾਰੀ ਪ੍ਰਸਾਦਿ ਦਿਵੇਦੀ ਨੇ ਇਸ ਦਾ ਰਚਨਾਕਾਲ 12-13 ਈ. ਸਦੀ ਮੰਨਿਆ ਹੈ। ਰਾਹੁਲ ਸਾਂਕ੍ਰਿਤਆਇਨ ਨੇ 11ਵੀਂ ਸਦੀ ਵਿਚ ਮੰਨਿਆ ਹੈ। ਪਿਆਰਾ ਸਿੰਘ ਪਦਮ ਨੇ 950 ਈ. ਦੇ ਲਾਗੇ ਚਾਗੇ ਮੰਨਿਆ ਹੈ। ਸੰਤ ਸਿੰਘ ਸੇਖੋਂ ਨੌਵੀ-ਦਸਵੀਂ ਸਦੀ ਮੰਨਦਾ ਹੈ।

ਅਬਦੁੱਲ ਰਹਿਮਾਨ ਅਤੇ 'ਸੰਦੇਸ਼ ਰਾਸਕ' ਦਾ ਕਾਲ ਨਿਸ਼ਚਿਤ ਕਰਨ ਲਈ ਕੋਈ ਵੀ ਅੰਤਰੰਗ ਜਾਂ ਬਾਹਰੰਗ ਹਵਾਲੇ ਉਪਲਬਧ ਨਹੀਂ ਹਨ। ਪਰੰਤੂ 'ਲੋਹਾਵਤ ਵਾਲੀ ਪ੍ਰਤਿ' ਦਾ ਟੀਕਾਕਾਰ ਲਕਸ਼ਮੀ ਚੰਦਰ ਇਸ ਸਮੱਸਿਆ ਦੇ ਹਲ ਵਿਚ ਮਦਦਗਾਰ ਸਿੱਧ ਹੁੰਦਾ ਹੈ। 'ਲੋਹਾਵਤ ਵਾਲੀ ਪ੍ਰਤਿ' 1465 ਈ. ਵਿਚ ਲਿਖੀ ਗਈ ਸੀ ਅਤੇ ਇਹ ਸਭ ਤੋਂ ਪ੍ਰਾਚੀਨ ਹੱਥ ਲਿਖਤ ਮੰਨੀ ਜਾਂਦੀ ਹੈ। ਟੀਕਾਕਾਰ ਨੇ ਕਿਹਾ ਹੈ ਕਿ ਉਸ ਨੂੰ 'ਸੰਦੇਸ਼ ਰਾਸਕ' ਦੇ ਕਰਤਾ ਤੋਂ ਵੀ ਕਈ ਅਰਥ ਸਪਸ਼ਟ ਨਹੀਂ ਹੋਏ। ਐਸੀ ਜਾਣਕਾਰੀ ਸਪਸ਼ਟ ਕਰਦੀ ਹੈ ਕਿ ਟੀਕਾਕਾਰ ਲਕਸ਼ਮੀ ਚੰਦਰ ਅਬਦੁੱਲ ਰਹਿਮਾਨ ਦਾ ਸਮਕਾਲੀਨ ਸੀ ਤਾਂ ਹੀ ਉਹ ਕੁਝ ਸ਼ਬਦਾਂ ਦਾ ਸਪਸ਼ਟੀਕਰਣ ਅਬਦੁੱਲ ਰਹਿਮਾਨ ਕੋਲੋਂ ਮੰਗਦਾ ਹੈ। ਇਸ ਆਧਾਰ ਤੇ 'ਸੰਦੇਸ਼ ਰਾਸਕ' ਨੂੰ 15ਵੀਂ ਸਦੀ ਤੋਂ ਪਹਿਲਾਂ ਦੀ ਕ੍ਰਿਤ ਮੰਨਣਾ ਉਚਿਤ ਨਹੀਂ। ਪਰ ਐਸੀ ਟਿੱਪਣੀ ਸ਼ੰਕਾਮਈ ਵੀ ਹੈ। ਟੀਕਾਕਾਰ ਲਕਸ਼ਮੀ ਚੰਦਰ ਦਾ ਅਬਦੁੱਲ ਰਹਿਮਾਨ ਕੋਲੋਂ ਸਪਸ਼ਟੀਕਰਨ ਮੰਗਣਾ ਤੇ ਫਿਰ ਅਸਪਸ਼ਟ ਰਹਿਣਾ ਤਰਕਮਈ ਜਾਪਦਾ। ਟੀਕਾਕਾਰ ਮੁੜ ਸਪਸ਼ਟੀਕਰਨ ਦੀ ਮੰਗ ਕਰ ਸਕਦਾ ਸੀ। ਸੋ ਹੋ ਸਕਦਾ ਹੈ ਕਿ ਐਸੀ ਜੁਗਤ ਟੀਕਾਕਾਰ ਨੇ ਸਵੈ-ਰੱਖਿਆ ਲਈ ਵਰਤੀ ਹੋਵੇ। ਅਸਲ ਵਿਚ ਉਹ 'ਸੰਦੇਸ਼ ਰਾਸਕ' ਦੇ ਕੁਝ ਸ਼ਬਦਾਂ ਨੂੰ ਸਮਝਣ ਤੋਂ ਅਸਮਰਥ ਰਿਹਾ ਹੋਵੇਗਾ ਅਤੇ ਇਸ ਦਾ ਆਰੋਪ ਉਸ ਨੇ ਅਬਦੁੱਲ ਰਹਿਮਾਨ ਦੇ ਸਿਰ ਲਾ ਦਿੱਤਾ।

ਨਿਸ਼ਚੇ ਹੀ ਅਬਦੁੱਲ ਰਹਿਮਾਨ ਟੀਕਾਕਾਰ ਤੋਂ ਇਕ ਦੋ ਸਦੀਆਂ ਪਹਿਲਾਂ ਹੋਇਆ ਹੋਵੇਗਾ ਅਤੇ ਜਿੰਨੀ ਦੇਰ ਸਾਨੂੰ 'ਸੰਦੇਸ਼ ਰਾਸਕ' ਜਾਂ ਅਬਦੁੱਲ ਰਹਿਮਾਨ ਦੀ ਕਾਲ ਸੀਮਾਂ ਨਿਰਧਾਰਨ ਕਰਨ ਲਈ ਪ੍ਰਮਾਣਾਂ ਦਾ ਅਭਾਵ ਹੈ, ਇਸ ਨੂੰ 14ਵੀਂ ਸਦੀ ਦੇ ਅੰਤ ਤਕ ਦੀ ਕ੍ਰਿਤ ਮੰਨ ਲਿਆ ਜਾ ਸਕਦਾ ਹੈ। ਐਸੇ ਨਿਸ਼ਕਰਸ਼ ਨੂੰ ਨਵ-ਉਪਲਬਧ ਸਮੱਗਰੀ ਦੇ ਆਧਾਰ ਉੱਤੇ ਬਦਲਿਆ ਵੀ ਜਾ ਸਕਦਾ ਹੈ।

14ਵੀਂ ਸਦੀ ਤਕ ਪੰਜਾਬੀ ਸਾਹਿਤ ਦੀ ਧਾਰਾ ਦਾ ਵਿਕਸਤ ਸਰੂਪ ਸਾਨੂੰ ਉਪਲਬਧ ਹੋ ਜਾਂਦਾ ਹੈ। ਗੋਰਖ ਨਾਥ ਨੂੰ ਪਹਿਲਾਂ ਹੀ ਪੰਜਾਬੀ ਸਾਹਿਤ ਦੀ ਨਾਥ-ਸਿੱਧ ਧਾਰਾ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਸੀ। ਸੋ ਅਬਦੁੱਲ ਰਹਿਮਾਨ ਦੀ ਪੰਜਾਬੀ ਸਾਹਿਤ ਦੇ ਪ੍ਰਥਮ ਸਾਹਿਤਕਾਰਾਂ ਦੀ ਸੂਚੀ ਵਿਚ ਸ਼ਮੂਲੀਅਤ ਉੱਚਿਤ ਨਹੀਂ ਹੈ। ਐਸਾ ਨਿਰਣਾ ਕੇਵਲ 'ਸੰਦੇਸ਼ ਰਾਸਕ' ਦੇ ਰਚਨਾ ਕਾਲ ਤੇ ਨਿਰਧਾਰਤ ਕੀਤਾ ਗਿਆ ਹੈ, ਸਾਹਿਤਕ ਵਿਵੇਚਨ/ਭਾਸ਼ਕ ਮੁੱਲ ਨੂੰ ਆਧਾਰ ਨਹੀਂ ਬਣਾਇਆ ਗਿਆ। 'ਸੰਦੇਸ਼ ਰਾਸਕ' ਵਿਚ ਪਰਾਕ-ਅਪ੍ਰਭੰਸ਼ ਦੇ ਪ੍ਰਮੁੱਖ ਤੱਤਾਂ ਦੀ ਬਹੁਲਤਾ ਹੈ ਅਤੇ ਪੰਜਾਬੀ ਦੀ ਘੱਟ। ਇਸ ਤਰ੍ਹਾਂ 'ਸੰਦੇਸ਼ ਰਾਸਕ' ਦਾ ਕਰਤਾ ਕਿਸੇ ਵੀ ਤਰ੍ਹਾਂ ਪੰਜਾਬੀ ਦਾ ਪ੍ਰਥਮ ਸਾਹਿਤਕਾਰ ਬਣਨ ਦਾ ਮਾਣ ਨਹੀਂ ਲੈ ਸਕਦਾ।

ਚੰਦ ਬਰਦਈ ਰਚਿਤ 'ਪ੍ਰਿਥਵੀ ਰਾਜ ਰਾਸੋ' ਵੀ ਪੂਰਵ-ਨਾਨਕ ਕਾਲ ਦੇ ਪ੍ਰਥਮ ਸਾਹਿਤਕਾਰਾਂ ਦੀ ਸੂਚੀ ਵਿਚ ਸ਼ਾਮਿਲ ਹੈ। 'ਪ੍ਰਿਥਵੀ ਰਾਜ ਰਾਸੋ' ਸ਼ਾਇਦ ਸਾਰੀਆਂ ਆਦਿ-ਕਾਲੀਨ ਰਚਨਾਵਾਂ ਵਿਚ ਸਭ ਤੋਂ ਵੱਧ ਵਿਵਾਦਮਈ ਰਚਨਾ ਹੈ। ਜਿਉਂ ਹੀ 1913 ਈਸਵੀ ਵਿਚ 'ਪ੍ਰਿਥਵੀ ਰਾਜ ਰਾਸੋ' ਦਾ ਪ੍ਰਕਾਸ਼ਨ ਹੋਇਆ ਤਾਂ ਵਿਦਵਾਨਾਂ ਵਿਚ ਇਸ ਦੀ ਇਤਿਹਾਸਕਤਾ ਅਤੇ ਅਣ-ਇਤਿਹਾਸਕਤਾ ਸੰਬੰਧੀ ਕਈ ਗੰਭੀਰ ਮਤਭੇਦ ਹੋਂਦ ਵਿਚ ਆਏ। ਸੰਤ ਸਿੰਘ ਸੇਖੋਂ ਨੇ ਪ੍ਰਿਥਵੀ ਰਾਜ ਦੀ ਇਤਿਹਾਸਕ ਪੂਰਵ-ਪੀਠਿਕਾ ਨੂੰ ਸਨਮੁੱਖ ਰੱਖ ਕੇ ਚੰਦ ਦਾ ਸਮਾਂ 1126-1193/94 ਈਸਵੀ ਮਿਥਿਆ ਹੈ। ਪਰੰਤੂ ਭਾਸ਼ਾ ਵਿਗਿਆਨੀ, ਆਲੋਚਕ, ਪ੍ਰਾਚੀਨ ਗ੍ਰੰਥ ਵਿਸ਼ੇਸ਼ੱਗ ਅਤੇ ਇਤਿਹਾਸਕਾਰਾਂ ਨੇ ਇਸ ਗ੍ਰੰਥ ਵਿਚਲੀ ਸੰਪੂਰਣ ਇਤਿਹਾਸਕ ਜਾਣਕਾਰੀ ਨੂੰ ਨਿਰਮੂਲ ਸਿੱਧ ਕੀਤਾ ਹੈ ਅਤੇ ਇਸ ਵਿਚ ਅੰਕਿਤ ਘਟਨਾਵਾਂ ਇਸ ਤੱਥ ਦਾ ਪ੍ਰਮਾਣ ਦਿੱਤੇ ਹਨ।

'ਪ੍ਰਿਥਵੀ ਰਾਜ ਰਾਸੋ' ਦੀਆਂ ਚਾਰ ਪ੍ਰਤੀਆਂ ਉਪਲਬਧ ਹੋਈਆਂ ਹਨ ਜਿਹਾਂ ਵਿਚੋਂ ਸਭ ਤੋਂ ਪ੍ਰਾਚੀਨ ਪ੍ਰਤਿ 1667 ਵਿਕਰਮੀ (ਅਰਥਾਤ 1610 ਈ.) ਦੀ ਉਪਲਬਧ ਹੋਈ ਹੈ। ਉਪਲਬਧ 'ਪ੍ਰਿਥਵੀ ਰਾਜ ਰਾਸੋ' ਦਾ ਰਚਨਾ ਕਾਲ 14ਵੀਂ ਸਦੀ ਤੋਂ ਪੂਰਵ-ਵਰਤੀ ਨਹੀਂ ਮੰਨਿਆ ਜਾਂਦਾ। ਇਸ ਤਰ੍ਹਾਂ ਉਪਲਬਧ 'ਪ੍ਰਿਥਵੀ ਰਾਜ ਰਾਸੋ' ਦੇ ਕਰਤਾ ਨੂੰ ਵੀ ਪ੍ਰਥਮ ਪੰਜਾਬੀ ਸਾਹਿਤਕਾਰਾਂ ਵਿਚ ਗਿਣਨਾ ਯੋਗ ਨਹੀਂ ਜਦਕਿ ਇਸ ਸਮੇਂ ਤਕ ਪੰਜਾਬੀ ਸਾਹਿਤ ਦਾ ਉਤਕ੍ਰਿਸ਼ਟ ਸਰੂਪ ਸਾਹਮਣੇ ਆ ਚੁੱਕਾ ਸੀ। ਸੰਤ ਸਿੰਘ ਸੇਖੋਂ ਚਾਂਦ ਜਾਂ ਚੰਦ ਨੂੰ ਲਾਹੌਰ ਦਾ ਜੰਮਪਲ ਮੰਨਦਾ ਹੋਇਆ ਵੀ, ਚੰਦ ਜਾਂ ਚਾਂਦ (ਜੋ ਅਜਮੇਰ ਪਤੀ ਰਾਜਾ ਦਾ ਕਵੀ ਸੀ) ਨੂੰ 'ਪ੍ਰਿਥਵੀ ਰਾਜ ਰਾਸੋ' ਦੀ ਪੰਜਾਬੀ ਲੋਕਿਕ ਭਾਸ਼ਾ ਵਿਚ ਰਚੇ ਜਾਣ ਦੀ ਸੰਭਾਵਨਾ ਨੂੰ ਰੱਦ ਕਰਦਾ ਹੈ।

ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਮੌਲਾ ਬਖਸ਼ ਕੁਸ਼ਤਾ ਤੋਂ ਪਿੱਛੋਂ ਬਹੁਤ ਸਾਰੇ ਵਿਦਵਾਨਾਂ ਨੇ ਬਾਬਾ ਫ਼ਰੀਦ ਦੀ ਰਚਨਾ ਨੂੰ ਪੰਜਾਬੀ ਸਾਹਿਤ ਦਾ ਸਭ ਤੋਂ ਪ੍ਰਾਚੀਨ ਰੂਪ ਮੰਨ ਕੇ, ਪੰਜਾਬੀ ਦਾ ਪ੍ਰਥਮ ਲੇਖਕ ਸਵੀਕਾਰ ਕੀਤਾ ਹੈ। ਸ਼ੇਖ ਫ਼ਰੀਦ ਦਾ ਵਿਚਰਨ ਕਾਲ 1175 ਤੋਂ 1265 ਈ: ਤਕ ਦਾ ਹੈ। ਉਪਲਬਧ ਸ਼ੇਖ ਫ਼ਰੀਦ ਸਾਹਿਤ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਫ਼ਰੀਦ ਰਚਨਾ ਪੰਜਾਬੀ ਸਾਹਿਤ ਦਾ ਸ੍ਰੇਸ਼ਟ ਨਮੂਨਾ ਹੈ ਅਤੇ ਇਸ ਵਿਚ ਇਕ ਸਾਹਿਤਕ ਰਚਨਾ ਵਾਲੇ ਸਾਰੇ ਸਾਹਿਤਕ ਗੁਣ ਵਿਦਮਾਨ ਹਨ। ਇਹਨਾਂ ਵਿਸ਼ੇਸ਼ਤਾਵਾਂ ਤੇ ਸਾਹਿਤਕ ਗੁਣਾਂ ਦੇ ਆਧਾਰ ਉੱਤੇ ਪੰਜਾਬੀ ਸਾਹਿਤ ਦੇ ਪੂਰਵ ਵਰਤੀ ਸਾਹਿਤ ਦੀ ਹੋਂਦ ਦਾ ਅਹਿਸਾਸ ਹੁੰਦਾ ਹੈ। ਇਸੇ ਕਾਰਨ ਨਾਥ ਸਿੱਧਾਂ ਨੂੰ ਮੁੱਢਲੇ ਪੰਜਾਬੀ ਸਾਹਿਤ ਵਜੋਂ ਪ੍ਰਵਾਨ ਕੀਤਾ ਗਿਆ ਹੈ। ਫ਼ਰੀਦ ਤੋਂ ਪਹਿਲਾਂ ਦੇ ਪੰਜਾਬੀ ਸਾਹਿਤ ਨੂੰ ਸਨਮੁੱਖ ਰਖਦਿਆਂ, ਪੂਰਵ-ਵਰਤੀ ਪੰਜਾਬੀ ਸਾਹਿਤ ਵਿਚੋਂ ਪ੍ਰਥਮ ਸਾਹਿਤਕਾਰ ਦੀ ਭਾਲ ਕਰਨੀ ਵਧੇਰੇ ਉਚਿਤ ਹੈ।

ਪੰਜਾਬੀ ਸਾਹਿਤ ਦੇ ਪ੍ਰਥਮ ਸਾਹਿਤਕਾਰ ਵਜੋਂ ਗੋਰਖ ਨਾਥ ਦਾ ਨਾਮ ਖਾਸ ਮਹੱਤਾ ਰੱਖਦਾ ਹੈ। ਗੋਰਖ ਨਾਥ ਦੇ ਜੀਵਨ, ਰਚਨਾਕਾਲ ਅਤੇ ਕਾਲ ਸੀਮਾਂ ਬਾਰੇ ਕਾਫ਼ੀ ਵਾਦ-ਵਿਵਾਦ ਪ੍ਰਚਲਿਤ ਹਨ। ਇਹਨਾਂ ਸਭ ਵਾਦ-ਵਿਵਾਦਾਂ ਦੀ ਸੁਵਿਸਥਾਰ ਚਰਚਾ ਕਰਨ ਉਪਰੰਤ ਗੋਰਖਨਾਥ ਦਾ ਸਮਾਂ ਦਸਵੀਂ ਸਦੀ ਦਾ ਦੂਜਾ ਅੱਧ ਨਿਸ਼ਚਿਤ ਕੀਤਾ ਗਿਆ ਹੈ। ਗੋਰਖ ਨਾਥ ਨਾਲ ਸੰਬੰਧਤ 40 ਰਚਨਾਵਾਂ ਦਾ ਵਰਨਣ ਮਿਲਦਾ ਹੈ। ਗੋਰਖ ਨਾਥ ਨੂੰ ਪ੍ਰਥਮ ਸਾਹਿਤਕਾਰ ਪ੍ਰਵਾਨ ਕਰਨ ਲਈ ਹੇਠ ਲਿਖੇ ਕਾਰਨ ਵੀ ਨਿਸ਼ਚਿਤ ਕੀਤੇ ਜਾ ਸਕਦੇ ਹਨ—

1. ਗੋਰਖਨਾਥ ਦੇ ਵਿਚਰਨ ਕਾਲ ਸੰਬੰਧੀ ਬੇਸ਼ਕ ਕਈ ਮੱਤ ਪ੍ਰਚਲਿਤ ਹਨ ਪਰੰਤੂ ਨਿਰ-ਵਿਵਾਦ ਇਸ ਨੂੰ ਬਾਬਾ ਫ਼ਰੀਦ ਤੋਂ ਪਹਿਲਾਂ ਦਾ ਮੰਨਣਾ ਯੋਗ ਹੈ। ਇਸ ਤਰ੍ਹਾਂ, ਇਹ ਸਭ ਤੋਂ ਪ੍ਰਾਚੀਨ ਸਾਹਿਤਕਾਰ ਸਿੱਧ ਹੁੰਦਾ ਹੈ।

2. ਗੋਰਖਨਾਥ ਅਪਭ੍ਰੰਸ਼ ਭਾਸ਼ਾ ਅਤੇ ਸਾਹਿਤ ਨੂੰ ਤਿਲਾਂਜਲੀ ਦੇਣ ਦਾ ਪ੍ਰਯਤਨ ਕਰਦਾ ਹੈ ਅਤੇ ਨਵੀਨ ਭਾਸ਼ਾਈ ਤੇ ਸਾਹਿਤਕ ਵਿਸ਼ੇਸ਼ਤਾਵਾਂ ਵਲ ਪਹਿਲੀ ਵਾਰ ਕਦਮ ਪੁੱਟਦਾ ਪ੍ਰਤੀਤ ਹੁੰਦਾ ਹੈ।

3. ਗੋਰਖਨਾਥ ਇਕ ਵਿਸ਼ੇਸ਼ ਪਰੰਪਰਾ ਦਾ ਮੋਢੀ ਹੈ। ਬੇਸ਼ਕ ਨਾਥ ਸਿੱਧ ਪਰੰਪਰਾ ਦਾ ਸੰਬੰਧ ਬੁੱਧਮਤ ਨਾਲ ਜੋੜਿਆ ਜਾਂਦਾ ਹੈ ਪਰੰਤੂ ਗੋਰਖਬਾਣੀ ਨਵੀਨ ਵਿਚਾਰਾ ਧਾਰਾ ਅਤੇ ਨਾਥ ਸੰਪਰਦਾ ਦੇ ਮੁੱਢਲੇ ਸਿਧਾਂਤਾਂ ਨੂੰ ਜਨਮ ਦੇਂਦੀ ਹੈ ਜੋ ਕਈ ਪੱਖਾਂ ਤੋਂ ਬੁੱਧਮਤ ਤੋਂ ਅਲਗਾਈ ਜਾ ਸਕਦੀ ਹੈ। ਨਾਥ ਸੰਪਰਦਾ ਦੇ ਮੁੱਢਲੇ ਸਿਧਾਂਤਾਂ ਦੀ ਵਿਆਖਿਆ ਗੋਰਖ ਬਾਣੀ ਵਿਚ ਭਲੀ ਭਾਂਤ ਨਿਰੂਪਤ ਹੈ।

4. ਪੂਰਵ-ਨਾਨਕ ਕਾਲ ਵਿਚ ਗੋਰਖ ਨਾਥ ਦੀ ਚਲਾਈ ਪਰੰਪਰਾ ਦੇ ਗਾੜੀ ਰਾਹ ਚਰਪਟ, ਚੌਰੰਗੀ, ਰਤਨ ਨਾਥ ਆਦਿ ਹਨ, ਜੋ ਇਸ ਸਾਹਿਤਕ ਪਰੰਪਰਾ ਦੀ ਲੋਕ-ਪ੍ਰਿਅਤਾ ਅਤੇ ਮਹੱਤਾ ਸਿੱਧ ਕਰਦੇ ਹਨ।

5. ਗੋਰਖਨਾਥ ਦੀਆਂ ਰਚਨਾਵਾਂ, ਭਾਸ਼ਾ, ਸ਼ੈਲੀ ਅਤੇ ਵਿਚਾਰਧਾਰਾ ਅਪਭ੍ਰੰਸ਼ ਸਾਹਿਤ ਅਤੇ ਗੁਰੂ ਨਾਨਕ ਕਾਲੀਨ ਸਾਹਿਤ ਵਿਚਕਾਰ ਐਸੀ ਕੜੀ ਹੈ ਜੋ ਪੰਜਾਬੀ ਸਾਹਿਤ ਦੇ ਮੁੱਢਲੇ ਸਰੂਪ ਦੀ ਸੋਝੀ ਕਰਾਉਂਦੀ ਹੈ।

6. ਗੋਰਖਨਾਥ, ਪਹਿਲੀ ਵਾਰ ਪੰਜਾਬੀ ਭਾਸ਼ਾ ਦੇ ਵਿਆਕਰਣਕ ਨਿਯਮਾਂ ਦੀ ਸਥਾਪਤੀ ਪ੍ਰਤੀ ਸੁਚੇਤ ਪ੍ਰਤੀਤ ਹੁੰਦਾ ਹੈ। ਸਾਧਾਰਣ ਵਾਕਾਂ ਦੀ ਬਣਤਰ, ਸ਼ਬਦ-ਸਿਰਜਨ ਦੇ ਨਿਯਮ, ਕਿਰਿਆਵਾਂ, ਵਿਸ਼ੇਸ਼ਣਾਂ ਆਦਿ ਦੀ ਸੋਝੀ ਗੋਰਖ ਬਾਣੀ ਵਿਚੋਂ ਹੋ ਜਾਂਦੀ ਹੈ। ਇਸ ਤਰ੍ਹਾਂ ਤੁਲਨਾਤਮਕ ਅਧਿਐਨ ਰਾਹੀਂ ਪੰਜਾਬੀ ਭਾਸ਼ਾ ਦੇ ਪਰਾਕ-ਰੂਪਾਂ ਦੀ ਸੋਝੀ ਹੁੰਦੀ ਹੈ।

7. ਬੇਸ਼ਕ ਆਪਣੇ ਅਸਮਾਜਕ ਪੱਖ ਕਾਰਣ, ਗੋਰਖ ਨਾਥ ਅਤੇ ਉਸ ਦੀ ਵਿਚਾਰਧਾਰਾ, ਭਗਤੀ ਅਤੇ ਗੁਰਮਤਿ ਵਿਚਾਰਧਾਰਕਾਂ ਦੀ ਕਰੜੀ ਆਲੋਚਨਾ ਦਾ ਸ਼ਿਕਾਰ ਹੋਈ ਹੈ। ਪਰੰਤੂ ਗੋਰਖ ਨਾਥ ਬਾਣੀ ਭਗਤੀ ਅਤੇ ਗੁਰਮਤਿ ਸਾਹਿਤ ਅਤੇ ਵਿਚਾਰਧਾਰਾ ਦੇ ਮੁੱਢਲੇ ਢਾਂਚੇ ਨੂੰ ਉਲੀਕਦੀ ਹੈ।

8. ਗੋਰਖਨਾਥ ਪਹਿਲੀ ਵਾਰੀ ਪੰਜਾਬੀ ਮੁਹਾਵਰੇ ਨੂੰ ਅਪਣਾਉਂਦਾ ਪ੍ਰਤੀਤ ਹੁੰਦਾ ਹੈ।

9. ਗੋਰਖਨਾਥ ਨੇ ਜਿਨੇ ਵੀ ਕਾਵਿ-ਰੂਪਾਂ ਦੇ ਮੁੱਢਲੇ ਸਿਧਾਂਤ ਉਲੀਕੇ ਹਨ ਉਹ ਮੱਧ-ਕਾਲੀਨ ਪੰਜਾਬੀ ਸਾਹਿਤ ਵਿਚ ਪੂਰਨਤਾ ਨੂੰ ਛੂੰਹਦੇ ਹਨ।

10. ਗੋਰਖ ਨਾਥ ਦੀ ਉਪਲਬਧ ਰਚਨਾ ਗਿਣਾਤਮਕ ਅਤੇ ਗੁਣਾਤਮਕ ਪੱਖੋਂ ਬਹੁ-ਪੱਖੀ ਮਹੱਤਤਾ ਰੱਖਦੀ ਹੈ। ਗੋਰਖ ਨਾਥ ਦੇ 40 ਗ੍ਰੰਥਾਂ ਦਾ ਹਵਾਲਾ ਮਿਲਦਾ ਹੈ।

-----

# ਨਾਥ ਜੋਗੀਆਂ ਦਾ ਸਾਹਿਤ

## ਨਾਥ-ਸਿੱਧ ਸਾਹਿਤ

ਪੰਜਾਬੀ ਸਾਹਿਤ ਦੇ ਪੂਰਵ-ਨਾਨਕ ਕਾਲ ਵਿਚ ਨਾਥ-ਸਿੱਧ ਪਰੰਪਰਾ ਇਕ ਮਹੱਤਵਪੂਰਨ ਧਾਰਮਿਕ ਸੰਪ੍ਰਦਾ ਮੰਨੀ ਜਾ ਸਕਦੀ ਹੈ। ਸੰਪ੍ਰਦਾਇਕ ਗ੍ਰੰਥਾਂ ਵਿਚ ਨਾਥ ਸੰਪ੍ਰਦਾ ਦਾ ਕਈ ਨਾਵਾਂ ਨਾਲ ਉਲੇਖ ਮਿਲਦਾ ਹੈ। ਸਿੱਧ-ਮੱਤ, ਨਾਥ-ਮੱਤ, ਸਿੱਧ-ਮਾਰਗ, ਯੋਗ ਮਾਰਗ, ਯੋਗ ਸੰਪ੍ਰਦਾ, ਅਵਧੂਤ ਮੱਤ ਆਦਿ। ਇਸ ਤਰ੍ਹਾਂ, ਇਹ ਸੰਪ੍ਰਦਾਵਾਂ ਇਕ ਦੂਜੇ ਵਿਚ ਇਸ ਤਰ੍ਹਾਂ ਅੰਤਰਯੁਕਤ ਹੋਈਆਂ ਮਿਲਦੀਆਂ ਹਨ ਕਿ ਨਾਥ ਅਤੇ ਸਿੱਧ ਵਿਚ ਅੰਤਰ ਸਪਸ਼ਟ ਕਰਨਾ ਕਠਨ ਹੋ ਜਾਂਦਾ ਹੈ। ਉਤਰਵਰਤੀ ਸਾਹਿਤ ਵਿਚ ਇਹਨਾਂ ਸੰਪ੍ਰਦਾਵਾਂ ਦੇ ਅਨੁਯਾਈਆਂ ਨੂੰ ਵੀ ਕਈ ਨਾਵਾਂ ਨਾਲ ਸੰਬੋਧਿਤ ਕੀਤਾ ਹੈ। ਜਿਹਨਾਂ ਵਿਚ ਸਿੱਧ, ਜੋਗੀ, ਔਧ, ਔਧੇ, ਅਵਧੂਤ ਜਾਂ ਅਵਧੂ ਆ ਜਾਂਦੇ ਹਨ। ਪਰੰਤੂ ਇਸ ਸੰਪ੍ਰਦਾ ਦਾ ਪ੍ਰਚੱਲਿਤ ਨਾਂ ਨਾਥ ਸੰਪ੍ਰਦਾ ਰਿਹਾ ਹੈ ਅਤੇ ਇਸ ਦੇ ਅਨੁਆਈ ਲਈ ਪ੍ਰੱਚਲਿਤ ਨਾਂ ਨਾਥ ਅਤੇ ਸਿੱਧ ਹੀ ਰਹੇ ਹਨ। ਇਸ ਤਰ੍ਹਾਂ, ਇਹ ਨਿਰਣਾ ਕਰਨਾ ਜ਼ਰੂਰੀ ਬਣ ਜਾਂਦਾ ਹੈ ਕਿ ਇਸ ਸੰਪ੍ਰਦਾ ਨੂੰ ਕਿਸ ਨਾਂ ਨਾਲ ਸੰਬੋਧਿਤ ਕੀਤਾ ਜਾਵੇ ਅਤੇ ਪੰਜਾਬੀ ਸਾਹਿਤ ਦੇ ਪੂਰਵ-ਨਾਨਕ ਕਾਲ ਵਿਚ ਇਸ ਦੇ ਸਾਹਿਤ ਨੂੰ ਕਿਸ ਸਿਰਲੇਖ ਅਧੀਨ ਰੱਖਿਆ ਜਾਵੇ ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਨੇ ਆਮ ਕਰਕੇ, ਇਸ ਸੰਪ੍ਰਦਾ ਦੇ ਸਾਹਿਤ ਨੂੰ ਨਾਥ ਜੋਗੀਆਂ ਦੇ ਸਾਹਿਤ ਵਜੋਂ ਸ਼ਾਮਿਲ ਕੀਤਾ ਹੈ। ਕੁਝ ਵੱਖਰੇ ਨਾਵਾਂ ਹੇਠ ਵੀ ਇਸ ਸੰਪ੍ਰਦਾ ਦੇ ਸਾਹਿਤ ਨੂੰ ਕਬੂਲਿਆ ਹੈ। ਸੁਰਿੰਦਰ ਸਿੰਘ ਨਰੂਲਾ ਇਸ ਨੂੰ ਅਧਿਆਤਮਕ ਕਵੀ ਅਤੇ ਜੋਗੀ ਦਾਰਸ਼ਨਿਕ ਦੀ ਸੰਗਿਆ ਦਿੰਦਾ ਹੈ। ਇਸੇ ਤਰ੍ਹਾਂ ਜਿੱਥੇ ਇਸ ਨੂੰ ਨਾਥ ਸਾਹਿਤ ਅਤੇ ਜੋਗੀਆਂ ਦਾ ਸਾਹਿਤ ਮੰਨਿਆ ਜਾਂਦਾ ਹੈ ਉਥੇ ਜੋਗੀ-ਕਾਵਿ ਆਖਣ ਦੀ ਪ੍ਰਥਾ ਵੀ ਮਿਲਦੀ ਹੈ।

ਨਾਥ ਸੰਪ੍ਰਦਾ ਦੇ ਅਨੁਯਾਈ ਨੂੰ ਸਿੱਧ ਅਤੇ ਨਾਥ ਕਹਿਣ ਦੀ ਪ੍ਰਥਾ ਆਮ ਮਿਲਦੀ ਹੈ। ਨਾਥ-ਸੰਪ੍ਰਦਾ ਨੂੰ ਵਾਸਤਵ ਵਿਚ ਸਿੱਧ-ਸੰਪ੍ਰਦਾ ਦਾ ਵਿਕਸਤ ਰੂਪ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਨਾਥ-ਸੰਪ੍ਰਦਾ ਦੇ ਅਨੁਯਾਈ ਸਿੱਧ ਵੀ ਹਨ ਅਤੇ ਨਾਥ ਵੀ। ਸਾਧਨਾ ਕਰਨ ਵਾਲਾ ਸਾਧਕ ਹੈ ਅਤੇ ਜਦੋਂ ਸਾਧਕ ਸਿੱਧੀ ਪ੍ਰਾਪਤ ਕਰ ਲਵੇ ਤਾਂ ਉਸਨੂੰ ਸਿੱਧ ਕਿਹਾ ਜਾਂਦਾ ਹੈ। ਨਾਥ-ਸੰਪ੍ਰਦਾ ਦੇ ਸਿੱਧਾਂ ਨੂੰ ਨਾਥ ਸਿੱਧ ਵੀ ਕਿਹਾ ਜਾਂਦਾ ਹੈ। ਇਸ ਲਈ ਪੰਜਾਬੀ ਸਾਹਿਤ ਦੇ ਪੂਰਵ-ਨਾਨਕ ਕਾਲ ਵਿਚ ਇਸ ਸੰਪ੍ਰਦਾ ਲਈ ਨਾਥ-ਸਿੱਧ ਸੰਪ੍ਰਦਾ, ਅਤੇ ਸਾਹਿਤ ਲਈ 'ਨਾਥ-ਸਿੱਧ ਸਾਹਿਤ' ਦੀ ਵਰਤੋਂ ਕਰਨੀ ਉੱਚਿਤ ਸਮਝੀ ਹੈ। ਇਸ ਲਈ ਸੰਪਰਦਾ ਦੇ ਮੋਢੀਆਂ ਵਿਚੋਂ ਗੋਰਖ ਨਾਥ ਦਾ ਨਾਮ ਪ੍ਰਾਪਤ ਸਿੱਧਾਂ ਅਤੇ ਨਾਥਾਂ ਦੋਹਾਂ ਦੀਆਂ ਸੂਚੀਆਂ ਵਿਚ ਮਿਲਦਾ ਹੈ। ਹਿੰਦੀ ਆਚਰੀਆ ਸਿੱਧਾਂ ਵਾਮਪੰਥੀ ਭੋਗ-ਪ੍ਰਧਾਨ

ਯੋਗ ਸਾਧਨਾ ਦੀ ਪ੍ਰਤੀਕਿਰਿਆ ਦੇ ਫਲਸਰੂਪ ਨਾਥ-ਪੰਥੀ ਹਠਯੋਗ ਧਾਰਾ ਨੂੰ ਆਰੰਭ ਹੋਇਆ ਮੰਨਦੇ ਹਨ ਅਤੇ ਸਿੱਧ ਸਾਹਿਤ ਦੇ ਨਾਥ ਸਾਹਿਤ ਨੂੰ ਵੱਖੋ-ਵੱਖਰੇ ਸਿਰਲੇਖਾਂ ਹੇਠ ਲੈਂਦੇ ਹਨ। ਇਸ ਖੋਜ ਪ੍ਰਬੰਧ ਵਿਚ ਨਾਥਾਂ, ਸਿੱਧਾਂ, ਜੋਗੀਆਂ ਆਦਿ ਨੂੰ ਇਕ ਮੰਨਦਿਆਂ ਇਸ ਸੰਪ੍ਰਦਾ ਲਈ 'ਨਾਥ-ਸਿੱਧ ਸੰਪ੍ਰਦਾ' ਅਤੇ ਸਾਹਿਤ ਲਈ 'ਨਾਥ-ਸਿੱਧ ਸਾਹਿਤ' ਦੀ ਵਰਤੋਂ ਕੀਤੀ ਗਈ ਹੈ।

ਨਾਥ-ਸਿੱਧ ਸੰਪ੍ਰਦਾ, ਪੰਜਾਬੀ ਸਾਹਿਤ ਦੇ ਪੂਰਵ-ਨਾਨਕ ਕਾਲ ਵਿਚ ਇਕ ਲੋਕ-ਪ੍ਰਿਅ ਸੰਪ੍ਰਦਾ ਮੰਨੀ ਜਾ ਸਕਦੀ ਹੈ। ਇਸ ਤੱਥ ਦੀ ਪੁਸ਼ਟੀ ਪ੍ਰਾਪਤ ਮੱਧਕਾਲੀਨ ਪੰਜਾਬੀ ਸਾਹਿਤ ਵਿਚੋਂ ਵੀ ਹੋ ਜਾਂਦੀ ਹੈ। ਇਥੋਂ ਤਕ ਕਿ ਸ਼ੰਕਰਾਚਾਰੀਆ ਤੋਂ ਬਾਅਦ ਗੋਰਖ ਨਾਥ ਨੂੰ ਸਭ ਤੋਂ ਵੱਧ ਪ੍ਰਭਾਵਸ਼ਾਲੀ ਮਹਾਂਪੁਰਸ਼ ਮੰਨਿਆ ਗਿਆ ਹੈ ਅਤੇ ਇਸ ਮੱਤ ਨੂੰ ਭਗਤੀ ਅੰਦੋਲਨ ਤੋਂ ਪਹਿਲਾਂ ਦਾ ਸਭ ਤੋਂ ਸ਼ਕਤੀਸ਼ਾਲੀ ਧਾਰਮਿਕ ਅੰਦੋਲਨ ਮੰਨਿਆ ਗਿਆ ਹੈ। ਭਗਤ ਕਬੀਰ ਸਮੇਂ, ਨਾਥ-ਸਿਧ ਸੰਪ੍ਰਦਾ ਦੀ ਪ੍ਰਸਿੱਧੀ ਦਾ ਸਭ ਤੋਂ ਵੱਡਾ ਕਾਰਨ, ਇਸ ਸੰਪ੍ਰਦਾ ਸੰਬੰਧੀ ਉਪਲਬਧ ਟੀਕਾ-ਟਿੱਪਣੀ ਕਹੀ ਜਾ ਸਕਦੀ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ (1469-1539 ਈ.) ਤੱਕ ਵੀ ਨਾਥ-ਸਿੱਧ ਸੰਪ੍ਰਦਾ ਕਾਫੀ ਪ੍ਰਚਲਿਤ ਸੀ, ਇਸੇ ਕਰਕੇ ਉਹਨਾਂ ਦੀ ਬਾਣੀ ਵਿਚ ਇਸ ਦਾ ਕਰੜਾ ਵਿਰੋਧ ਅਤੇ ਆਲੋਚਨਾ ਪ੍ਰਾਪਤ ਹੁੰਦੀ ਹੈ। ਪੁਰਾਤਨ ਪੰਜਾਬੀ ਸਾਹਿਤ ਤੋਂ ਬਿਨਾਂ ਹੋਰ ਭਾਰਤੀ ਭਾਸ਼ਾਵਾਂ ਦੇ ਸਾਹਿਤ ਵਿਚ ਵੀ ਨਾਥ-ਸਿੱਧ ਸੰਪ੍ਰਦਾ ਅਤੇ ਇਸ ਦੇ ਅਨੁਯਾਈਆਂ ਦੀ ਕਰੜੀ ਆਲੋਚਨਾ ਮਿਲਦੀ ਹੈ। ਜਾਇਸੀ ਅਤੇ ਪ੍ਰੇਮ-ਗਾਥਾਕਾਰ ਕਵੀਆਂ ਦੇ ਗ੍ਰੰਥਾਂ ਤੋਂ ਵੀ ਪਤਾ ਚਲਦਾ ਹੈ ਕਿ ਇਹ ਮਾਰਗ, ਉਸ ਸਮੇਂ ਬੜਾ ਪ੍ਰਚਲਿਤ ਸੀ। ਤੁਲਸੀ ਦੇ 'ਰਾਮ ਚਰਿਤ ਮਾਨਸ' ਵਿਚ ਵੀ ਐਸੇ ਸੰਕੇਤ ਹਨ ਜੋ ਇਸ ਸੰਪ੍ਰਦਾ ਦੀ ਪ੍ਰਸਿੱਧੀ ਦੇ ਤੱਥ ਕਹੇ ਜਾ ਸਕਦੇ ਹਨ। ਲੋਕ ਸਾਹਿਤ ਵਿਚ ਉਪਲਬਧ, ਨਾਥਾਂ ਸਿੱਧਾਂ ਸੰਬੰਧੀ ਹਵਾਲੇ, ਇਸ ਕਥਨ ਦੀ ਪੁਸ਼ਟੀ ਕਰਦੇ ਹਨ ਕਿ ਇਹਨਾਂ ਦਾ ਜਨਤਾ ਵਿਚ ਸਤਿਕਾਰ, ਮਾਣ ਅਤੇ ਪ੍ਰਸਿੱਧੀ ਸੀ। ਲੋਕ ਮਨ ਵਿਚ ਇਹਨਾਂ ਦੇ ਵਿਸ਼ਵਾਸਾਂ, ਅਨੁਸ਼ਠਾਨਾਂ ਅਤੇ ਵਰਦਾਨਾਂ ਦੀ ਬੜੀ ਮਾਨਤਾ ਸੀ ਅਤੇ ਕਿਸੇ ਨਾ ਕਿਸੇ ਰੂਪ ਵਿਚ ਅੱਜ ਵੀ ਪ੍ਰਚਲਿਤ ਹੈ। ਔਲਾਦ ਵਾਸਤੇ ਨਾਥਾਂ-ਸਿੱਧਾਂ ਦੇ ਵਰਦਾਨ ਅਤੇ ਆਸ਼ੀਰਵਾਦ ਆਮ ਜਨਤਾ ਵਿਚ ਪ੍ਰਚਲਿਤ ਹਨ।

ਉਪਰੋਕਤ ਤੱਥਾਂ ਤੋਂ ਸਪਸ਼ਟ ਹੁੰਦਾ ਹੈ ਕਿ ਨਾਥ-ਸਿੱਧ ਸੰਪ੍ਰਦਾ ਅਤੇ ਨਾਥ ਸਿੱਧ ਗੁਰੂ ਨਾਨਕ ਕਾਲ ਤੋਂ ਪਹਿਲਾਂ, ਬੜੀ ਪ੍ਰਸਿੱਧੀ ਹਾਸਲ ਕਰ ਚੁੱਕੇ ਸਨ। ਉਪਲਬਧ 'ਫ਼ਰੀਦ ਬਾਣੀ' ਵਿਚ ਭਾਵੇਂ ਨਾਥ-ਸਿੱਧ ਸੰਪ੍ਰਦਾ ਜਾਂ ਨਾਥ-ਸਿੱਧਾਂ ਦੀ ਕਰੜੀ ਆਲੋਚਨਾ ਨਹੀਂ ਮਿਲਦੀ ਪਰੰਤੂ ਇਸ ਗੱਲੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਬਾਬਾ ਫਰੀਦ ਦੇ ਨਾਮ ਹੇਠ ਉਪਲਬਧ ਬਾਣੀ ਵਿਚ ਵੀ ਇਹਨਾਂ ਦੀ ਵਿਚਾਰਧਾਰਾ, ਕਰਮਕਾਂਡਾਂ ਅਤੇ ਰਹੋ-ਰੀਤਾਂ ਦਾ ਅਸਿੱਧੇ ਢੰਗ ਨਾਲ ਵਰਣਨ ਮਿਲਦਾ ਹੈ। ਅਸਿੱਧੇ ਵਰਣਨ ਦਾ ਕਾਰਨ, ਨਾਥ-ਸਿੱਧ ਸੰਪ੍ਰਦਾ ਦਾ ਇਸਲਾਮੀ ਧਰਮਾਂ ਦਾ ਖੰਡਨ ਨਾ ਕਰਨਾ ਮਿਥਿਆ ਜਾ ਸਕਦਾ ਹੈ। 11ਵੀਂ ਸਦੀਆਂ ਤੋਂ ਸੂਫ਼ੀਆਂ ਅਤੇ ਨਾਥਾਂ ਦੇ ਸਿਧਾਂਤਕ ਵਾਦ-ਵਿਵਾਦਾਂ ਦੇ ਸੰਕੇਤ ਕੁਝ ਗ੍ਰੰਥਾਂ ਵਿਚ ਉਪਲਬਧ ਹਨ। ਪਰ ਫੇਰ ਵੀ ਰਤਨ ਨਾਥ ਵਰਗੇ ਮੁਸਲਮਾਨ ਵੀ ਇਸ ਸੰਪ੍ਰਦਾ ਵਿਚ ਸ਼ਾਮਲ ਹੋ ਜਾਂਦੇ ਹਨ ਅਤੇ ਬਾਬਾ ਰਤਨ, ਹਾਜੀ ਰਤਨ ਆਦਿ ਨਾਵਾਂ ਨਾਲ ਪ੍ਰਸਿੱਧੀ ਹਾਸਲ ਕਰਦੇ ਹਨ। ਸੰਤ ਸਿੰਘ ਸੇਖੋਂ ਦਾ ਵੀ ਮੱਤ ਹੈ ਕਿ ਇਸ ਸੰਪ੍ਰਦਾ ਦਾ ਸੁਭਾਵ ਲੋਕ-ਕਥਾਵਾਂ, ਗੁਰਬਾਣੀ ਵਿਚ ਆਏ ਵਾਦ-ਵਿਵਾਦਾਂ ਤੇ ਹੋਰ ਸਾਹਿਤ ਵਿਚ ਆਏ ਉਲੇਖਾਂ ਤੋਂ ਜਾਣਿਆ ਜਾ ਸਕਦਾ ਹੈ।

ਨਾਥ-ਸਿੱਧ ਸਾਹਿਤ ਦੇ ਵਿਵੇਚਨ ਤੋਂ ਪਹਿਲਾਂ ਇਸ ਸੰਪ੍ਰਦਾ ਦੇ ਪਿਛੋਕੜ ਅਤੇ ਵਿਕਾਸ ਬਾਰੇ ਸੰਖਿਪਤ ਜਾਣਕਾਰੀ ਉਚਿਤ ਹੋਵੇਗੀ।

ਨਾਥ-ਸਿੱਧ ਸੰਪ੍ਰਦਾ

ਸਿੱਧ ਮਾਰਗ ਅਤੇ ਨਾਥ-ਸਿੱਧ ਮੱਤ ਨੂੰ ਇਕੋ ਮਨੰਦਿਆਂ, ਹਜ਼ਾਰੀ ਪ੍ਰਸਾਦਿ ਦਿਵੇਦੀ ਨੇ 'ਨਾਂ' ਦਾ ਅਰਥ-ਅਨਾਦਿ ਰੂਪ ਅਤੇ 'ਥ' ਦਾ ਅਰਥ ਸਥਾਪਤ ਹੋਣਾ ਦੱਸਿਆ ਹੈ। ਇਸ ਤਰ੍ਹਾਂ ਨਾਥ-ਮਤ ਦਾ ਸਪਸ਼ਟ ਅਰਥ, ਉਹ ਅਨਾਦਿ ਧਰਮ ਹੈ ਜੋ ਤ੍ਰੈਲੋਕੀ ਦੀ ਸਥਾਪਤੀ ਦਾ ਕਾਰਨ ਹੈ। ਇਸ ਦੀ ਹੋਰ ਵਿਆਖਿਆ ਅਨੁਸਾਰ, ਨਾਥ ਸ਼ਬਦ ਦਾ ਅਰਥ ਹੈ 'ਨਾਥ ਬ੍ਰਹਮ', ਜਿਹੜਾ ਮੋਕਸ਼ ਦੇਣ ਵਿਚ ਪੂਰਨ ਹੈ। 'ਥ' ਦੇ ਅਰਥ ਅਗਿਆਨਤਾ ਨੂੰ ਰੋਕਣ ਵਾਲਾ ਮੰਨਿਆ ਗਿਆ ਹੈ। ਇਸ ਤਰ੍ਹਾਂ, ਨਾਥ, ਨਾਥ-ਮੱਤ ਦੇ ਅਰਥ ਇਂਝ ਕੀਤਾ ਜਾਂਦੇ ਹਨ ਕਿ ਨਾਥ ਦੀ ਸ਼ਰਨ ਵਿਚ ਜਾ ਕੇ ਨਾਥ ਬ੍ਰਹਮ ਦੇ ਪ੍ਰਤੱਖ ਦਰਸ਼ਨ ਕਰਨੇ ਅਤੇ ਅਗਿਆਨਤਾ ਦੂਰ ਕਰਨੀ, ਮੰਨੇ ਜਾਂਦੇ ਹਨ। ਨਾਥ-ਸਿੱਧ ਸੰਪ੍ਰਦਾ ਨੂੰ ਬੁੱਧਮਤ ਦਾ ਵਿਕ੍ਰਿਤ ਰੂਪ ਮੰਨਦਿਆਂ ਇਸ ਦਾ ਸੰਬੰਧ ਅਤੇ ਪਿਛੋਕੜ ਬੁੱਧਮਤ ਨਾਲ ਜੋੜਿਆ ਜਾਂਦਾ ਹੈ। ਬੁੱਧ ਧਰਮ ਆਪਣੇ ਸਮੇਂ ਦਾ ਸਭ ਤੋਂ ਸ਼ਕਤੀਸ਼ਾਲੀ ਧਰਮ ਕਿਹਾ ਜਾ ਸਕਦਾ ਹੈ ਅਤੇ ਰਾਜਸੀ ਪੱਧਰ ਉੱਤੇ ਵੀ ਇਸ ਨੂੰ ਸ਼ਰਨ ਸੁਭਾਗ ਸੀ। ਇਸ ਦਾ ਇਤਿਹਾਸਕ ਪ੍ਰਮਾਣ ਸਮ੍ਰਾਟ ਅਸ਼ੋਕ ਦਾ ਇਸ ਧਰਮ ਦਾ ਅਨੁਯਾਈ ਹੋਣਾ ਹੈ। ਜਿਵੇਂ ਹੀ ਬੋਧੀ ਭਿਕਸ਼ੂ ਆਪਣੇ ਅਸੂਲਾਂ ਤੋਂ ਪਤਿਤ ਹੁੰਦੇ ਗਏ, ਬੁੱਧ ਧਰਮ ਵਿਚ ਵਿਕ੍ਰਿਤੀ ਆਉਣ ਲੱਗੀ ਅਤੇ ਹੌਲੀ ਹੌਲੀ ਇਹ ਧਰਮ ਮੱਠਾ ਪੈਣਾ ਸ਼ੁਰੂ ਹੋ ਗਿਆ। ਇਸ ਪ੍ਰਤੀਕਰਮ ਵਜੋਂ ਬੁੱਧ-ਮੱਤ ਦੀਆਂ ਦੋ ਸ਼ਾਖਾਵਾਂ ਹੋਂਦ ਵਿਚ ਆਈਆਂ-

(ੳ) ਹੀਨਯਾਨ

(ਅ) ਮਹਾਂਯਾਨ

ਹੀਨਯਾਨ ਛੋਟੇ ਰੱਥਾਂ ਵਾਲੇ ਸਨ ਅਤੇ ਇਹ ਕੇਵਲ ਸੰਨਿਆਸੀਆਂ ਜਾਂ ਉੱਤਮ ਪੁਰਖਾਂ ਨੂੰ ਆਪਣੇ ਰੱਥ ਵਿੱਚ ਬਿਠਾ ਕੇ ਪ੍ਰਭੂ ਪ੍ਰਾਪਤੀ ਕਰਾਉਂਦੇ ਸਨ ਅਤੇ ਸਾਰਿਆਂ ਨੂੰ ਮੁਕਤੀ ਪ੍ਰਦਾਨ ਕਰਨ ਦੇ ਹੱਕ ਵਿੱਚ ਸਨ। ਹੀਨਯਾਨ ਸ਼ਾਖਾ ਸੰਕੀਰਣਤਾ ਕਾਰਨ ਹੌਲੀ-ਹੌਲੀ ਅਲੋਪ ਹੁੰਦੀ ਗਈ ਪਰੰਤੂ ਮਹਾਂਯਾਨੀ ਸ਼ਾਖਾ ਪ੍ਰਫੁਲਤ ਹੋ ਗਈ ਅਤੇ ਸਤਿਕਾਰੀ ਜਾਣ ਲੱਗੀ। ਕਈ ਹੀਨਯਾਨੀ ਵੀ ਇਸ ਸ਼ਾਖਾ ਵਿਚ ਸ਼ਾਮਲ ਹੋਣ ਲੱਗ ਪਏ। ਦੋਹਾਂ ਸ਼ਾਖਾਵਾਂ ਵਿਚ ਬੁਨਿਆਦੀ ਅੰਤਰ ਸਿਧਾਂਤ ਅਤੇ ਵਿਵਹਾਰਕਰਤਾ ਦਾ ਹੈ। ਹੀਨਯਾਨੀ ਸਿਧਾਂਤਵਾਦੀ ਸਨ ਅਤੇ ਮਹਾਂਯਾਨੀ ਵਿਵਹਾਰਕ। ਕੁਝ ਸਮੇਂ ਬਾਅਦ ਮਹਾਂਯਾਨ ਸ਼ਾਖਾਂ ਵੀ ਵੰਡੀ ਗਈ ਅਤੇ ਸਹਜਯਾਨ ਅਤੇ ਬ੍ਰਜਰਯਾਨ ਸ਼ਾਖਾਵਾਂ ਹੋਂਦ ਵਿਚ ਆਈਆਂ। ਸਹਜਯਾਨੀ ਧਾਰਾ ਦੀਆਂ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਅਤੇ ਸਿਧਾਂਤ ਹੁਣ ਤਕ ਉੱਤਰੀ ਭਾਰਤ ਦੇ ਹਿੰਦੂ ਧਰਮ ਵਿਚ ਦੇਖੇ ਜਾ ਸਕਦੇ ਹਨ। ਸਹਜਯਾਨੀ, ਮੁਕਤੀ ਪ੍ਰਾਪਤੀ ਲਈ ਸਭ ਕੁਝ ਤੱਜਣ ਦੇ ਵਿਰੁਧ ਸਨ ਅਤੇ ਉਹਨਾਂ ਅਨੁਸਾਰ ਪਰਮਪਦ ਦੀ ਪ੍ਰਾਪਤੀ ਸਭ ਕੁਝ ਹੁੰਦਿਆਂ ਹੋਇਆ ਹੀ ਹੋ ਸਕਦੀ ਹੈ। ਕਿਸੇ ਨਾ ਕਿਸੇ ਸ਼ੋਧਿਤ ਰੂਪ ਵਿਚ ਇਹੀ ਵਿਚਾਰਧਾਰਾ ਭਗਤੀ ਮਤ ਅਤੇ ਗੁਰਮਤਿ ਦੀ ਹੋ ਨਿਬੜਦੀ ਹੈ। ਬ੍ਰਜਰਯਾਨੀ ਤਿਆਗ ਦੇ ਵਧੇਰੇ ਇੱਛਕ ਸਨ ਅਤੇ ਇਸ ਬਿਨਾਂ ਮੁਕਤੀ ਅਸੰਭਵ ਮੰਨਦੇ ਸਨ। ਹੌਲੀ ਹੌਲੀ ਬ੍ਰਜਰਯਾਨੀ ਧਾਰਾ ਵੀ ਅਲੋਪ ਹੋ ਗਈ। ਇਸ ਉਪਰੰਤ ਤਿੰਨ ਮਹੱਤਵਪੂਰਨ ਧਾਰਾਵਾਂ ਸਮਾਨੰਤਰ ਚਲਦੀਆਂ ਹਨ, ਸਹਜਯਾਨੀ, ਹਠਯੋਗ ਅਤੇ ਸਮਾਰਤ ਵੈਸ਼ਣਵ। ਸਹਜਯਾਨੀ ਵਿਚੋਂ ਸੰਤਮਤ, ਹਠਯੋਗ ਵਿਚੋਂ ਨਾਥ ਮਤ ਅਤੇ ਸਮਾਰਤ ਵੈਸ਼ਣਵ ਵਿਚੋਂ ਬ੍ਰਹਮ ਤੇ ਸ਼ੈਵ ਰੂਪ ਨਿਕਲੇ ਮੰਨੇ ਜਾਂਦੇ ਹਨ।

ਨਾਥ-ਸਿੱਧ ਸਾਹਿਤ ਵਿਚ ਜਿੰਨੇ ਵੀ ਨਾਥਾਂ, ਸਿੱਧਾਂ ਦਾ ਹਵਾਲਾ ਉਪਲਬਧ ਹੈ, ਉਹ ਸਭ, ਬੁੱਧਮਤ ਦੀਆਂ ਇਹਨਾਂ ਵਿਕ੍ਰਿਤ, ਵਿਕਸਤ ਜਾਂ ਅਲੋਪ ਸ਼ਾਖਾਵਾਂ ਨਾਲ ਹੀ ਸੰਬੰਧ ਰੱਖਦੇ ਹਨ। ਇਸੇ ਕਰਕੇ ਨਾਥ-ਸਿੱਧ ਸੰਪ੍ਰਦਾ

ਨੂੰ ਬੁੱਧਮਤ ਦਾ ਵਿਕ੍ਰਿਤ ਜਾਂ ਵਿਕਸਤ ਰੂਪ ਮੰਨਿਆ ਜਾਂਦਾ ਹੈ। ਸੰਤ ਸਿੰਘ ਸੇਖੋਂ ਨੇ ਵੀ ਇਸ ਮੱਤ ਨਾਲ ਸਹਿਮਤੀ ਪ੍ਰਗਟ ਕੀਤੀ ਹੈ। ਉਸ ਅਨੁਸਾਰ, 'ਸਿੱਧਮਤ ਪੁਰਾਤਨ ਯੋਗਮੱਤ ਤੇ ਉਸ ਤੋਂ ਪਿਛਲੇਰੇ ਬੁੱਧਮਤ ਤੋਂ ਉਤਪੰਨ ਹੋਈ ਇਕ ਮਿੱਸ ਜੇਹੀ ਹੈ, ਜਿਸ ਵਿਚ ਪਿਛਲੇਰੇ ਬੁੱਧਮਤ ਵਿਕਾਰਾਂ, ਤੰਤਰਵਾਦ ਦਾ ਚੋਖਾ ਅੰਸ਼ ਹੈ। ਸਹਜਯਾਨੀ ਧਾਰਾ ਦੇ ਉਲਟ ਨਾਥ-ਸਿੱਧ ਇਸ ਸੰਪ੍ਰਦਾ ਨੂੰ ਹੋਰ ਕਠਨ ਅਤੇ ਮੁਸ਼ਕਲ ਬਣਾ ਰਹੇ ਸਨ।

ਨਾਥ-ਸਿੱਧ ਤੋਂ ਸਾਡਾ ਅਸਿਖਿਅਤ ਸਮਾਜ ਵੀ ਪਰਿਚਤ ਹੈ। ਇਹਨਾਂ ਦਾ ਵਿਚਿਤ੍ਰ ਪਹਿਰਾਵਾ ਅਤੇ ਭੇਸ, ਅਜ ਵੀ, ਇਹਨਾਂ ਦੀ ਵਿਲੱਖਣ ਅਤੇ ਹੋਂਦ ਦਾ ਸੂਚਕ ਹੈ। ਮੇਖਲਾ, ਸਿੰਗੀ, ਸੇਲੀ, ਗੁਦੜੀ, ਖੱਪਰ, ਕਰਨ-ਮੁੰਦ੍ਰਾ, ਬਘੰਬਰ, ਝੋਲਾ ਆਦਿ ਚਿੰਨ੍ਹ ਇਹਨਾਂ ਦੀ ਪਛਾਣ ਦਾ ਕਾਰਣ ਬਣਦੇ ਹਨ। ਮੁੰਦ੍ਰਾ ਗ੍ਰਹਿਣ ਦੀ ਪ੍ਰਕਿਰਿਆ ਜਿਥੇ ਅਤੀ ਕਠਨ ਹੈ, ਉਥੇ ਇਹ ਨਾਥਾਂ-ਸਿੱਧਾਂ ਨੂੰ ਕੰਨਪਾਟੇ, ਦਰਸ਼ਨੀ ਦੀ ਸੰਗਿਆ ਵੀ ਦੇਂਦੀ ਹੈ। ਇਹਨਾਂ ਵਿਚ ਇਕ ਸ਼ਾਖਾ ਗ੍ਰਿਹਸਥੀ ਜੋਗੀਆਂ ਦੀ ਵੀ ਹੈ ਜਿਹਨਾਂ ਨੂੰ ਰਾਵਲ ਕਹਿੰਦੇ ਹਨ। ਨਾਥਾਂ ਸਿੱਧਾਂ ਦਾ ਮੂਲ ਮਨੋਰਥ ਇਕ ਤੋਂ ਦੂਜੀ ਥਾਂ ਰਮਨ ਕਰਨਾ ਹੈ। ਇਸੇ ਕਰਕੇ ਨਾਥਾਂ ਦੇ ਰਟਨ ਕਰਦੇ ਇਕ ਟੋਲੇ ਨੇ, ਨਾਥ ਦੀ ਵਿਆਖਿਆ ਕਰਦਿਆਂ ਦੱਸਿਆ ਹੈ ਕਿ 'ਨਾਥ' ਦਾ ਅਰਥ ਨਿਥਾਵਾਂ ਹੈ ਅਤੇ ਉਸ ਲਈ ਥਾਂ ਕੇਵਲ ਆਦਿ ਨਾਥ ਕੋਲ ਹੈ। ਇਹਨਾਂ ਦੇ ਰਟਨ ਕਰਨ ਦੇ ਕਈ ਇਤਿਹਾਸਕ ਪ੍ਰਮਾਣ ਮੌਜੂਦ ਹਨ। ਜਿਹਲਮ ਜ਼ਿਲੇ ਵਿਚ ਗੋਰਖ ਨਾਥ ਦਾ ਟਿੱਲਾ, ਪਿਸ਼ੌਰ ਵਿਚ ਗੋਰਖ ਦੀ ਹੱਟੜੀ, ਗੋਰਖਪੁਰ ਵਿਚ ਪ੍ਰਸਿੱਧ ਗੋਰਖ ਮੰਦਿਰ, ਪਿਸ਼ੌਰ ਵਿਚ ਬਾਬੇ ਰਤਨ ਦਾ ਡੇਰਾ, ਅਬੋਹਰ ਵਿਚ ਚੋਰੰਗੀ ਨਾਥ ਦੀ ਧੂਣੀ, ਸਿਆਲਕੋਟ ਵਿਚ ਚੋਰੰਗੀ ਨਾਥ ਦਾ ਖੂਹ ਅਤੇ ਚੰਬੇ ਰਿਆਸਤ ਵਿਚ ਚਰਪਟ ਨਾਥ ਦਾ ਮੰਦਿਰ, ਐਸੇ ਇਤਿਹਾਸਕ ਪ੍ਰਮਾਣ ਹਨ ਜੋ ਨਾਥਾਂ-ਸਿੱਧਾਂ ਦੇ ਦੇਸ਼ ਰਟਨ ਦੀ ਸਾਖੀ ਭਰਦੇ ਹਨ। ਇਥੋਂ ਤਕ ਕਿ ਪੰਜਾਬ ਦਾ ਜਲੰਧਰ ਸ਼ਹਿਰ ਅਤੇ ਯੂ.ਪੀ. ਦਾ ਗੋਰਖਪੁਰ ਸ਼ਹਿਰ ਜਲੰਧਰੀ ਨਾਥ ਅਤੇ ਗੋਰਖ ਨਾਥ ਦੇ ਨਾਵਾਂ ਉੱਤੇ ਪ੍ਰਚਲਿਤ ਹੋਏ ਪ੍ਰਤੀਤ ਹੁੰਦੇ ਹਨ। ਇਹ ਇਤਿਹਾਸਕ ਪ੍ਰਮਾਣ ਸਿੱਧ ਕਰਦੇ ਹਨ ਕਿ ਨਾਥ-ਸਿੱਧ, ਪੰਜਾਬ ਦਾ ਵੀ ਰਟਨ ਕਰਦੇ ਰਹੇ ਅਤੇ ਅਵੱਸ਼ ਹੀ, ਆਪਣੇ ਧਰਮ/ਸੰਪ੍ਰਦਾ ਦੇ ਪ੍ਰਚਾਰ ਲਈ ਉਹਨਾਂ ਸਥਾਨਕ ਲੋਕ-ਬੋਲੀ ਪੰਜਾਬੀ ਨੂੰ, ਪ੍ਰਚਾਰ ਦਾ ਮਾਧਿਅਮ ਅਪਣਾਇਆ ਹੋਵੇਗਾ।

ਨਿੱਥ-ਸਿੱਧ ਸਾਹਿਤ ਸੰਪ੍ਰਦਾ ਵਿਚੋਂ ਗੋਰਖਨਾਥ ਹੀ ਐਸੇ ਨਾਥ-ਸਿੱਧ ਹੋਏ ਹਨ, ਜਿਹਨਾਂ ਨੇ ਇਸ ਸੰਪ੍ਰਦਾ ਦਾ ਪੁਨਰਗਠਨ ਕੀਤਾ ਅਤੇ ਐਸਾ ਕਰਦੇ ਸਮੇਂ, ਉਹਨਾਂ ਪੂਰਵਵਰਤੀ ਸਾਧਨਾਵਾਂ ਦਾ ਆਸਰਾ ਲਿਆ। ਇਸ ਸੰਦਰਭ ਵਿਚ ਸ਼ੈਵ, ਬੁੱਧ ਅਤੇ ਸ਼ਾਕਤ ਸੰਪ੍ਰਦਾਵਾਂ ਦਾ ਵਿਸ਼ੇਸ਼ ਹੱਥ ਹੈ। ਇਹਨਾਂ ਸਾਧਨਾਵਾਂ ਨੂੰ ਨਾਥ-ਸਿੱਧ ਸੰਪ੍ਰਦਾ ਵਿਚ ਇਝ ਅੰਤਰਭੁਕਤ ਕੀਤਾ ਕਿ ਬਾਅਦ ਵਿਚ ਇਹ ਗੋਰਖਨਾਥੀ ਹੀ ਮੰਨੀਆਂ ਜਾਣ ਲੱਗੀਆਂ। ਜਿਉਂ-ਜਿਉਂ ਨਾਥ-ਸਿੱਧ ਸੰਪ੍ਰਦਾ ਦਾ ਵਿਸਤਾਰ ਹੁੰਦਾ ਗਿਆ ਤਾਂ ਵੱਖ-ਵੱਖ ਇਲਾਕਿਆਂ ਦੇ ਆਧਾਰ ਤੇ ਇਸ ਸੰਪ੍ਰਦਾ ਦੇ ਅਨੁਯਾਈਆਂ ਵਿਚ ਕੁਝ ਫ਼ਰਕ ਆਉਂਦਾ ਗਿਆ। ਮਹਾਰਾਸ਼ਟਰ ਦੇ ਨਾਥ-ਸਿੱਧ ਭੈਰੋਂ ਦੀ ਪੂਜਾ ਕਰਦੇ ਹਨ। ਦੱਖਣ ਦੇ ਜੋਗੀ ਨਾਗ ਪੂਜਾ ਵਿਚ ਵਿਸ਼ਵਾਸ ਰੱਖਦੇ ਹਨ। ਐਸੀ ਜਾਣਕਾਰੀ ਨਾਥ-ਸਿੱਧ ਸੰਪ੍ਰਦਾ ਵਿਚ ਆਏ ਪਰਿਵਰਤਨਾਂ ਦਾ ਅਹਿਸਾਸ ਕਰਾਉਂਦੀ ਹੈ ਪਰੰਤੂ ਇਹਨਾਂ ਦੀ ਪਰੰਪਰਾ ਗੁਰੂ ਗੋਰਖਨਾਥ ਨਾਲ ਹੀ ਜੁੜਦੀ ਹੈ ਅਤੇ ਦੂਰ-ਦੂਰ ਤਕ ਇਹ ਸੰਪ੍ਰਦਾ ਫੈਲੀ ਹੋਈ ਹੈ। 1971 ਈ. ਦੀ ਜਨ-ਗਣਨਾ ਦੇ ਆਧਾਰ ਤੇ ਇਹਨਾਂ ਦੀ ਗਿਣਤੀ ਸਮੁੱਚੇ ਭਾਰਤ ਵਿਚ 2,14,546 ਦੱਸੀ ਹੈ। ਇਹਨਾਂ ਵਿਚ ਮੁਸਲਮਾਨ, ਹਿੰਦੂ ਅਤੇ ਹੋਰ ਧਰਮਾਂ ਦੇ ਲੋਕ ਵੀ ਹਨ।

ਚੌਰਾਸੀ ਸਿੱਧ ਤੇ ਨਾਥ

ਇਹ ਅਵਧਾਰਨਾ ਪ੍ਰਵਾਨ ਕੀਤੀ ਜਾ ਚੁੱਕੀ ਹੈ ਕਿ ਸਿੱਧ ਅਤੇ ਨਾਥ ਇਕੋ ਹਨ। ਕੁਝ ਪ੍ਰਾਂਤਕ ਭਾਸ਼ਾਵਾਂ

ਦੇ ਆਧਾਰ ਤੇ ਸਵੈ-ਜੋਗੀਆਂ ਨੂੰ ਨਾਥ ਅਤੇ ਬੋਧ-ਤੰਤਰੀਆਂ ਨੂੰ ਸਿੱਧ ਨਾਵਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਪਰੰਪਰਾਗਤ ਤੌਰ ਤੇ ਸਾਨੂੰ ਚੌਰਾਸੀ ਨਾਥਾਂ ਦੀ ਸੂਚੀ ਮਿਲਦੀ ਹੈ ਪਰ ਵੱਖ-ਵੱਖ ਸੂਚੀਆਂ ਦੇ ਆਧਾਰ ਤੇ ਇਹਨਾਂ ਦੀ ਗਿਣਤੀ ਵਿਚ ਕੁਝ ਅੰਤਰ ਹੈ। ਨਰੇਂਦ੍ਰਧੀਰ ਨੇ 137 ਸਿੱਧਾਂ ਦਾ ਹਵਾਲਾ ਵੀ ਦਿੱਤਾ ਹੈ ਪਰੰਤੂ ਉਹ ਚੌਰਾਸੀ ਨਾਥਾਂ ਦੀ ਸੂਚੀ ਨੂੰ ਪ੍ਰਮਾਣਕ ਮੰਨਦਾ ਹੈ। ਧਰਮਵੀਰ ਭਾਰਤੀ ਚੌਰਾਸੀ ਨਾਥਾਂ ਦੀ ਸੂਚੀ ਨੂੰ ਕਾਲਪਨਿਕ ਮੰਨਦਾ ਹੈ। ਪਰੰਤੂ ਰਾਹੁਲ ਸਾਂਕ੍ਰਿਤਿਆਇਨ ਨੇ ਵੀ 84 ਸਿਧਾਂ ਦੀ ਸੂਚੀ ਦਿੱਤੀ ਹੈ ਅਤੇ ਇਥੋਂ ਤਕ ਕਿ ਹਰ ਨਾਥ ਦੀ ਜਾਤੀ ਤੇ ਦੇਸ਼ ਵੀ ਦੱਸਿਆ। ਨਾਥਾਂ ਅਤੇ ਸਿੱਧਾਂ ਦੀਆਂ ਇਹਨਾਂ ਸੂਚੀਆਂ ਵਿਚ ਦਰਜ ਨਾਵਾਂ ਦੀ ਗਿਣਤੀ ਤੇ ਅੰਤਰ ਸੰਬੰਧੀ ਕਈ ਅਨੁਮਾਨ ਲਾਏ ਜਾ ਸਕਦੇ ਹਨ।

(ੳ) ਕੁਝ ਨਾਥ ਜਾਂ ਸਿੱਧ ਐਸੇ ਹੋਣਗੇ ਜਿਹਨਾਂ ਦੀ ਜਨਤਾ ਵਿਚ ਪ੍ਰਸਿੱਧੀ ਹੋਵੇਗੀ, ਇਸ ਲਈ ਵੱਖ-ਵੱਖ ਸੰਪ੍ਰਦਾਵਾਂ ਨੇ ਨਿੱਜੀ ਮਹੱਤਤਾ ਅਤੇ ਪ੍ਰਸਿੱਧੀ ਲਈ ਉਹਨਾਂ ਦੇ ਨਾਮ, ਆਪੋ-ਆਪਣੀ ਸੰਪ੍ਰਦਾ ਨਾਲ ਜੋੜ ਲਏ।

(ਅ) ਨਾਥ-ਸਿੱਧ ਸੰਪ੍ਰਦਾ, ਬੁੱਧ ਧਰਮ ਪ੍ਰਤੀ ਵਿਦਰੋਹ ਸੀ, ਇਸ ਵਿਦਰੋਹ ਕਾਰਨ ਕੁਝ ਇਕ ਬਜਰਯਾਨੀ ਨਾਥ-ਸਿੱਧ ਵੀ ਅਵੱਸ਼ ਰਹੇ ਹੋਣਗੇ।

(ੲ) ਕੁਝ ਨਾਥ-ਸਿੱਧ ਸ਼ੈਵ ਅਤੇ ਬੁੱਧ ਦੋਹਾਂ ਪੱਧਤੀਆਂ ਤੇ ਆਚਾਰੀਆਂ ਸਨ, ਇਸ ਲਈ ਆਪਣੀ ਸੰਪ੍ਰਦਾ ਨੂੰ ਦੂਜੀਆਂ ਮਹੱਤਵ ਦੇਣ ਲਈ, ਦੋਹਾਂ ਪੱਧਤੀਆਂ ਵਿਚ ਸ਼ਾਮਿਲ ਕਰ ਲਏ ਹੋਣਗੇ।

ਕੁਝ ਵੀ ਹੋਵੇ, ਉਸ ਸਮੇਂ ਚੌਰਾਸੀ ਦੀ ਗਿਣਤੀ ਦੀ ਮਹੱਤਾ ਅਵੱਸ਼ ਸੀ ਅਤੇ ਇਸ ਕਰਕੇ ਇਹ ਸੰਖਿਆ ਵਧੇਰੇ ਵਰਤੀ ਗਈ ਹੈ। ਨਾਥ-ਸਿੱਧ ਪਰੰਪਰਾ ਵਿਚ, ਇਸ ਗਿਣਤੀ ਦੀ ਅਤੀ ਮਹੱਤਾ ਹੈ ਅਤੇ ਗੂੜ੍ਹਾ ਤਾਂਤਰਿਕ ਅਭਿਪ੍ਰਾਇ ਵੀ ਹੈ। ਤਾਂਤਰਿਕ ਯੋਗ ਆਸਣ ਵੀ ਚੌਰਾਸੀ ਮੰਨੇ ਗਏ ਹਨ। ਹਿੰਦੀ ਸਾਹਿਤ ਕੋਸ਼ ਅਨੁਸਾਰ ਬਾਰਾਂ ਰਾਸ਼ੀਆਂ ਅਤੇ ਸੱਤਨ ਨੱਛਤਰਾਂ ਦਾ ਗੁਨਫਲ ਚੌਰਾਸੀ ਮੰਨ ਕੇ ਇਸ ਦੀ ਮਹੱਤਤਾ ਦੱਸੀ ਗਈ ਹੈ।

ਇਹਨਾਂ ਸੂਚੀਆਂ ਦਾ ਇਕ ਮਹੱਤਵਪੂਰਨ ਪੱਖ ਇਹ ਵੀ ਹੈ ਕਿ ਇਹਨਾਂ ਵਿਚ ਪੰਜਾਬੀ ਸਾਹਿਤ ਦੇ ਪੂਰਵ-ਨਾਨਕ ਕਾਲ ਦੇ ਸਭ ਸਿੱਧ-ਨਾਥ ਆ ਜਾਂਦੇ ਹਨ। ਇਹ ਸੂਚਨਾ ਇਹਨਾਂ ਦੀ ਪ੍ਰਮਾਣਕਤਾ ਦੀ ਗਵਾਹੀ ਬਣਦੀ ਹੈ। ਮਛੰਦਰ ਨਾਥ, ਗੋਰਖ ਨਾਥ, ਚੌਰੰਗੀ ਨਾਥ ਅਤੇ ਰਤਨ ਨਾਥ ਆਦਿ ਲਗਭਗ ਸਭ ਸੂਚੀਆਂ ਵਿਚ ਦਰਜ ਹਨ।

### ਉਪਲਬਧ ਨਾਥ-ਸਿਧ ਸਾਹਿਤ

ਪੰਜਾਬੀ ਸਾਹਿਤ ਦੇ ਪੂਰਵ-ਨਾਨਕ ਕਾਲ ਵਿਚ ਨਾਥਾਂ, ਸਿੱਧਾਂ ਦੀਆਂ ਰਚਨਾਵਾਂ ਦੀ ਚਰਚਾ, ਪਹਿਲੀ ਵਾਰ ਡਾ: ਮੋਹਨ ਸਿੰਘ ਦੀਵਾਨਾ ਰਾਹੀਂ ਆਰੰਭ ਹੁੰਦੀ ਹੈ। ਪਰੰਤੂ ਉਦੋਂ ਮੋਹਨ ਸਿੰਘ ਦੀਵਾਨਾ ਨੇ ਕੇਵਲ ਨਾਥਾਂ ਸਿੱਧਾਂ ਦੇ ਸੰਕੇਤ ਮਾਤਰ ਹਵਾਲੇ ਹੀ ਦਿੱਤੇ ਸਨ। ਇਹਨਾਂ ਸੰਕੇਤਾਂ ਨੂੰ ਸਨਮੁੱਖ ਰੱਖਦਿਆਂ, ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਨਾਥਾਂ ਸਿੱਧਾਂ ਬਾਰੇ ਕਈ ਵਾਦ-ਵਿਵਾਦ ਉਤਪੰਨ ਹੋਏ। ਇਹਨਾਂ ਵਾਦ-ਵਿਵਾਦਾਂ ਨਾਲ ਪੰਜਾਬੀ ਸਾਹਿਤ ਦੇ ਇਤਿਹਾਸ ਲਈ ਉਸਾਰੂ ਕੰਮ ਹੋਇਆ ਹੈ। ਡਾ: ਮੋਹਨ ਸਿੰਘ ਦੀਵਾਨਾ ਤੋਂ ਬਾਅਦ ਨਾਥਾਂ-ਸਿੱਧਾਂ ਬਾਰੇ, ਹੋਰ ਭਾਸ਼ਾਵਾਂ ਵਿਚੋਂ ਸਭ ਤੋਂ ਪਹਿਲੀ ਸੰਪਾਦਨਾ ਪੀਤਾਂਬਰ ਦੱਤ ਬੜਥਵਾਲ ਦੀ ਹੈ। ਇਸ ਦੇ ਸੰਪਾਦਿਤ ਗ੍ਰੰਥ ਵਿਚ ਕੇਵਲ ਗੋਰਖ-ਬਾਣੀ ਦਰਜ ਹੈ ਅਤੇ ਇਸੇ ਕਾਰਣ ਇਸ ਦਾ ਨਾਮ 'ਗੋਰਖ ਬਾਣੀ' ਰੱਖਿਆ ਗਿਆ। ਇਹ ਵੀ ਹਵਾਲਾ ਮਿਲਦਾ ਹੈ ਕਿ ਪੀਤਾਂਬਰ ਦੱਤ ਬੜਥਵਾਲ ਨੇ ਕੁਝ ਹੋਰ ਨਾਥ-ਸਿੱਧਾਂ ਦੀ ਬਾਣੀ ਦਾ ਸੰਗ੍ਰਹਿ ਵੀ ਤਿਆਰ

ਕਰ ਲਿਆ ਸੀ ਜੋ ਅਪ੍ਰਕਾਸ਼ਿਤ ਹੀ ਰਿਹਾ ਅਤੇ ਉਹ ਸੁਰਗਵਾਸ ਹੋ ਗਏ। 'ਗੋਰਖ ਬਾਣੀ' ਸੰਬੰਧੀ ਸੁਵਿਸਥਾਰ ਵਿਵੇਚਨ, ਗੋਰਖ ਨਾਥ ਦੀ ਸਾਹਿਤ ਦੇਣ ਵਿਚ ਕੀਤਾ ਜਾਵੇਗਾ। ਇਥੇ ਇਨ੍ਹਾਂ ਉਲੇਖ ਕਰਨਾ ਜ਼ਰੂਰੀ ਹੈ ਕਿ ਇਸ ਵਿਚ ਗੋਰਖਨਾਥ ਦੇ ਚਾਲੀ ਗ੍ਰੰਥਾਂ ਦਾ ਬਿਓਰਾ ਦਿੱਤਾ ਹੈ, ਜਿਹਨਾਂ ਵਿਚੋਂ ਕਈਆਂ ਦਾ ਆਕਾਰ, ਇਕ ਪੰਨੇ ਤੋਂ ਵੀ ਘੱਟ ਹੈ।

ਇਸ ਉਪ੍ਰੰਤ ਰਾਹੁਲ ਸਾਂਕ੍ਰਿਤਿਆਇਨ, ਧਰਮਵੀਰ ਭਾਰਤੀ ਅਤੇ ਕਲਿਆਣੀ ਮਲਿਕ ਨੇ ਵੀ ਨਾਥਾਂ-ਸਿੱਧਾਂ ਦੀਆਂ ਰਚਨਾਵਾਂ ਦਾ ਵਿਵੇਚਨ ਪ੍ਰਸਤੁਤ ਕੀਤਾ ਹੈ। ਇਹਨਾਂ ਯਤਨਾਂ ਉਪ੍ਰੰਤ ਹਜ਼ਾਰੀ ਪ੍ਰਸਾਦਿ ਦਿਵੇਦੀ ਦੁਆਰਾ ਸੰਪਾਦਿਤ ਸੰਗ੍ਰਹਿ 'ਨਾਥ ਸਿੱਧੋਂ ਕੀ ਬਾਨੀਆਂ' ਅਤੀ ਮਹੱਤਵਪੂਰਨ ਹੈ। ਇਸ ਵਿਚ 24 ਨਾਥ-ਸਿੱਧਾਂ ਦੀਆਂ ਰਚਨਾਵਾਂ ਸ਼ਾਮਿਲ ਹਨ। ਇਹਨਾਂ ਰਚਨਾਵਾਂ ਦੇ ਸ੍ਰੋਤ ਤਿੰਨ ਹੱਥ-ਲਿਖਤ ਗ੍ਰੰਥਾਂ ਦਾ ਬਿਓਰਾ ਇਸ ਪ੍ਰਕਾਰ ਹੈ—

(ੳ) ਨਾਗਰੀ ਪ੍ਰਚਾਰਨੀ ਸਭਾ ਕਾਸ਼ੀ ਦੀ ਆਰੀਆ ਭਾਸ਼ਾ ਲਾਇਬ੍ਰੇਰੀ ਵਿਚ ਸੁਰੱਖਿਅਤ ਪ੍ਰਤੀ, ਜਿਸ ਦਾ ਲਿਪੀਕਾਲ ਸੰਮਤ 1771 ਬਿਕ੍ਰਮੀ ਹੈ। ਇਸ ਵਿਚ ਗੋਰਖ, ਚਰਪਟ, ਭਰਥਰੀ ਗੋਪੀਨਾਥ ਅਤੇ ਚੌਰੰਗੀ ਤੋਂ ਇਲਾਵਾ 9 ਹੋਰ ਨਾਥ-ਸਿੱਧਾਂ ਦੀਆਂ ਰਚਨਾਵਾਂ ਹਨ।

(ਅ) ਨਾਗਰੀ ਪ੍ਰਚਾਰਨੀ ਸਭਾ ਕਾਸ਼ੀ ਦੀ ਆਰੀਆ ਭਾਸ਼ਾ ਲਾਇਬ੍ਰੇਰੀ ਵਿਚ ਸੁਰੱਖਿਅਤ ਇਕ ਹੋਰ ਪ੍ਰਤੀ, ਜਿਸ ਦਾ ਲਿਪੀਕਾਲ ਸੰਮਤ 1836 ਬਿਕ੍ਰਮੀ ਹੈ। ਇਸ ਵਿਚ ਮਛੰਦਰ, ਗੋਰਖ, ਚਰਪਟ, ਭਰਥਰੀ, ਗੋਪੀਨਾਥ ਅਤੇ ਚੌਰੰਗੀ ਤੋਂ ਇਲਾਵਾ ਹੋਰ ਉੱਨੀ ਨਾਥ-ਸਿੱਧਾਂ ਦੀਆਂ ਰਚਨਾਵਾਂ ਹਨ।

(ੲ) ਤੀਸਰੀ ਪ੍ਰਤੀ ਵੀ ਨਾਗਰੀ ਪ੍ਰਚਾਰਨੀ ਸਭਾ, ਕਾਸ਼ੀ ਦੀ ਆਰੀਆ ਭਾਸ਼ਾ ਲਾਇਬ੍ਰੇਰੀ ਵਿਚ ਇਕ ਹੋਰ ਸੁਰੱਖਿਅਤ ਪ੍ਰਤੀ ਹੈ ਜਿਸ ਦਾ ਲਿਪੀਕਾਲ 1855-56 ਹੈ ਅਤੇ ਇਸ ਵਿਚ ਇਕ ਗੋਰਖ, ਭਰਥਰੀ, ਗੋਪੀਚੰਦ, ਚਰਪਟ, ਚੌਰੰਗੀ ਤੋਂ ਇਲਾਵਾ ਚਾਲੀ ਹੋਰ ਨਾਥ-ਸਿੱਧਾਂ ਦੀਆਂ ਰਚਨਾਵਾਂ ਦਾ ਹਵਾਲਾ ਮਿਲਦਾ ਹੈ।

ਲਿਪੀਕਾਲ ਦੇ ਆਧਾਰ ਤੇ ਇਹ ਪ੍ਰਤੀਲਿਪੀਆਂ 18ਵੀਂ ਸਦੀ ਦੀਆਂ ਉੱਤਰਵਰਤੀ ਹਨ ਅਤੇ ਇਸ ਤਰ੍ਹਾਂ, ਇਹਨਾਂ ਦੀ ਪ੍ਰਮਾਣਕਤਾ ਸੰਦਿਗਧ ਹੀ ਹੈ। ਇਸ ਦੇ ਬਾਵਜੂਦ ਸੰਗ੍ਰਹਿ ਕਰਤਾ ਨੇ ਪਰਾਕ ਭਾਸ਼ਾ ਅੰਸ਼ਾਂ ਦੀ ਸੰਭਾਵਨਾ ਵਿਅਕਤ ਕੀਤੀ ਹੈ। ਇਹਨਾਂ ਰਚਨਾਵਾਂ ਦਾ ਉੱਚਿਤ ਸਥਾਨਾਂ ਤੇ ਹਵਾਲੇ ਦੇ ਕੇ ਵਿਵੇਚਨ ਕੀਤਾ ਜਾਵੇਗਾ।

ਨਾਥ-ਸਿੱਧ ਸਾਹਿਤ ਬਾਰੇ ਡਾ: ਮੋਹਨ ਸਿੰਘ ਦੀਵਾਨਾ ਨੇ ਵੀ ਕੁਝ ਹਵਾਲੇ ਦਿੱਤੇ ਹਨ।

ਨਾਥ-ਸਿੱਧ ਸਾਹਿਤ ਪ੍ਰਮਾਣਕਤਾ

ਕਿਸੇ ਕਾਲ ਦੀ ਸਾਹਿਤ ਉਪਲਬਧੀ ਤਿੰਨ ਸ੍ਰੋਤਾਂ ਤੇ ਆਧਾਰਿਤ ਮੰਨੀ ਜਾਂਦੀ ਹੈ—

(ੳ) ਰਾਜਸੀ ਸਹਿਯੋਗ ਰਾਹੀ, ਰਾਜਸੀ ਪੁਸਤਕਾਲਿਆਂ ਵਿਚ ਸੁਰੱਖਿਅਤ।

(ਅ) ਧਾਰਮਿਕ ਸੰਪ੍ਰਦਾਇਕ ਸੰਸਥਾਵਾਂ ਰਾਹੀਂ, ਜੋ ਕਿ ਪੁਰਾਤਨ ਮੱਠਾਂ ਜਾਂ ਸਥਾਨਾਂ ਵਿਚ ਸੁਰੱਖਿਅਤ ਰਹਿ ਸਕਦੀ ਹੈ।

(ੲ) ਜਨਤਾ ਦੇ ਪ੍ਰੇਮ ਤੇ ਪ੍ਰੋਤਸਾਹਨ ਰਾਹੀਂ ਸਾਂਭੀਆਂ ਜਾਂ ਮੌਖਿਕ ਕੰਠ।

ਪੰਜਾਬੀ ਸਾਹਿਤ ਦੇ ਪੂਰਵ-ਨਾਨਕ ਕਾਲ ਦੀ ਰਾਜਨੀਤਿਕ ਸਥਿਤੀ ਨੂੰ ਮੁੱਖ ਰੱਖਦਿਆਂ, (ੳ) ਸ੍ਰੋਤ ਰਾਹੀਂ ਨਾਥ-ਸਿੱਧ ਸਾਹਿਤ ਦੀ ਉਪਲਬਧੀ ਸੰਭਵ ਪ੍ਰਤੀਤ ਨਹੀਂ ਹੁੰਦੀ ਹੈ ਕਿਉਂਕਿ ਸਮੁੱਚੇ ਤੌਰ ਤੇ ਇਹ ਕਾਲ ਅਰਾਜਕਤਾ, ਅਸ਼ਾਂਤੀ, ਘੁੱਧਮਈ ਅਤੇ ਅਸੰਤੁਲਨ ਸੀ। (ਅ) ਸ੍ਰੋਤ ਨਾਥ-ਸਿੱਧ ਸਾਹਿਤ ਦੀ ਉਪਲਬਧੀ ਲਈ ਸਭ ਤੋਂ ਵੱਧ ਵਿਸ਼ੇਸ਼ਤਾ ਰੱਖਦਾ ਹੈ। ਇਸ ਸ੍ਰੋਤ ਦੇ ਆਧਾਰ ਤੇ ਕੁਝ ਰਚਨਾਵਾਂ ਉਪਲਬੱਧ ਵੀ ਹੋਈਆਂ ਹਨ ਪਰ ਉਹ ਅਪ੍ਰਮਾਣਕ ਹੀ ਹਨ। ਐਸੀਆਂ ਜੋ ਵੀ ਪ੍ਰਤੀਲਿਪੀਆਂ ਉਪਲਬਧ ਹੋਈਆਂ ਹਨ ਉਹਨਾਂ ਦਾ ਲਿਪੀਕਾਲ ਉੱਤਰਵਰਤੀ ਹੈ। (ੲ) ਸ੍ਰੋਤ ਰਾਹੀਂ ਪ੍ਰਾਪਤ ਨਾਥ-ਸਿੱਧ ਸਾਹਿਤ ਉੱਕਾ ਹੀ ਭਰੋਸੇ ਯੋਗ ਨਹੀਂ ਮੰਨਿਆ ਜਾ ਸਕਦਾ। ਐਸੀਆਂ ਉਪਲਬਧੀਆਂ ਆਮ ਹਨ ਪਰੰਤੂ ਅਨੁਸੰਧਾਨਕ ਵਰਗ ਨੂੰ ਇਹਨਾਂ ਦੇ ਉਪਯੋਗ ਸਮੇਂ ਬੜੀ ਸਤਰਕਤਾ ਵਰਤਣੀ ਪਵੇਗੀ। ਨਰੇਂਦ੍ਰ ਧੀਰ, ਇਸ ਤਰ੍ਹਾਂ ਦੀ ਉਪਲਬਧੀ ਤੇ ਹੀ ਭਰੋਸਾ ਕਰਦਾ ਹੈ।

ਜਿਹਨਾਂ ਪਰਿਸਥਿਤੀਆਂ ਵਿਚ ਨਾਥ-ਸਿੱਧ ਸਾਹਿਤ ਉਪਲਬਧ ਹੋਇਆ ਹੈ, ਉਸ ਦੇ ਆਧਾਰ ਉਤੇ, ਇਸ ਸਾਹਿਤ ਦੀ ਪ੍ਰਮਾਣਕਤਾ ਤੇ ਕਿੰਤੂ ਕਰਨਾ ਸੁਭਾਵਕ ਹੈ ਇਹਨਾਂ ਦਾ ਵਧੇਰੇ ਸਾਹਿਤ ਹੱਥ-ਖਰੜਿਆਂ ਦੇ ਰੂਪ ਵਿਚ ਪ੍ਰਾਪਤ ਹੋਇਆ। ਇਹਨਾਂ ਖਰੜਿਆਂ ਦੀ ਜਾਣਕਾਰੀ ਉਪ੍ਰੰਤ ਹੀ ਕੋਈ ਨਿਰਣਾ ਕਰਨਾ ਉੱਚਿਤ ਹੋਵੇਗਾ। 'ਗੋਰਖ ਬਾਣੀ' ਸਾਨੂੰ ਦਸ ਹੱਥ-ਲਿਖਿਤ ਖਰੜਿਆਂ ਦੇ ਰੂਪ ਵਿਚ ਵੱਖ-ਵੱਖ ਸਥਾਨਾਂ ਤੋਂ ਪ੍ਰਾਪਤ ਹੁੰਦੀ ਹੈ।

ਸੰਪਾਦਕ ਨੇ ਖੁਦ ਇਹਨਾਂ ਗ੍ਰੰਥਾਂ ਦੀ ਪ੍ਰਮਾਣਿਕਤਾ ਤੇ ਕਿੰਤੂ ਕੀਤਾ ਹੈ ਅਤੇ ਸ਼ਬਦੀ ਨੂੰ ਗੋਰਖਨਾਥ ਦੀ ਸਭ ਤੋਂ ਪ੍ਰਮਾਣਕ ਕ੍ਰਿਤ ਮੰਨਿਆ ਹੈ। ਇਹਨਾਂ ਹੱਥ-ਖਰੜਿਆਂ ਦਾ ਲਿਪੀਕਾਲ 1658-1798 ਈ. ਦੇ ਵਿਚ ਮੰਨਿਆ ਜਾ ਸਕਦਾ ਹੈ ਅਤੇ ਇਸੇ ਤਰ੍ਹਾਂ ਇਹ ਸਮਾਂ ਪੰਜਾਬੀ ਸਾਹਿਤ ਦੇ ਪੂਰਵ-ਨਾਨਕ ਕਾਲ ਦੀ ਅੰਤਮ ਸੀਮਾਂ ਤੋਂ ਕੋਈ ਸਾਢੇ ਕੁ ਤਿੰਨ ਸਾਲ ਦਾ ਅੰਤਰ ਰੱਖਦਾ ਹੈ ਅਤੇ ਗੋਰਖ ਨਾਥ ਦੇ ਵਿਚਰਨ ਕਾਲ ਤੋਂ ਕੋਈ ਛੇ ਕੁ ਸੌ ਸਾਲ ਉਤਰਵਰਤੀ। ਐਸਾ ਅੰਤਰ ਨਿਰਸੰਦੇਹ ਅਪ੍ਰਮਾਣਕਤਾ ਅਤੇ ਸੰਦਿਗਧਤਾ ਦਾ ਲਖਾਇਕ ਹੈ। ਇਹਨਾਂ ਖਰੜਿਆਂ ਦਾ ਕਤਾਬਾਂ ਅਤੇ ਸ਼ਰਧਾਲੂਆਂ ਹੱਥੋਂ ਵੀ ਅਵੱਸ਼ ਪਰਿਵਰਤਨ ਹੋਇਆ ਹੋਵੇਗਾ। ਇਸੇ ਲਈ ਇਹਨਾਂ ਵਿਚ ਉੱਤਰਵਰਤੀ ਭਾਸ਼ਾ ਰੂਪਾਂ ਦਾ ਮਿਸ਼ਰਣ ਹੋ ਗਿਆ ਹੈ। ਕਿਸੇ ਰਚਨਾ ਦੇ ਲੋਕਾਂ ਦੇ ਮੂੰਹੀਂ ਚੜ੍ਹਨ ਨਾਲ ਜਿੱਥੇ ਉਸ ਵਿਚ ਅੰਤਰ ਆ ਜਾਂਦਾ ਹੈ, ਉੱਥੇ ਐਸਾ ਆਧਾਰ, ਉਸ ਦੀ ਲੋਕ ਪ੍ਰਸਿੱਧੀ ਦਾ ਵੀ ਕਾਰਨ ਬਣਦਾ ਹੈ। ਸੰਤ ਸਿੰਘ ਸੇਖੋਂ ਦਾ ਵੀ ਮਤ ਹੈ ਕਿ ਨਾਥਾਂ-ਸਿੱਧਾਂ ਦੀ ਪ੍ਰਸਿੱਧੀ ਕਾਰਣ ਉਹਨਾਂ ਦੀਆਂ ਰਚਨਾਵਾਂ ਲੋਕਾਂ ਦੇ ਮੂੰਹੀਂ ਚੜ੍ਹ ਗਈਆਂ ਅਤੇ ਜ਼ਬਾਨੀ ਇਹਨਾਂ ਵਿਚ ਫ਼ਰਕ ਆ ਜਾਣਾ ਸੁਭਾਵਕ ਹੈ।

ਨਾਥ-ਸਿੱਧੋਂ ਕੀ ਬਾਨੀਆਂ ਵਿਚ ਦਰਜ ਨਾਥ-ਸਿੱਧ ਸਾਹਿਤ ਵੀ ਲਗਭਗ ਐਸੇ ਕਾਰਨਾਂ ਕਰਕੇ ਹੀ ਅਪ੍ਰਮਾਣਕ ਸਮਝਿਆ ਜਾਂਦਾ ਹੈ। ਨਾਥ ਸਿੱਧੋਂ ਕੀ ਬਾਨੀਆਂ ਦੇ ਪ੍ਰਕਾਸ਼ਨ ਨਾਲ, ਸਭ ਤੋਂ ਮਹੱਤਵਪੂਰਨ ਤੱਥ ਪ੍ਰਗਟ ਹੁੰਦਾ ਹੈ ਕਿ ਨਾਥਾਂ, ਸਿੱਧਾਂ ਅਤੇ ਜੋਗੀਆਂ ਦੀ ਇਕ ਭਾਰੀ ਗਿਣਤੀ, ਸਾਹਿਤ ਸਿਰਜਨਾ ਵਿਚ ਜੁਟੀ ਹੋਈ ਸੀ ਅਤੇ ਇਸ ਕਰਕੇ ਇਸ ਪੁਸਤਕ ਵਿਚ ਚੌਵੀ ਪ੍ਰਸਿੱਧ ਨਾਥ-ਸਿੱਧਾਂ ਦਾ ਵਰਨਣ ਮਿਲਦਾ ਹੈ।

ਡਾ: ਮੋਹਨ ਸਿੰਘ ਦੀਵਾਨਾ ਨੇ ਗੋਰਖਨਾਥ ਦੀ 'ਰਾਮਕਲੀ' ਅਤੇ ਚਰਪਟ ਨਾਥ ਦੇ ਸਲੋਕਾਂ ਦੇ ਨਮੂਨੇ ਦਿੱਤੇ ਹਨ। ਗੋਰਖਨਾਥ ਦੀ ਬਾਣੀ ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ, ਲਾਹੌਰ ਦੇ ਹੱਥ-ਖਰੜਾ ਨੰ: 374 ਦਾ ਹਵਾਲਾ ਦਿੱਤਾ ਹੈ ਅਤੇ ਚਰਪਟ ਨਾਥ ਦੇ ਸਲੋਕਾਂ ਦਾ ਸ੍ਰੋਤ ਹਾਫਿਜ਼-ਉਲ-ਉਲੂਮ ਪ੍ਰਾਈਵੇਟ ਲਾਇਬ੍ਰੇਰੀ, ਚਾਂਗਰ ਮੁਹੱਲਾ, ਲਾਹੌਰ ਦੇ ਹੱਥ-ਖਰੜੇ ਨੰ: 512 ਦਾ ਹਵਾਲਾ ਦਿੱਤਾ ਹੈ। ਇਹ ਹੱਥ-ਖਰੜਾ 1711 ਈ. ਵਿਚ ਨਕਲ ਕੀਤਾ ਦੱਸਿਆ ਹੈ।

ਇਹਨਾਂ ਸਾਧਨਾਂ ਤੋਂ 1711 ਈ. ਦਾ ਨਕਲ ਕੀਤਾ, ਹੱਥ-ਖਰੜਾ ਵੀ ਪ੍ਰਮਾਣਿਕ ਨਹੀਂ ਮੰਨਿਆ ਜਾ ਸਕਦਾ।

ਪ੍ਰਾਪਤ ਨਾਥ-ਸਿੱਧ ਸਾਹਿਤ ਵਿਚੋਂ ਹੇਠ ਲਿਖੇ ਤੱਥ ਉਜਾਗਰ ਹੁੰਦੇ ਅਨੁਭਵ ਕੀਤੇ ਜਾ ਸਕਦੇ ਹਨ–

(ੳ) ਉਪਲਬਧ ਨਾਥ-ਸਿੱਧ ਸਾਹਿਤ ਦੇ ਅੰਤਰੰਗ ਅਤੇ ਬਾਹਰੰਗ ਹਵਾਲੇ ਇਸ ਦੀ ਪ੍ਰਮਾਣਕਤਾ ਵਿਚ ਵਿਘਨ ਹਨ।

(ਅ) ਪ੍ਰਾਪਤ ਨਾਥ-ਸਿੱਧ ਸਾਹਿਤ ਵਿਚ ਉੱਤਰਵਰਤੀ ਭਾਸ਼ਾਈ ਅੰਸ਼ਾਂ ਦੇ ਮਿਸ਼ਰਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

(ੲ) ਸੰਦਿਗਧਾ ਦੇ ਬਾਵਜੂਦ, ਨਾਥ-ਸਿੱਧ ਸਾਹਿਤ ਵਿਚ ਪਰਾਕ-ਭਾਸ਼ਾਈ ਅਤੇ ਸਾਹਿਤਕ ਅੰਸ਼ਾਂ ਦੀ ਸੰਭਾਵਨਾ ਨੂੰ ਵੀ ਰੱਦ ਨਹੀਂ ਕੀਤਾ ਜਾ ਸਕਦਾ।

(ਸ) ਮੌਖਿਕ ਪਰੰਪਰਾ ਰਾਹੀਂ ਪ੍ਰਾਪਤ ਨਾਥ-ਸਿੱਧ ਸਾਹਿਤ, ਇਸ ਦੀ ਲੋਕ-ਪ੍ਰਸਿੱਧੀ ਦਾ ਪ੍ਰਮਾਣ ਹੈ।

(ਹ) ਲੋਕ-ਪ੍ਰਸਿੱਧੀ ਦਾ ਪ੍ਰਮੁੱਖ ਆਧਾਰ ਸਥਾਨਕ ਲੋਕ-ਭਾਸ਼ਾਵਾਂ ਦੀ ਵਰਤੋਂ ਹੀ ਮੰਨੀ ਜਾ ਸਕਦੀ ਹੈ ਅਤੇ ਨਿਸ਼ਚਿਤ ਰੂਪ ਵਿਚ ਲੋਕ-ਬੋਲੀ ਪੰਜਾਬੀ ਨੂੰ ਵੀ ਇਹਨਾਂ ਨੇ, ਆਪਣੀ ਸੰਪ੍ਰਦਾ ਦੇ ਪ੍ਰਚਾਰ ਲਈ ਵਰਤਿਆ ਹੋਵੇਗਾ।

(ਕ) ਹੱਥ-ਲਿਖਿਤ ਖਰੜਿਆਂ ਵਿਚ ਲਿਪੀਕਾਰਾਂ, ਕਿਤਾਬਾਂ ਅਤੇ ਸ਼ਰਧਾਲੂਆਂ ਦੇ ਹਸਤਖੇਪ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

(ਖ) ਨਾਥਾਂ, ਸਿੱਧਾਂ ਦੀ ਵੱਡੀ ਗਿਣਤੀ ਵੱਲੋਂ ਆਪਣੀ ਸੰਪ੍ਰਦਾ ਦੇ ਪ੍ਰਚਾਰ ਲਈ ਰਚਨਾਵਾਂ ਸਿਰਜਨ ਦੀ ਸੰਭਾਵਨਾ ਕੀਤੀ ਜਾ ਸਕਦੀ ਹੈ। ਸ੍ਰੋਤਾਂ ਦੇ ਆਧਾਰ ਤੇ, ਇਹ ਕਹਿਣਾ ਕਾਫੀ ਕਠਨ ਹੈ ਕਿ ਪ੍ਰਾਪਤ ਨਾਥ-ਸਿੱਧ ਸਾਹਿਤ, ਸਚਮੁੱਚ ਉਸੇ ਨਾਥ-ਸਿੱਧ ਦਾ ਹੀ ਹੈ ਜਿਸ ਨਾਲ ਸੰਬੰਧਤ ਕੀਤਾ ਜਾਂਦਾ ਹੈ।

(ਘ) ਨਾਥ-ਸਿਧ ਸਾਹਿਤ ਵਧੇਰੇ ਕਰਕੇ 18ਵੀਂ ਸਦਾ ਵਿਚ ਨਕਲ ਕੀਤੇ ਹੱਥ-ਲਿਖਤ ਖਰੜਿਆਂ ਵਿਚੋ ਪ੍ਰਾਪਤ ਹੈ ਅਤੇ ਤੱਥ ਇਹਨਾਂ ਦੀ ਪ੍ਰਮਾਣਕਤਾ ਲਈ ਵੱਡਾ ਵਿਘਨ ਹੈ।

ਇਹਨਾਂ ਭ੍ਰਾਂਤੀਆਂ ਨੂੰ ਸਨਮੁੱਖ ਰਖਦਿਆਂ, ਖਾਸ ਕਰਕੇ, ਅਨੁਸੰਧਾਨਿਕ ਵਰਗ ਨੂੰ ਇਹਨਾਂ ਵਿਕ੍ਰਿਤ ਰਚਨਾਵਾਂ ਦੇ ਪ੍ਰਯੋਗ ਸਮੇਂ ਬੜੀ ਸਤਰਕਤਾ ਦੀ ਅਵੱਸ਼ਕਤਾ ਹੈ। ਪਰੰਤੂ ਉਪਲਬਧ ਨਾਥ-ਸਿੱਧ ਸਾਹਿਤ ਨੂੰ ਪੰਜਾਬੀ ਸਾਹਿਤ ਦੇ ਪੂਰਵ-ਨਾਨਕ ਕਾਲ ਵਿਚੋਂ ਬਿਲਕੁਲ ਖਾਰਜ ਕਰ ਦੇਣਾ ਵੀ ਉੱਚਿਤ ਨਹੀਂ। ਇਸੇ ਕਾਰਨ ਨਾਥ-ਸਿੱਧ ਧਾਰਾ ਨੂੰ ਸ਼ੁਧ ਭਾਰਤੀ ਮੰਨਦਿਆਂ, ਇਸ ਨੂੰ ਗੁਰਮਤਿ ਵਿਚ ਪਰਿਵਰਤਿਤ ਹੋਈ ਮੰਨਿਆ ਜਾਂਦਾ ਹੈ ਅਤੇ ਇਸ ਦੇ ਚਿੰਤਨ, ਸ਼ੈਲੀ ਅਤੇ ਸੋਮਿਆਂ ਦਾ ਪ੍ਰਭਾਵ, ਗੁਰੂ ਸਾਹਿਬ ਉਤੇ ਪਿਆ ਸਵੀਕਾਰ ਕੀਤਾ ਜਾਂਦਾ ਹੈ। ਪ੍ਰਾਪਤ ਨਾਥ-ਸਿੱਧ ਸਾਹਿਤ ਨੂੰ ਕਰੜੇ ਮਾਪ-ਦੰਡਾਂ ਤੇ ਮਾਪਣਾ ਵੀ ਉੱਚਿਤ ਨਹੀਂ ਅਤੇ ਇਹਨਾਂ ਤੇ ਅਪ੍ਰਮਾਣਕਤਾ, ਉੱਤਰਵਰਤੀ, ਭਾਸ਼ਾਈ ਹਸਤਖੇਪਾਂ ਦੇ ਆਰੋਪ ਲਾਏ ਜਾ ਸਕਦੇ ਹਨ ਪਰੰਤੂ ਬਿਲਕੁਲ ਨਕਾਰਨਾ ਯਥਾ ਯੋਗ ਨਹੀਂ।

**ਨਾਥ-ਸਿੱਧ ਸਾਹਿਤ : ਸਾਹਿਤਕਤਾ ਬਨਾਮ ਅਸਾਹਿਤਕਤਾ**—ਨਾਥ-ਸਿੱਧ ਸਾਹਿਤ ਦਾ ਵਿਵੇਚਨ ਕਰਨ ਤੋਂ

ਪਹਿਲਾਂ ਇਹ ਪੁਸ਼ਟੀ ਕਰਨੀ ਉਚਿਤ ਹੈ ਕਿ ਇਸ ਨੂੰ ਸ਼ੁੱਧ ਸਾਹਿਤ ਸਵੀਕਾਰਦਿਆਂ, ਪੰਜਾਬੀ ਸਾਹਿਤ ਦੇ ਪੂਰਵ-ਨਾਨਕ ਕਾਲ ਦਾ ਅਟੁੱਟ ਅੰਗ ਮੰਨਿਆ ਜਾਣਾ ਚਾਹੀਦਾ ਹੈ ਜਾਂ ਨਹੀਂ ? ਨਾਥ-ਸਿੱਧ ਸਾਹਿਤ ਨੂੰ ਸ਼ੁੱਧ ਸਾਹਿਤਕ ਤੱਤਾਂ ਤੋਂ ਊਣਾ ਮੰਨ ਕੇ, ਇਸ ਉੱਤੇ ਅਸਾਹਿਤਕਤਾ ਦਾ ਦੋਸ਼ ਲਾਇਆ ਜਾਂਦਾ ਹੈ। ਨਾਥ-ਸਿੱਧਾਂ ਦੀਆਂ ਰਚਨਾਵਾਂ ਵਾਂਗ ਤਾਂਤ੍ਰਿਕ ਵਿਧਾਨ, ਜੋਗ ਸਾਧਨਾ, ਆਤਮ ਨਿਗ੍ਰਹ, ਸਵਾਸ ਵਿਰੋਧ, ਭੋਤਕੀ ਚੱਕਰ, ਨਾਤੀ ਸਥਿਤੀ, ਅੰਤਰਮੁਖੀ ਸਾਧਨਾ ਆਦਿ ਸੰਪ੍ਰਦਾਇ ਸਿੱਖਿਆ-ਮਾਤਰ ਹਨ। ਇਸ ਤਰ੍ਹਾਂ ਜੀਵਨ ਦੀਆਂ ਸੁਭਾਵਕ ਅਨੁਭੂਤੀਆਂ ਅਤੇ ਦਿਸ਼ਾਵਾਂ ਨਾਲ ਉਹਨਾਂ ਦਾ ਕੋਈ ਸੰਬੰਧ ਨਹੀਂ ਲੱਗਦਾ। ਇਸ ਲਈ ਇਹਨਾਂ ਰਚਨਾਵਾਂ ਨੂੰ ਸ਼ੁੱਧ ਸਾਹਿਤਕ ਤੱਤਾਂ ਤੋਂ ਊਣਾ ਮੰਨ ਕੇ, ਅਸਾਹਿਤਕਤਾ ਦਾ ਆਰੋਪ ਲਾਇਆ ਜਾਂਦਾ ਹੈ ਤੇ ਜੋਤਿਸ਼, ਆਯੁਰਵੈਦਿਕ ਆਦਿ ਗ੍ਰੰਥ ਮੰਨਣ ਦੀ ਸਲਾਹ ਦਿੱਤੀ ਜਾਂਦੀ ਹੈ। ਹਿੰਦੀ ਆਚਾਰੀਆਂ ਵਿਚ ਇਹ ਵਿਵਾਦੀ ਚਰਚਾਜਨਕ ਰਿਹਾ ਹੈ ਅਤੇ ਲਗਭਗ ਹੁਣ ਸਥਾਪਤ ਮਤ ਹੈ ਕਿ ਨਾਥ-ਸਿੱਧ ਸਾਹਿਤ ਨੂੰ, ਸਾਹਿਤ ਦਾ ਅਟੁੱਟ ਅੰਗ ਮੰਨਿਆ ਜਾਵੇ। ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਨੇ, ਨਾਥ-ਸਿੱਧ ਸਾਹਿਤ ਨੂੰ ਕਿਸੇ ਵੀ ਕਸਵੱਟੀ ਤੇ ਨਹੀਂ ਪਰਖਿਆ ਅਤੇ ਇਸ ਨੂੰ ਪੰਜਾਬੀ ਭਾਸ਼ਾ ਅਤੇ ਸਾਹਿਤ ਦਾ ਮੁੱਢਲਾ ਸਰੂਪ ਸਵੀਕਾਰਦਿਆਂ, ਪੰਜਾਬੀ ਸਾਹਿਤ ਦੇ ਇਤਿਹਾਸ ਦਾ ਅਟੁੱਟ ਅੰਗ ਮੰਨਿਆ ਹੈ। ਡਾ: ਮੋਹਨ ਸਿੰਘ ਦੀਵਾਨਾ, ਨਾਥ-ਸਿੱਧ ਸਾਹਿਤ ਨੂੰ ਆਦਿ ਕਾਲ ਦੀ ਸਾਹਿਤ ਸ੍ਰਿਸ਼ਟੀ ਦਾ ਮਹੱਤਵਪੂਰਨ ਅੰਗ ਮੰਨਦਾ ਹੈ। ਸੰਤ ਸਿੰਘ ਸੇਖੋਂ ਨੇ ਇਸ ਨੂੰ ਪੰਜਾਬੀ ਸਾਹਿਤ ਦਾ ਪਰਾਕ-ਰੂਪ ਮੰਨਿਆ ਹੈ। ਡਾ: ਗੁਪਾਲ ਸਿੰਘ ਦਰਦੀ ਨੇ ਭਾਸ਼ਾ ਸੰਦਿਗਧਤਾ ਨੂੰ ਮੰਨਦਿਆਂ ਵੀ ਇਸ ਨੂੰ ਪੰਜਾਬੀ ਸਾਹਿਤ ਦੇ ਪੂਰਵ-ਨਾਨਕ ਕਾਲ ਦਾ ਅੰਗ ਮੰਨਿਆ ਹੈ ਅਤੇ ਡਾ: ਕਾਲਾ ਸਿੰਘ ਬੇਦੀ ਤਾਂ ਨਾਥ-ਸਿੱਧ ਸਾਹਿਤ ਨੂੰ ਪੂਰਵ-ਨਾਨਕ ਕਾਲ ਦਾ ਅਤਿਅੰਤ ਮਹੱਤਵਪੂਰਨ ਸਾਹਿਤ ਮੰਨਦਿਆਂ ਇਸ ਦਾ ਵਿਵੇਚਨ ਕਰਦਾ ਹੈ।

ਨਾਥ-ਸਿੱਧ ਰਚਨਾਵਾਂ ਉੱਤੇ ਅਸਾਹਿਤਕਤਾ ਦਾ ਆਰੋਪ ਲਾਉਣਾ ਉਚਿਤ ਨਹੀਂ। ਇਹਨਾਂ ਨੂੰ ਸਿਰਫ਼ ਸੰਪ੍ਰਦਾਇਕ ਸਾਧਨਾਵਾਂ ਦੀਆਂ ਸਿੱਖਿਆ ਤੋਂ ਬਿਨਾਂ, ਹੋਰ ਮਾਨਵੀ ਕਦਰਾਂ ਤੇ ਪਰਖਣਾ ਚਾਹੀਦਾ ਹੈ। ਮਾਨਵ ਜੀਵਨ ਦੇ ਆਰੋਗ ਪੱਖ ਵੀ ਇਹਨਾਂ ਰਚਨਾਵਾਂ ਦਾ ਕੇਂਦਰੀ ਧੁਰਾ ਹਨ। ਬੁੱਧ ਧਰਮ ਵਿਚ ਜਿੱਥੇ ਨਿਵ੍ਰਿਤੀ ਮੂਲਕ ਦੁਖਦਾਈ ਅਤੇ ਕਸ਼ਟਮਈ ਸਾਧਨਾ ਹੈ ਉੱਥੇ ਨਾਥ-ਸਿੱਧਾਂ ਨੇ ਸੁੱਖ ਅਤੇ ਭੋਗ ਦੇ ਜੀਵਨ ਦੀ ਮਹੱਤਤਾ ਨੂੰ ਸਲਾਹਿਆ ਹੈ। ਇਸ ਦੇ ਨਾਲ-ਨਾਲ ਸਦਾਚਾਰਕ ਗੁਣਾਂ ਦੀ ਮਹੱਤਤਾ, ਊਚ-ਨੀਚ ਦੀ ਸਮਾਨਤਾ ਅਤੇ ਸਹਿਜ ਭਾਵਾਤਮਕ ਅਨੁਭੂਤੀਆਂ ਨੂੰ ਮਹੱਤਤਾ ਦਿਤੀ ਹੈ। ਇਸੇ ਕਾਰਨ ਨਾਥ-ਸਿਧ ਸੰਪ੍ਰਦਾ ਲੋਕ-ਪ੍ਰਸਿੱਧੀ ਹਾਸਲ ਕਰਦੀ ਹੈ। ਇਓਂ ਨਾਥ-ਸਿੱਧ ਸਾਹਿਤ ਨੂੰ ਸ਼ੁੱਧ ਸਾਹਿਤਕ ਤੱਤਾਂ ਤੋਂ ਊਣਾ ਮੰਨਣਾ ਉਚਿਤ ਨਹੀਂ।

ਭਾਸ਼ਾ ਦੀ ਦ੍ਰਿਸ਼ਟੀ ਤੋਂ ਵੀ ਨਾਥ-ਸਿੱਧ ਸਾਹਿਤ ਮਹੱਤਤਾ ਰੱਖਦਾ ਹੈ ਅਤੇ ਇਹਨਾਂ ਵਿਚ ਉੱਤਰਵਰਤੀ ਭਾਸ਼ਾਈ ਮਿਸ਼ਰਣ ਦੇ ਨਾਲ-ਨਾਲ ਪਰਾਕ-ਭਾਸ਼ਾਈ ਤੱਤਾਂ ਦੀ ਬਹੁਲਤਾ ਵੀ ਮੌਜੂਦ ਹੈ। ਉੱਤਰਵਰਤੀ ਸਾਹਿਤ ਲਈ ਨਾਥ-ਸਿੱਧ ਸਾਹਿਤ ਪ੍ਰੇਰਨਾ ਸ੍ਰੋਤ ਹੈ। ਅਧਿਆਤਮਕ ਪਰੰਪਰਾ ਵਿਚ ਇਸ ਦੇ ਯੋਗਦਾਨ ਤੋਂ ਸਿਰ ਨਹੀਂ ਫੇਰਿਆ ਜਾ ਸਕਦਾ। ਇਸ ਦੇ ਦਰਸ਼ਨ ਦਾ ਸਰੂਪ, ਜਿੱਥੇ ਭਗਤ ਕਬੀਰ ਵਿਚ ਸਪਸ਼ਟ ਰੂਪ ਵਿਚ ਮਿਲਦਾ ਹੈ, ਉੱਥੇ ਗੁਰੂ ਸਾਹਿਬਾਨ ਦੀਆਂ ਰਚਨਾਵਾਂ ਵਿਚ ਵੀ ਇਸ ਦੀ ਭਿੱਜ ਦੇਖੀ ਜਾ ਸਕਦੀ ਹੈ। ਨਾਥ-ਸਿੱਧ ਸਾਹਿਤ ਨੂੰ ਸਾਹਿਤਕ ਪਰੰਪਰਾ ਵਿਚੋਂ ਮਨਫ਼ੀ ਕਰਨਾ ਸਾਹਿਤ ਸੰਕੀਰਣਤਾ ਹੈ ਅਤੇ ਐਸਾ ਕਰਨ ਨਾਲ ਨਾ ਸਿਰਫ ਪੰਜਾਬੀ ਸਾਹਿਤ ਸਗੋਂ ਸਮੁੱਚੀਆਂ ਭਾਰਤੀ ਭਾਸ਼ਾਵਾਂ ਆਪਣੇ ਪੂਰਵ-ਵਰਤੀ ਗੌਰਵਮਈ ਸਾਹਿਤ ਤੋਂ ਹੱਥ ਧੋ ਬੈਠਣਗੀਆਂ।

### ਨਾਥ-ਸਿੱਧਾਂ ਦੇ ਸਾਹਿਤ ਦੀ ਕਾਲ ਸੀਮਾ

ਨਾਥ-ਸਿੱਧਾਂ ਦੇ ਸਾਹਿਤ ਨੂੰ ਇਹਨਾਂ ਦੇ ਉਪਲਬਧ ਸਰੂਪ ਵਿਚ ਗ੍ਰਹਿਣ ਕਰਦਿਆਂ ਅਤੇ ਸਾਹਿਤ ਪ੍ਰਵਾਨ ਕਰਦਿਆਂ, ਇਹਨਾਂ ਦਾ ਰਚਨਾਕਾਲ ਨਿਸ਼ਚਿਤ ਕਰਨਾ ਅਵੱਸ਼ਕ ਬਣ ਜਾਂਦਾ ਹੈ। ਕਿਸੇ ਵੀ ਰਚਨਾ ਦੀ ਮਹੱਤਤਾ ਉਸ ਨੂੰ ਰਚਨਾ ਕਾਲ ਅਤੇ ਰਚਨਾਕਾਰ ਉੱਤੇ ਆਧਾਰਿਤ ਹੁੰਦੀ ਹੈ। ਪ੍ਰਾਪਤ ਨਾਥ-ਸਿੱਧ ਸਾਹਿਤ ਦੀ ਪ੍ਰਮਾਣਿਕਤਾ ਜਿੱਥੇ ਸੰਦਿਗਧ ਹੈ ਉੱਥੇ ਇਹਨਾਂ ਦਾ ਰਚਨਾ ਕਾਲ ਨਿਸ਼ਚਿਤ ਕਰਨਾ ਵੀ ਸਰਲ ਨਹੀਂ ਹੈ। ਨਾਥ-ਸਿੱਧ ਸਾਹਿਤ ਦੀ ਕਾਲ ਸੀਮਾ ਨਿਸ਼ਚਿਤ ਕਰਨ ਲਈ ਹੇਠ ਲਿਖੇ ਆਧਾਰ ਮੰਨੇ ਜਾ ਸਕਦੇ ਹਨ—

(ੳ) ਪ੍ਰਤਿਲਿਪੀਆਂ ਦੇ ਅੰਤਰੰਗ ਹਵਾਲਿਆਂ ਦੇ ਆਧਾਰ ਉੱਤੇ,

(ਅ) ਇਤਿਹਾਸਕ ਜਾਂ ਅਰਧ-ਇਤਿਹਾਸਕ ਹਵਾਲਿਆਂ ਨੂੰ ਆਧਾਰ ਬਣਾ ਕੇ,

(ੲ) ਸਮਕਾਲੀਨ ਲੇਖਕਾਂ ਵਲੋਂ ਸੰਕੇਤਾਂ ਨੂੰ ਆਧਾਰ ਬਣਾ ਕੇ,

(ਸ) ਦੰਤ-ਕਥਾਵਾਂ ਦੇ ਆਧਾਰ ਉੱਤੇ।

ਉਪਲਬਧ ਨਾਥ-ਸਿੱਧ ਸਾਹਿਤ ਦੀ ਪ੍ਰਾਪਤੀ, ਜਿਹਨਾਂ ਪ੍ਰਤੀਲਿਪੀਆਂ ਦੇ ਆਧਾਰ ਉੱਤੇ ਹੋਈ ਹੈ, ਉਹ ਲਗਭਗ 17ਵੀਂ ਸਦੀ ਜਾਂ ਇਸ ਤੋਂ ਉੱਤਰਵਰਤੀ ਹਨ। ਇਹਨਾਂ ਪ੍ਰਤੀਲਿਪੀਆਂ ਵਿਚੋਂ ਕਿਸੇ ਵੀ ਐਸੇ ਅੰਤਰੰਗ ਹਵਾਲਿਆਂ ਦੀ ਉਪਲਬਧੀ ਨਹੀਂ ਹੁੰਦੀ, ਜੋ ਨਾਥ-ਸਿੱਧਾਂ ਦੀ ਕਾਲ-ਸੀਮਾ ਨਿਸ਼ਚਿਤ ਕਰਨ ਵਿਚ ਸਹਾਇਕ ਸਿੱਧ ਹੋ ਸਕਣ। ਇਸ ਲਈ ਪਹਿਲਾ ਆਧਾਰ ਜਿੱਥੇ ਸਭ ਤੋਂ ਵੱਧ ਭਰੋਸੇਯੋਗ ਹੈ, ਉੱਥੇ ਤਾਰਕਿਕ ਦ੍ਰਿਸ਼ਟੀ ਤੋਂ ਨਿਰਾਸ਼ਾਮਈ ਸਿੱਧ ਹੁੰਦਾ ਹੈ।

ਕੁਝ ਇਤਿਹਾਸਕ ਜਾਂ ਅਰਧ-ਇਤਿਹਾਸਕ ਹਵਾਲੇ ਵੀ ਨਾਥ-ਸਿੱਧਾਂ ਦੀ ਕਾਲ ਸੀਮਾ ਨਿਰਧਾਰਨ ਕਰਨ ਲਈ ਮਹੱਤਵਪੂਰਨ ਮੰਨੇ ਜਾ ਸਕਦੇ ਹਨ। ਪਰੰਤੂ ਨਾਥ-ਸਿੱਧਾਂ ਬਾਰੇ ਇਤਿਹਾਸਕ ਪਰਿਪੇਖ ਤੋਂ ਦੇਖਦਿਆਂ ਸ਼ੱਕ ਪ੍ਰਗਟ ਕੀਤਾ ਜਾਂਦਾ ਹੈ ਕਿ ਗੋਰਖ ਨਾਥ ਕੋਈ ਇਤਿਹਾਸਕ ਵਿਅਕਤੀ ਸੀ, ਸਗੋਂ ਲੋਕ ਮਨਾਂ ਵਿਚ ਉਤਰਦਿਆਂ ਸ਼ਿਵ ਦਾ ਬਿੰਬ ਮਾਤਰ ਹੈ। ਐਸਾ ਅਧਿਐਨ ਕਈ ਭ੍ਰਾਂਤੀਆਂ ਨੂੰ ਜਨਮ ਦੇਂਦਾ ਹੈ। ਫਿਰ ਵੀ ਇਸ ਆਧਾਰ ਨੂੰ ਦ੍ਰਿਸ਼ਟੀਗੋਚਰ ਰਖਦਿਆਂ, ਗੋਰਖ ਨਾਥ ਤੇ ਮਛੰਦਰ ਨਾਥ ਦਾ ਸਮਾਂ ਨਿਸ਼ਚਿਤ ਕੀਤਾ ਗਿਆ ਹੈ।

ਸਮਕਾਲੀਨ ਲੇਖਕਾਂ ਵਲੋਂ ਸੰਕੇਤਾਂ ਦੇ ਆਧਾਰ ਉੱਤੇ ਵੀ, ਨਾਥ-ਸਿੱਧਾਂ ਦੀ ਕਾਲ-ਸੀਮਾ ਨਿਸ਼ਚਿਤ ਕੀਤੀ ਜਾ ਸਕਦੀ ਹੈ। ਪੰਜਾਬੀ ਸਾਹਿਤ ਦੇ ਪੂਰਵ-ਨਾਨਕ ਕਾਲ ਵਿਚ ਸਭ ਤੋਂ ਪ੍ਰਸਿੱਧ ਸ਼ਖਸੀਅਤ ਸ਼ੇਖ਼ ਫ਼ਰੀਦੁ-ਦੀਨ ਮਸਊਦ ਗੰਜਸ਼ੱਕਰ ਹੈ। ਉਸ ਦੇ ਨਾਂ ਨਾਲ ਸੰਬੰਧਤ ਉਪਲਬਧ ਰਚਨਾਵਾਂ ਜਾਂ ਬਾਹਰੰਗ ਦਸਤਾਵੇਜ਼ਾਂ ਵਿਚ, ਕਿਸੇ ਨਾਥ-ਸਿੱਧ ਦਾ ਹਵਾਲਾ ਨਹੀਂ ਮਿਲਦਾ। ਇਸ ਤਰ੍ਹਾਂ ਐਸਾ ਯਤਨ ਵੀ ਨਿਰਾਸ਼ਾਜਨਕ ਸਿੱਧ ਹੁੰਦਾ ਹੈ।

ਦੰਦ-ਕਥਾਵਾਂ ਦਿਲਚਸਪ ਹੁੰਦਿਆਂ ਹੋਇਆਂ ਵੀ ਪ੍ਰਮਾਣਿਕ ਆਧਾਰ ਨਹੀਂ ਮੰਨੀਆਂ ਜਾ ਸਕਦੀਆਂ। ਗੋਰਖ ਨਾਥ ਮਛੰਦਰ ਨਾਥ ਜਾਂ ਹੋਰ ਨਾਥ-ਸਿੱਧਾਂ ਦੀ ਲੋਕ-ਪ੍ਰਸਿੱਧੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਹਨਾਂ ਦੀ ਪ੍ਰਸਿੱਧੀ ਵਧੇਰੇ ਕਰਕੇ ਲੋਕ-ਪੱਧਤੀ ਉਤੇ ਸੀ। ਦੰਦ-ਕਥਾਵਾਂ ਨੂੰ ਆਧਾਰ ਬਣਾ ਕੇ ਵੀ ਨਾਥ-ਸਿੱਧਾਂ ਦੀ ਕਾਲ-ਸੀਮਾ ਦਾ ਯਤਨ ਕੀਤਾ ਗਿਆ ਹੈ। ਐਸੇ ਯਤਨਾਂ ਸਦਕਾ, ਨਾਥ-ਸਿੱਧਾਂ ਦੀ ਕਾਲ ਸੀਮਾ ਸੱਤਵੀਂ ਸਦੀ ਤੋਂ 14ਵੀਂ ਸਦੀ ਤਕ ਨਿਸ਼ਚਿਤ ਕੀਤੀ ਜਾਂਦੀ ਹੈ। ਇਸ ਪਰਿਪੇਖ ਵਿਚ ਬ੍ਰਿਗਸ ਦਾ ਨਾਮ ਵਿਸ਼ੇਸ਼ ਮਹੱਤਤਾ ਰੱਖਦਾ ਹੈ।

ਇਸ ਤਰ੍ਹਾਂ, ਦੰਦ ਕਥਾਵਾਂ ਦੇ ਆਧਾਰ ਉਤੇ ਨਾਥ-ਸਿੱਧਾਂ ਦੀ ਕਾਲ ਸੀਮਾਂ ਨਿਰਧਾਰਨ ਕਰਨੀ ਔਖੇਰੀ ਕਰਕੇ ਅਨੁਮਾਨ-ਪ੍ਰਧਾਨ ਹੀ ਹੋਵੇਗੀ।

ਉਪਰੋਕਤ ਆਧਾਰਾਂ ਦੀ ਸਹਾਇਤਾ ਨਾਲ ਨਾਥ-ਸਿੱਧਾਂ ਦੀ ਕਾਲ-ਸੀਮਾਂ ਨਿਰਧਾਰਨ ਕਰਨ ਦੇ ਪ੍ਰਯਾਸ ਕੀਤੇ ਗਏ ਅਤੇ ਕਈ ਭ੍ਰਾਂਤੀਆਂ ਅਤੇ ਵਾਦ-ਵਿਵਾਦਾਂ ਨੂੰ ਜਨਮ ਦਿੱਤਾ ਹੈ। ਨਾਥ-ਸਿੱਧਾਂ ਦੀ ਕਾਲ ਸੀਮਾਂ ਨਿਸ਼ਚਿਤ ਕਰਨ ਲਈ, ਇਕ ਹੋਰ ਆਧਾਰ ਵੀ ਦ੍ਰਿਸ਼ਟੀਗੋਚਰ ਕੀਤਾ ਜਾ ਸਕਦਾ ਹੈ। ਅਗਰ ਸਾਨੂੰ ਕਿਸੇ ਇਕ ਨਾਥ-ਸਿੱਧ ਦਾ ਸਮਾਂ ਪਤਾ ਲਗ ਜਾਏ ਤਾਂ ਵੀ ਨਾਥ-ਸਿੱਧਾਂ ਦੀ ਕਾਲ ਸੀਮਾਂ ਨਿਸ਼ਚਿਤ ਕੀਤੀ ਜਾ ਸਕਦੀ ਹੈ।

ਲਗਭਗ ਇਹ ਸਥਾਪਤ ਅਵਧਾਰਨਾ ਹੈ ਕਿ ਨਾਥ-ਸਿੱਧ ਸੰਪ੍ਰਦਾ ਦੇ ਮੋਢੀ ਮਛੰਦਰ ਨਾਥ ਹਨ ਅਤੇ ਉਹਨਾ ਦੇ ਚੇਲੇ ਤੇ ਸਮਕਾਲੀ ਗੋਰਖ ਨਾਥ ਹਨ। ਇਸ ਲਈ ਜੇ ਇਹਨਾਂ ਦੋਹਾਂ ਵਿਚੋਂ ਕਿਸੇ ਇਕ ਕਾਲ ਦੀ ਸੋਝੀ ਹੋ ਜਾਵੇ ਤਾਂ ਨਾਥ-ਸਿੱਧਾਂ ਦੇ ਵਿਚਰਨ ਕਾਲ ਬਾਰੇ ਅਨੁਮਾਨ ਲਾਇਆ ਜਾ ਸਕਦਾ ਹੈ। ਕੁਝ ਇਤਿਹਾਸਕ/ ਅਰਧ ਇਤਿਹਾਸਕ ਹਵਾਲੇ ਅਤੇ ਦੰਦ-ਕਥਾਵਾਂ ਨੂੰ ਆਧਾਰ ਬਣਾ ਕੇ ਮਛੰਦਰ ਨਾਂਤ ਜਾਂ ਗੋਰਖ ਨਾਥ ਦਾ ਸਮਾਂ ਨਿਸ਼ਚਿਤ ਕੀਤਾ ਜਾ ਸਕਦਾ ਹੈ–

(ੳ) ਮਛੰਦਰ ਨੇ ਸੰਸਕ੍ਰਿਤ ਗ੍ਰੰਥ **'ਕੌਲ ਗਿਆਨ ਨਿਰਣਯ'** ਲਿਖਿਆ ਜਿਸ ਦਾ ਲਿਪੀਕਾਲ 11ਵੀਂ ਸਦੀ ਤੋਂ ਪੂਰਵਵਰਤੀ ਨਿਸ਼ਚਿਤ ਕੀਤਾ ਗਿਆ ਹੈ।

(ਅ) ਪ੍ਰਸਿੱਧ ਕਸ਼ਮੀਰੀ ਅਚਾਰੀਆ ਅਭਿਨਵ ਗੁਪਤ ਨੇ ਆਪਣੀ ਰਚਨਾ **'ਤੰਤਰਾਲੋਕ'** ਵਿਚ ਮਛੰਦਰ ਵਿਭੂ ਨੂੰ ਨਮਸਕਾਰ ਕੀਤਾ ਹੈ। ਮਛੰਦਰ ਵਿਭੂ ਮਛੰਦਰ ਨਾਥ ਹੀ ਹੋ ਸਕਦਾ ਹੈ। ਅਭਿਨਵ ਗੁਪਤਾ ਦਾ ਸਮਾਂ 991-1015 ਈ: ਦਾ ਹੈ। ਨਿਸ਼ਚਿਤ ਤੌਰ ਤੇ ਮਛੰਦਰ ਨਾਥ ਅਭਿਨਵ ਗੁਪਤ ਤੋਂ ਇਕ ਡੇਢ ਸਦੀ ਪਹਿਲਾਂ ਪੈਦਾ ਹੋਇਆ ਹੋਵੇਗਾ। ਤਾਂ ਹੀ ਅਭਿਨਵ ਗੁਪਤ ਉਸ ਨੂੰ ਨਮਸਕਾਰ ਕਰਦਾ ਹੈ। ਅਭਿਨਵ ਗੁਪਤ ਦੇ ਸਮੇਂ ਤਕ ਮਛੰਦਰ ਨਾਥ ਕਾਫੀ ਪ੍ਰਸਿੱਧੀ ਅਤੇ ਮਾਨਤਾ ਪ੍ਰਾਪਤ ਕਰ ਚੁੱਕਾ ਹੋਵੇਗਾ। ਇਸ ਤਰ੍ਹਾਂ ਮਛੰਦਰ ਦਾ ਸਮਾਂ ਹਰ ਹਾਲਤ ਵਿਚ ਦਸਵੀਂ ਸਦੀ ਨਿਸ਼ਚਿਤ ਕੀਤੀ ਜਾ ਸਕਦੀ ਹੈ।

(ੲ) ਮੀਨਪਾ ਸਿੱਧ ਨੂੰ ਤਿੱਬਤੀ ਪਰੰਪਰਾ ਅਨੁਸਾਰ ਮਛੰਦਰ ਨਾਥ ਦਾ ਪਿਤਾ ਮੰਨਿਆ ਗਿਆ ਹੈ, ਜੋ ਰਾਜਾ ਦੇਵਪਾਲ (809-49) ਦਾ ਸਮਕਾਲੀ ਸੀ ਅਤੇ ਇਸ ਤਰ੍ਹਾਂ ਵੀ ਮਛੰਦਰ ਨਾਥ ਦਸਵੀਂ ਸਦੀ ਦੇ ਪਹਿਲੇ ਅੱਧ ਜਾਂ ਅੰਤਲੇ ਭਾਗ ਵਿਚ ਹੋਇਆ ਮੰਨਿਆ ਜਾ ਸਕਦਾ ਹੈ।

(ਸ) ਇਸ ਮੱਤ ਨੂੰ ਪ੍ਰਵਾਨ ਕਰਨ ਲਈ ਇਕ ਹੋਰ ਮਹੱਤਵਪੂਰਨ ਪ੍ਰਮਾਣ ਵੀ ਦਿੱਤਾ ਜਾ ਸਕਦਾ ਹੈ। ਮਰਾਠੀ ਸਾਹਿਤ ਦੀ ਪਰੰਪਰਾ ਵਿਚ ਪ੍ਰਮਾਣ ਮਿਲਦਾ ਹੈ ਕਿ ਗਹਿਣੀ ਨਾਥ ਗੋਰਖ ਨਾਥ ਦਾ ਚੇਲਾ ਸੀ। ਗਹਿਣੀ ਨਾਥ ਨੇ ਨਵਿਰਤ ਨਾਥ ਨੂੰ ਯੋਗਮਤ ਲਈ ਪਰੰਗਤ ਕਰਕੇ ਯੋਗਮਤ ਦਿੱਤਾ। ਨਵਿਰਤ ਨਾਥ ਗਿਆਨ ਦੇਵ ਦਾ ਵੱਡਾ ਭਰਾ ਸੀ। ਗਿਆਨ ਦੇਵ ਨੇ ਮਰਾਠੀ ਵਿਚ **'ਗਿਆਨੇਸ਼ਵਰੀ'** ਦੀ ਰਚਨਾ ਕੀਤੀ ਜੋ 'ਗੀਤਾ' ਤੇ ਆਧਾਰਤ ਹੈ। ਚਕ੍ਰਧਰ, ਮਹਾਨੁਭਵ ਮਤ ਦਾ ਪ੍ਰਚਾਰਕ ਸੀ ਅਤੇ ਮਹਾਨੁਭਵ ਮਤ ਦੀ ਸਮੁੱਚੀ ਫਿਲਾਸਫੀ ਦਾ ਆਧਾਰ **'ਗਿਆਨੇਸ਼ਵਰੀ'** ਹੈ। ਇਸ ਤਰ੍ਹਾਂ ਪ੍ਰਵਾਨ ਕੀਤਾ ਜਾ ਸਕਦਾ ਹੈ ਕਿ ਮਹਾਨੁਭਵ ਮਤ ਦੇ ਦਰਸ਼ਨ ਤੋਂ ਪੂਰਵ **'ਗਿਆਨੇਸ਼ਵਰੀ'** ਕਾਫੀ ਪ੍ਰਚਲਿਤ ਗ੍ਰੰਥ

ਸੀ। ਚਕ੍ਰਧਰ ਦਾ ਸਮਾਂ 1263 ਈ. ਪ੍ਰਵਾਨਤ ਹੈ। ਗਿਆਨਦੇਵ, ਚਕ੍ਰਧਰ ਤੋਂ ਅਵੱਸ਼ ਹੀ ਸਦੀ ਡੇਢ ਸਦੀ ਪਹਿਲਾਂ ਹੋਏ ਹੋਣਗੇ ਅਤੇ ਉਹਨਾਂ ਨੂੰ 12ਵੀਂ ਸਦੀ ਪਹਿਲੇ ਅੱਧ ਵਿਚ ਹੋਏ ਮੰਨਿਆ ਜਾ ਸਕਦਾ ਹੈ। ਗਿਆਨ ਦੇਵ ਦੇ ਵੱਡੇ ਭਰਾ ਨਵਿਰਤ ਨਾਥ ਸਨ। ਸੋ ਉਹਨਾਂ ਦਾ ਸਮਾਂ 11ਵੀਂ ਸਦੀ ਦਾ ਦੂਜਾ ਅੱਧ ਮੰਨਿਆ ਜਾ ਸਕਦਾ ਹੈ। ਨਵਿਰਤ ਨਾਥ ਨੇ ਗਹਿਣੀ ਨਾਥ ਤੋਂ ਯੋਗਮਤ ਗ੍ਰਹਿਣ ਕੀਤਾ। ਗਹਿਣੀ ਨਾਥ ਅਵੱਸ਼ ਹੀ ਮਾਨਤਾ ਪ੍ਰਾਪਤ ਕਰ ਚੁਕੇ ਸਨ ਅਤੇ ਨਵਿਰਤ ਨਾਥ ਤੋਂ ਕਾਫੀ ਵੱਡੇ ਹੋਣਗੇ। ਇਸ ਤਰ੍ਹਾਂ ਗਹਿਣੀ ਨਾਥ ਦਾ ਸਮਾਂ 10ਵੀਂ ਸਦੀ ਦਾ ਦੂਜਾ ਅੱਧ ਮੰਨਿਆ ਜਾ ਸਕਦਾ ਹੈ। ਗਹਿਣੀਨਾਥ ਨੇ ਗੋਰਖਨਾਥ ਕੋਲੋਂ ਯੋਗਮਤ ਹਾਸਲ ਕੀਤਾ ਅਤੇ ਗਹਿਣੀਨਾਥ ਗੋਰਖਨਾਥ ਦੇ ਪਿਛਲੇਰੇ ਚੇਲਿਆਂ ਵਿਚੋਂ ਸਨ। ਇਸ ਤਰ੍ਹਾਂ ਗੋਰਖਨਾਥ ਦਾ ਸਮਾਂ 10ਵੀਂ ਸਦੀ ਨਿਰਧਾਰਨ ਕੀਤਾ ਜਾਂ ਸਕਦਾ ਹੈ।

ਮਛੰਦਰਨਾਥ ਤੇ ਗੋਰਖਨਾਥ ਸਮਕਾਲੀਨ ਤੇ ਗੁਰਭਾਈ ਸਨ। ਇਸ ਲਈ ਦੋਹਾਂ ਦਾ ਸਮਾਂ ਦਸਵੀਂ ਸਦੀ ਮੰਨਣ ਵਿਚ ਕੋਈ ਝਿਜਕ ਨਹੀਂ ਰਹਿੰਦੀ। ਜਿੰਨੀ ਦੇਰ, ਹੋਰ ਪ੍ਰਮਾਣਕ ਤੱਥ ਹੱਥ ਨਹੀਂ ਲਗਦੇ ਅਤੇ ਨਾਥ-ਸਿੱਧਾਂ ਦੇ ਜੀਵਨ ਅਤੇ ਕਾਲ ਜਾਂ ਰਚਨਾਕਾਲ ਬਾਰੇ ਪ੍ਰਮਾਣਕ ਜਾਣਕਾਰੀ ਉਪਲਬਧ ਨਹੀਂ ਹੁੰਦੀ ਉਤਨੀ ਦੇਰ ਮਛੰਦਰ ਤੇ ਗੋਰਖ ਦਾ ਸਮਾਂ ਦਸਵੀਂ ਸਦੀ ਤੋਂ ਮੰਨ ਕੇ ਨਾਥ-ਸਿੱਧਾਂ ਦੀ ਕਾਲ-ਸੀਮਾਂ ਦਸਵੀਂ ਸੀਮਾਂ ਤੋਂ ਆਰੰਭ ਹੋਈ ਮੰਨਣਯੋਗ ਹੈ। ਐਸੇ ਨਿਸ਼ਕਰਸ਼ ਨੂੰ ਮੁੱਖ ਰੱਖ ਕੇ ਹੀ, ਇਸ ਕਾਲ ਦਾ ਆਰੰਭ 1000 ਈਸਵੀ ਤੋਂ ਮੰਨਿਆ ਗਿਆ ਹੈ। ਇਸ ਸੰਪ੍ਰਦਾ ਦੇ ਉੱਤਰਵਰਤੀ/ਸਮਕਾਲੀਨ ਅਨੁਆਈ ਚੌਰੰਗੀ ਨਾਥ, ਚਰਪਟ ਨਾਥ ਅਤੇ ਰਤਨ ਨਾਥ ਆਦਿ ਮੰਨੇ ਜਾਂਦੇ ਹਨ। ਨਾਥ-ਸਿੱਧਾਂ ਦੀ ਅੰਤਮ ਸੀਮਾ 12ਵੀਂ 13ਵੀਂ ਸਦੀ ਹੀ ਰੱਖੀ ਜਾ ਸਕਦੀ ਹੈ।

------

# ਸੂਫੀ ਸਾਹਿਤ

ਸੂਫੀ ਸਾਹਿਤ ਪੰਜਾਬੀ ਸਾਹਿਤ ਦੇ ਪੂਰਵ-ਨਾਨਕ ਕਾਲ ਦਾ ਸਭ ਤੋ ਮਹੱਤਵਪੂਰਨ ਅਤੇ ਵਿਸ਼ੇਸ਼ ਅੰਗ ਸਵੀਕਾਰ ਕੀਤਾ ਜਾਂਦਾ ਹੈ। ਇਸ ਦਾ ਪ੍ਰਮੁੱਖ ਕਾਰਨ ਪ੍ਰਾਪਤ ਸੂਫੀ ਸਾਹਿਤ ਦੀ ਪ੍ਰਮਾਣਿਕਤਾ ਮੰਨੀ ਜਾਂਦੀ ਹੈ। ਆਦਿ ਗ੍ਰੰਥ ਵਿਚ ਸੰਕਲਿਤ ਫ਼ਰੀਦ ਬਾਣੀ ਨੂੰ ਪ੍ਰਮਾਣਿਕ ਸਵੀਕਾਰ ਕਰਦਿਆਂ ਅਤੇ ਸ਼ੇਖ਼ ਫ਼ਰੀਦੁਦੀਨ ਮਸਊਦ ਸ਼ੱਕਰਗੰਜਿ ਨੂੰ ਪ੍ਰਾਪਤ ਬਾਣੀ ਦਾ ਕਰਤਾ ਮੰਨਦਿਆਂ, ਪੰਜਾਬੀ ਸਾਹਿਤ ਦੇ ਪੂਰਵ-ਨਾਨਕ ਕਾਲ ਦੇ ਸੂਫੀ ਸਾਹਿਤ ਨੂੰ ਪ੍ਰਾਰੰਭਿਕ ਸੂਫੀ ਕਾਵਿਧਾਰਾ ਦਾ ਉਤਕ੍ਰਿਸ਼ਟ ਅੰਗ ਮੰਨਿਆ ਜਾਂਦਾ ਹੈ। ਇਥੋਂ ਤਕ ਕਿ ਬਾਬਾ ਫ਼ਰੀਦ ਨੂੰ ਆਧੁਨਿਕ ਭਾਰਤੀ ਭਾਸ਼ਾਵਾਂ ਦੇ ਪਹਿਲੇ ਸਾਹਿਤਕਾਰ ਮੰਨਣ ਦੀ ਪ੍ਰਥਾ ਵੀ ਮਿਲਦੀ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਸੂਫੀ ਕਾਵਿ ਧਾਰਾ ਇਕ ਜੀਵੰਤ ਅਤੇ ਪ੍ਰਾਣਵੰਤ ਰੂਪ ਵਿਚ ਪ੍ਰਵਾਹਿਤ ਰਹੀ ਹੈ ਅਤੇ ਇਸ ਦੇ ਮੋਢੀ ਬਾਬਾ ਫ਼ਰੀਦ ਹੀ ਮੰਨੇ ਜਾਂਦੇ ਹਨ। ਸੂਫੀਮਤ ਵਿਦੇਸ਼ੀ ਅਤੇ ਵਿਜਾਤੀ ਹੁੰਦਾ ਹੋਇਆ ਵੀ, ਭਾਰਤੀ ਧਾਰਮਿਕ ਜੀਵਨ ਦਾ ਵਿਸ਼ੇਸ਼ ਅੰਗ ਬਣਿਆ। ਇਸ ਦਾ ਵਿਰੋਧਾਭਾਸ ਇਹ ਹੈ ਕਿ ਜਿੱਥੇ ਸੱਤਾਧਾਰੀ ਵਰਗ ਸ਼ਸਤਰ ਬਲ ਦੁਆਰਾ ਵਿਜੇ ਹਾਸਲ ਕਰ ਰਿਹਾ ਸੀ, ਉਥੇ ਸੂਫੀਮਤ (ਉਸ ਵਰਗ ਦਾ ਇਕ ਸਮੁਦਾਇ) ਆਤਮਬਲ ਦੇ ਸਹਾਰੇ ਪੀੜਤ ਜਨਤਾ ਦੇ ਘਰੀਂ ਪ੍ਰੇਮ-ਸੰਦੇਸ਼ ਪਹੁੰਚਾ ਰਿਹਾ ਸੀ। ਪੰਜਾਬੀ ਸੂਫੀ ਸਾਹਿਤ ਨਿਰੋਲ ਭਾਰਤੀ ਉਪਜ ਨਹੀਂ ਸਗੋਂ ਬਾਹਰੋਂ ਆਈ ਵਿਚਾਰਧਾਰਾ ਹੈ। ਪੰਜਾਬੀ ਸੂਫੀ ਸਾਹਿਤ ਦਾ ਮੂਲ ਸੋਮਾ ਅਰਬ ਤੇ ਈਰਾਨ ਦਾ ਸੂਫੀ ਸਾਹਿਤ ਹੈ ਪਰੰਤੂ ਪ੍ਰਗਟਾ ਢੰਗ ਸਥਾਨਕ ਮਰਯਾਦਾ ਅਨੁਕੂਲ ਮੰਨਿਆ ਜਾਂਦਾ ਹੈ।

ਲਗਭਗ ਇਹ ਸਥਾਪਤ ਧਾਰਨਾ ਹੈ ਕਿ ਮਨੁੱਖੀ ਸਭਿਅਤਾ ਦਾ ਵਿਨਾਸ਼ ਇਕ ਨਵੇਂ ਧਾਰਮਿਕ ਪ੍ਰਬੰਧ ਦੀ ਮੰਗ ਕਰਦਾ ਹੈ। ਇਸਲਾਮ ਦੇ ਪ੍ਰਵੇਸ਼ ਸੰਬੰਧੀ ਵੀ ਐਸਾ ਹੀ ਮਤ ਪ੍ਰਚਲਿਤ ਹੈ। ਸਮਕਾਲੀਨ ਧਰਮ-ਉਦੇਸ਼ਕ ਅਤੇ ਧਰਮ-ਰਖਿਅਕ, ਲੋਕਾਂ ਪ੍ਰਤੀ ਵਿਸ਼ਵਾਸ ਗੁਆ ਬੈਠੇ ਸਨ ਅਤੇ ਸਿੱਟੇ ਵਜੋਂ ਇਕਲ ਨਵੇਂ ਧਰਮ ਦੀ ਸਿਰਜਨਾ ਹੋਈ। ਇਸਲਾਮ ਦੇ ਪ੍ਰਵੇਸ਼ ਸੰਬੰਧੀ ਇਤਿਹਾਸਕਾਰਾਂ ਦਾ ਵੀ ਐਸਾ ਹੀ ਨਿਰਨਾ ਹੈ। ਪੱਛਮ ਵਿਚ ਬਰਬਰ ਅਵਸਥਾ ਦੇ ਫੈਲਾਉ, ਏਸ਼ੀਆ, ਸੀਰੀਆ ਅਤੇ ਮਿਸਰੀ ਕੌਮਾਂ ਵਿਚ ਮਨੁੱਖੀ ਮਨੋਭਾਵਾਂ ਦੀ ਅਣਹੋਂਦ, ਨਿਰੰਕੁਸ਼ ਸ਼ਾਸਨ ਦੀ ਪ੍ਰਧਾਨਤਾ ਦਾ ਵਿਨਾਸ਼ ਅਤੇ ਪਾਰਸੀ ਸਲਤਨਤ ਦੀ ਅੰਦਰੂਨੀ ਸ਼ਕਤੀ ਦਾ ਖੇਰੂ-ਖੇਰੂ ਹੋਣਾ ਆਦਿ, ਇਸਲਾਮ ਦੇ ਪ੍ਰਵੇਸ਼ ਕਰਨ ਦੇ ਕਾਰਨ ਨਿਰਧਾਰਤ ਕੀਤੇ ਜਾਂਦੇ ਹਨ। ਇਸਲਾਮ ਧਰਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਸਨ ਜਿਹਨਾਂ ਦਾ ਜਨਮ ਮੱਕਾ ਦੇ ਅਰਬੀ ਕੁਰੈਸ਼ ਕਬੀਲੇ ਵਿਚ 570 ਈਸਵੀ ਨੂੰ ਹੋਇਆ। ਇਸਲਾਮ ਦੇ ਪ੍ਰਵੇਸ਼ ਨਾਲ ਸੰਸਾਰ ਦੀ ਰਾਜਨੀਤਿਕ, ਸਾਂਸਕ੍ਰਿਤਕ ਅਤੇ ਦਾਰਸ਼ਨਿਕ ਸਥਿਤੀ ਵਿਚ ਜ਼ਬਰਦਸਤ ਪਰਿਵਰਤਨ ਆਇਆ। ਇਸਲਾਮ ਦੇ ਇਕ ਸ਼ਬਦੀ ਅਰਥ ਪਰਮਾਤਮਾ ਵਿਚ ਵਿਸ਼ਵਾਸ ਹੈ ਅਤੇ ਇਸੇ ਅਭਿਧਾਰਨਾ ਨੂੰ ਹਮੇਸ਼ਾਂ ਗ੍ਰਹਿਣ

ਕਰਨਾ ਹੈ। ਇਸਲਾਮ ਦੇ ਡਿਕਸ਼ਨਰੀ ਅਰਥ ਹਨ : ਰੱਬ ਦੇ ਹੁਕਮ ਅੱਗੇ ਝੁਕਣਾ। ਹਜ਼ਰਤ ਮੁਹੰਮਦ ਸਾਹਿਬ ਨੇ ਇਸਲਾਮ ਦੀ ਸੰਚਾਰਨਾ ਤਲਵਾਰ ਦੇ ਜ਼ੋਰ ਨਾਲ ਕੀਤੀ ਅਤੇ ਤਲਵਾਰ ਨੂੰ ਬਹਿਸ਼ਤ ਅਤੇ ਦੋਜ਼ਖ ਦੀ ਕੁੰਜੀ ਦੱਸਿਆ। ਉਹਨਾਂ ਦਾ ਦਾਅਵਾ ਸੀ ਕਿ ਉਹ ਰੱਬ ਦੇ ਭੇਜੇ ਹੋਏ ਪੈਗੰਬਰ ਹਨ ਅਤੇ ਜਿਹਨਾਂ ਰੱਬ ਦੇ ਇਸ ਹੁਕਮ ਦੇ ਅੱਗੇ ਸਿਰ ਝੁਕਾਇਆ ਅਤੇ ਹਜ਼ਰਤ ਮੁਹੰਮਦ ਸਾਹਿਬ ਨੂੰ ਪੈਗੰਬਰ ਸਵੀਕਾਰ ਕੀਤਾ, ਉਹਨਾਂ ਨੂੰ ਮੁਸਲਮਾਨ ਦੀ ਸੰਗਿਆ ਦਿਤੀ ਗਈ ਅਤੇ ਜਿਹਨਾਂ ਹੁਕਮ ਅਦੂਲੀ ਕੀਤੀ, ਉਹਨਾਂ ਨੂੰ ਕਾਫ਼ਿਰ ਦੀ ਸੰਗਿਆ ਦਿੱਤੀ ਗਈ। ਇਸਲਾਮ ਦਾ ਧਾਰਮਕ, ਰਾਜਸੀ ਅਤੇ ਸਮਾਜਕ ਵਿਕਾਸ ਬਹੁਤ ਤੀਬਰਤਾ ਨਾਲ ਹੋਇਆ। ਅਰਬ ਦੇ ਮੁਸਲਮਾਨਾਂ ਨੇ ਜਿੱਤਾਂ ਦੁਆਰਾ ਆਪਣਾ ਰਾਜ ਫੈਲਾ ਲਿਆ ਅਤੇ ਜਿੱਤ ਮਗਰੋਂ, ਹਾਰੀ ਹੋਈ ਕੌਮ ਨੂੰ ਇਸਲਾਮ ਜਾਂ ਮੌਤ ਵਿਚੋਂ, ਇਕ ਨੂੰ ਕਬੂਲਣ ਲਈ ਕਿਹਾ। ਸਿੱਟੇ ਵਜੋਂ, ਬਹੁਤ ਸਾਰੀਆਂ ਹਾਰੀਆਂ ਕੌਮਾਂ ਨੇ ਇਸਲਾਮ ਕਬੂਲ ਕਰ ਲਿਆ, ਪਰੰਤੂ ਧਾਰਮਿਕ ਪਰਿਵਰਤਨ ਕਾਰਨ ਲੋਕਾਂ ਦੀ ਮਨੋਬਿਰਤੀ, ਵਿਚਾਰ ਅਤੇ ਮਜ਼ਹਬੀ ਖਿਆਲਾਂ ਵਿਚ ਤਬਦੀਲੀ ਆਉਣੀ ਜ਼ਰੂਰੀ ਨਹੀਂ ਕਹੀ ਜਾ ਸਕਦੀ। ਪ੍ਰਸਿੱਧ ਸੂਫੀਆਂ ਦਾ ਸੰਬੰਧ ਵਧੇਰੇ ਕਰਕੇ ਈਰਾਨ ਨਾਲ ਹੈ। ਇਸੇ ਕਰਕੇ ਸੂਫੀਅਤ ਨੂੰ ਈਰਾਨੀਆਂ ਦੇ ਦਿਲਾਂ ਵਿਚ ਜੇਤੂ ਮੁਸਲਮਾਨਾਂ ਦੇ ਵਿਰੁਧ ਉਪਜਿਆ ਪ੍ਰਤੀਕਰਮ ਸਮਝ ਕੇ, ਇਸ ਨੂੰ ਸ਼ਰੀਅਤ ਅਤੇ ਮੁਲਾਣਿਆਂ ਦਾ ਵਿਰੋਧੀ ਵੀ ਸਵੀਕਾਰ ਕੀਤਾ ਜਾਂਦਾ ਹੈ।

### ਸੂਫੀਮਤ ਅਤੇ ਇਸਲਾਮ

ਇਸਲਾਮ ਦੇ ਅਧਿਆਤਮਕ ਅਧਿਐਨ ਦਾ ਆਧਾਰ ਕੁਰਾਨ ਹੈ। ਕੁਰਾਨ ਦੀਆਂ ਆਇਤਾਂ ਦੀ ਵਿਆਖਿਆ-ਇਲਮੇ ਤਫ਼ਸੀਰ, ਕੁਰਾਨ ਦੇ ਸੰਦੇਸ਼ੀ ਕਾਰਜ ਅਤੇ ਅਵੱਸ਼ਕਤਾਵਾਂ ਦਾ ਵਰਣਨ-ਇਲਮੇ ਹਦੀਸ, ਸਿਧਾਂਤਕ ਕੁਰਾਨੀ ਪੱਖਾਂ ਦੀ ਵਿਆਖਿਆ-ਇਲਮੇ ਕਲਾਮ, ਕੁਰਾਨੀ ਕਾਨੂੰਨਾਂ ਦੀ ਵਿਆਖਿਆ-ਫ਼ਿੱਕਾ, ਕੁਰਾਨ ਦਾ ਸ਼ੁੱਧ ਉਚਾਰਨ ਤਜਵੀਦ ਤੇ ਕਿਰਾਤ ਅਤੇ ਕੁਰਾਨ ਦੇ ਵਿਆਕਰਣਕ ਪੱਖ ਦੀ ਵਿਆਖਿਆ-ਸਾਹਫ ਅਤੇ ਨਾਹਵ ਆਦਿ ਪੱਖਾਂ ਨੂੰ ਉਜਾਗਰ ਕਰਦੇ ਹਨ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਮੁਸਲਮਾਨਾਂ ਦਾ ਹਰ ਸਾਹਿਤਕ ਪ੍ਰਯਾਸ ਕੁਰਾਨ ਤੋਂ ਹੀ ਆਰੰਭ ਹੁੰਦਾ ਹੈ। ਸੂਫੀਮਤ ਇਸਲਾਮ ਦੇ ਅੰਤਰੰਗ ਪੱਖ ਦਾ ਨਿਰੂਪਣ ਹੈ ਅਤੇ ਇਸ ਨੂੰ ਇਸਲਾਮ ਅਤੇ ਸੂਫੀਮਤ ਦੇ ਅੰਤਰ ਸੰਬੰਧਾਂ ਨੂੰ ਨਕਾਰਿਆ ਨਹੀਂ ਜਾ ਸਕਦਾ ਅਤੇ ਕੁਰਾਨ ਨੂੰ ਸੂਫੀਮਤ ਦੇ ਪਹਿਲੇ ਸਿਧਾਂਤਕ ਗ੍ਰੰਥਾਂ ਦੀ ਸੰਗਿਆ ਦਿੱਤੀ ਜਾਂਦੀ ਹੈ। ਹਰ ਸੂਫੀ ਲਈ ਮੁਸਲਮਾਨ ਹੋਣਾ ਅਵੱਸ਼ਕ ਹੈ ਅਤੇ ਇਸ ਤਰ੍ਹਾਂ ਹਰ ਸੂਫੀ ਵਲੋਂ ਇਸਲਾਮ ਦਾ ਅਨੁਯਾਈ ਹੋਣਾ ਅਤੇ ਨਿਯਮਾਂ ਦੀ ਪਾਲਣਾ ਜ਼ਰੂਰੀ ਬਣ ਜਾਂਦੀ ਹੈ।

### ਸੂਫੀਮਤ

ਸੂਫੀ ਸ਼ਬਦ ਦੀ ਨਿਰੁਕਤੀ ਬਾਰੇ ਬੇਸ਼ਕ ਵਾਦ-ਵਿਵਾਦ ਪ੍ਰਚਲਿਤ ਹਨ ਪਰੰਤੂ ਇਸ ਦੀ ਅਰਥ-ਅਭਿਵਿਅੰਜਨਾ ਲਗਭਗ ਸਪੱਸ਼ਟ ਹੈ। ਸੂਫੀ ਸ਼ਬਦ ਦੀ ਨਿਰੁਕਤੀ ਸੰਬੰਧੀ ਕਈ ਮਤ ਪ੍ਰਚੱਲਿਤ ਹਨ :

(ੳ) ਸਫ਼ਾ (ਪਵਿੱਤਰਤਾ) : ਵਿਚੋਂ ਨਿਕਸਿਆ,

(ਅ) ਸਫ਼ (ਕਤਾਰ) : ਵਿਚੋਂ ਨਿਕਸਿਆ,

(ੲ) ਸੁਫ਼ਾ (ਅਸਾਬ-ਅਲ ਸੁਫ਼ਾਂ) : ਵਿਚੋਂ ਨਿਕਸਿਆ

(ਸ) ਸੂਫ (ਉਨ) ਵਿਚੋਂ ਨਿਕਸਿਆ।

ਸੂਫ਼ੀ ਸ਼ਬਦ ਦੀ ਨਿਰੁਕਤੀ ਯੂਨਾਨੀ ਸ਼ਬਦ 'ਸੋਫੀਆ' ਵਿਚੋਂ ਹੋਈ ਵੀ ਮੰਨੀ ਜਾਂਦੀ ਹੈ ਜਿਸ ਦੇ ਅਰਥ ਹਨ ਦਾਨਿਸ਼, ਅਕਲ, ਬੁੱਧੀ। ਪਰੰਤੂ ਸਥਾਪਤ ਧਾਰਨਾ ਹੈ ਕਿ ਸੂਫ਼ੀ ਸ਼ਬਦ ਦੀ ਨਿਰੁਕਤੀ 'ਸੂਫ਼' ਸ਼ਬਦ ਤੋਂ ਹੋਈ। ਐਸਾ ਨਿਸ਼ਕਰਸ਼ ਅਰਬੀ ਵਿਆਕਰਣ ਦੇ ਉਲਟ ਹੈ। ਈਰਾਨੀ ਵਿਦਵਾਨ ਜਲਾਲੁਦੀਨ ਰੁਮਈ ਦਾ ਨਿਸ਼ਕਰਸ਼ ਹੈ ਕਿ ਅਰਬੀ ਵਿਆਕਰਣ ਅਨੁਸਾਰ ਸੂਫ਼ੀ ਸ਼ਬ ਦੀ ਨਿਰੁਕਤੀ ਸੂਫ਼ ਤੋਂ ਸੰਭਵ ਨਹੀਂ। ਇਹ ਸ਼ਬਦ ਕਿਸੇ ਈਰਾਨੀ ਦੀ ਆਪਣੇ ਵਿਆਕਰਣ ਅਨੁਕੂਲ ਕਾਢ ਹੈ ਅਤੇ ਫਿਰ ਇਸ ਨੂੰ ਅਰਬੀ ਵਿਚ ਅੰਤਰ-ਝੁਕਤ ਕਰ ਦਿੱਤਾ ਗਿਆ। ਸੂਫ਼ੀਆਂ ਵਿਚ ਸੂਫ਼ ਪਹਿਨਣ ਦੀ ਪ੍ਰਥਾ ਹਜ਼ਰਤ ਮੁਹੰਮਦ ਸਾਹਿਬ ਅਤੇ ਈਸਾਈ ਧਰਮ ਪ੍ਰਚਾਰਕਾਂ ਅਤੇ ਤਿਆਗੀਆਂ ਵਿਚ ਵੀ ਪ੍ਰਚਲਿਤ ਸੀ। ਪਰੰਤੂ ਹਸਨ-ਅਲ-ਬਸਰੀ (642-728) ਦੇ ਸਮੇਂ ਤਕ ਸੂਫ਼ ਪਹਿਨਣ ਦੀ ਪ੍ਰਥਾ ਇਕ ਫੈਸ਼ਨ ਜੇਹਾ ਬਣ ਗਿਆ ਸੀ। ਇਸੇ ਲਈ ਹਸਨ-ਅਲ-ਬਸਰੀ ਚਿਤਾਵਨੀ ਦਿੰਦਾ ਹੈ ਕਿ ਜੋ ਵਿਅਕਤੀ ਨਿਮਰਤਾ ਭਾਵ ਨਾਲ ਸੂਫ਼ ਪਹਿਨਦਾ ਹੈ, ਉਸ ਦੀ ਆਤਮਕ ਸੋਝੀ ਵਿਕਸਿਤ ਹੁੰਦੀ ਹੈ, ਪਰੰਤੂ ਜੋ ਸੂਫ਼ ਸਿਰਫ ਹੰਕਾਰ ਵਿਚ ਪਹਿਨਦਾ ਹੈ ਉਸ ਨੂੰ ਦੋਜ਼ਖ਼ ਵਿਚ ਸਥਾਨ ਪ੍ਰਾਪਤ ਹੋਵੇਗਾ। ਤਸੱਵੁਫ਼ ਸ਼ਬਦ ਦੇ ਪੰਜਾਬੀ ਪਰਿਆਇ ਸੂਫ਼ੀਮਤ ਅਤੇ ਸੂਫ਼ੀਵਾਦ ਮੰਨੇ ਜਾਂਦੇ ਹਨ। ਸੂਫ਼ੀਵਾਦ ਸ਼ਬਦ ਦਾ ਪ੍ਰਯੋਗ ਬਿਲਕੁਲ ਪ੍ਰਸੰਗਕ ਨਹੀਂ ਹੈ ਅਤੇ ਇਹ ਅੰਗਰੇਜ਼ੀ ਦੇ ਸ਼ਬਦ 'ਸੂਫ਼ੀਇਜ਼ਮ' ਦਾ ਸਿੱਧ ਅਨੁਵਾਦ ਹੈ। ਸੂਫ਼ੀਮਤ ਸ਼ਬਦ ਦਾ ਪ੍ਰਯੋਗ ਯਥਾਯੋਗ ਹੈ ਪਰੰਤੂ ਤਸੱਵੁਫ਼ ਦਾ ਪ੍ਰਯੋਗ ਕਰ ਲੈਣਾ ਵੀ ਅਣਉੱਚਿਤ ਨਹੀਂ ਹੋਵੇਗਾ। ਕੁਲਵੰਤ ਸਿੰਘ ਨੂੰ ਤਸੱਵੁਫ਼ ਦਾ ਪ੍ਰਯੋਗ ਕਰ ਲੈਣਾ ਵੀ ਅਣਉਚਿਤ ਨਹੀਂ ਸਮਝਿਆ ਤੇ ਉਹ ਪੰਜਾਬੀ ਵਿਚ ਇਸ ਦਾ ਪ੍ਰਯੋਗ ਕਰਦੇ ਹਨ।

ਸੂਫ਼ੀ ਕੌਣ ਹੈ ? ਇਸ ਬਾਰੇ ਵੀ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ ਪਰੰਤੂ ਇਹਨਾਂ ਵਿਚਾਰਾਂ ਦੇ ਅੰਤਰ ਸਬੰਧਾਂ ਨੂੰ ਵੀ ਨਿਕਾਰਿਆਂ ਨਹੀਂ ਜਾ ਸਕਦਾ। 'ਕੈਸ਼ੁਫ ਮਹਿਜੂਬ' ਵਿਚ ਵੱਖ-ਵੱਖ ਸੂਫ਼ੀਆਂ ਦੇ ਹਵਾਲਿਆਂ ਨਾਲ ਸੂਫ਼ੀ ਦੇ ਗੁਣਾਂ ਦੀ ਵਿਆਖਿਆ ਕੀਤੀ ਮਿਲਦੀ ਹੈ।

ਹਜ਼ਰਤ ਜ਼ਨੂਨ ਮਿਸ਼ਰੀ ਅਨੁਸਾਰ ਸੂਫ਼ੀ ਕਦੋਂ ਬਚਨ ਕਰਦਾ ਹੈ ਤਾਂ ਖ਼ੁਦਾ ਤੋਂ ਸਿਵਾ ਉਸ ਦੀ ਜ਼ਬਾਨ ਤੇ ਕੋਈ ਸ਼ਬਦ ਹੀ ਨਹੀਂ ਆਉਂਦਾ ਅਤੇ ਜਦੋਂ ਖ਼ਾਮੋਸ਼ ਹੁੰਦਾ ਹੈ ਤਾਂ ਉਸ ਦਾ ਅੰਗ-ਅੰਗ ਗਵਾਹੀ ਦਿੰਦਾ ਹੈ ਕਿ ਉਹ ਸੰਸਾਰਕ ਬੰਧਨਾਂ ਤੋਂ ਮੁਕਤ ਹੈ। ਸ਼ਿਬਲੀ ਅਨੁਸਾਰ ਸੂਫ਼ੀ ਖ਼ੁਦਾ ਤੋਂ ਬਗੈਰ ਕਿਸੇ ਨੂੰ ਨਹੀਂ ਜਾਣਦਾ।

ਅਬੂ-ਬਕਰ-ਅਲ-ਕਾਲਾਬਸੀ ਦੇ ਹਵਾਲੇ ਨਾਲ ਮੀਰ ਵੱਲਿਉਦੀਨ ਦੱਸਦਾ ਹੈ ਕਿ ਸੂਫ਼ੀ ਸ਼ਬਦ ਦੇ ਅਰਥ ਬੜੇ ਵਿਸਤ੍ਰਿਤ ਹਨ। ਜੇਹਾ ਕਿ ਦੁਨੀਆਂ ਤੋਂ ਉਪਰਾਮਤਾ, ਮਨ ਨੂੰ ਦੁਨੀਆਂ ਤੋਂ ਹੋੜਨਾ, ਵਸੇਬੇ ਤੋਂ ਵਿਮੁਖਤਾ, ਰਮਨ ਬਿਰਤੀ, ਮਨ ਨੂੰ ਵਿਲਾਸੀ ਰੁਚੀਆਂ ਤੋਂ ਦੂਰ ਰੱਖਣਾ, ਉਦਾਰਚਿੱਤ ਅਤੇ ਆਗੂ ਹੋਣ ਦੇ ਗੁਣ ਆਦਿ।

ਇਸ ਤਰ੍ਹਾਂ ਖ਼ੁਦਾ-ਪ੍ਰਸਤੀ ਲਈ ਕਾਰਜਸ਼ੀਲ ਰਹਿਣਾ ਖ਼ੁਦਾ ਦੇ ਨਾਮ ਉੱਤੇ ਸਭ ਕੁਝ ਕੁਰਬਾਨ ਕਰ ਦੇਣਾ, ਸੰਸਾਰਿਕ ਵਿਲਾਸੀ ਰੁਚੀਆਂ ਤੋਂ ਵਿਮੁਖਤਾ, ਮਾਨਵੀ ਅਕਾਂਖਿਆ ਦੇ ਸਮਾਨ ਸਾਧਨ, ਧਨ ਅਤੇ ਸੱਤਾਂ ਤੋਂ ਦੂਰ ਰਹਿਣਾ ਅਤੇ ਸਮਾਜਿਕਤਾ ਨੂੰ ਛੱਡ ਕੇ ਖ਼ੁਦਾ ਪ੍ਰਸਤੀ ਵਿਚ ਲੀਨ ਰਹਿਣਾ ਹੀ ਸੂਫ਼ੀ ਦੇ ਮੌਲਿਕ ਸਿਧਾਂਤ ਮੰਨੇ ਜਾ ਸਕਦੇ ਹਨ। ਇਹ ਸਾਰੇ ਗੁਣ ਇਕ ਪੂਰਨ ਸੂਫ਼ੀ ਲਈ ਨਿਯਮ ਬਣ ਜਾਂਦੇ ਹਨ ਅਤੇ ਇਹਨਾਂ ਦੀ ਪਾਲਣਾ ਕਰਨੀ ਸੂਫ਼ੀ ਦਾ ਧਰਮ ਮੰਨਿਆ ਜਾਂਦਾ ਹੈ। ਸੂਫ਼ੀ ਸ਼ਬਦ ਦੇ ਪੂਰਵ-ਇਸਲਾਮ ਪ੍ਰਚਲਿਤ ਹੋਣ ਦਾ ਹਵਾਲਾ ਵੀ ਮਿਲਦਾ ਹੈ। ਜੋ ਸੱਰਾਜ ਦੀ ਧਾਰਨਾ ਤੇ ਆਧਾਰਤ ਹੈ। ਪਰੰਤੂ ਦੁਹਰਾਵਰਦੀ ਨੇ ਅਵਾਰੀਫੁਲ ਮਾਰੀਫ਼ ਵਿਚ ਸੱਰਾਜ ਦੀ ਸੁਧਾਈ ਕੀਤੀ ਹੈ ਕਿ ਸੂਫ਼ੀ ਸ਼ਬਦ ਪੂਰਵ-ਇਸਲਾਮ ਅਰਬੀ ਵਿਚ ਪ੍ਰਚਲਿਤ ਨਹੀਂ ਸੀ।

ਪਰੰਤੂ ਸੂਫ਼ੀ ਸ਼ਬਦ ਦਾ ਆਮ ਪ੍ਰਯੋਗ 822 ਈ. ਤਕ ਹੋਣ ਲੱਗ ਪਿਆ ਸੀ। ਸ਼ੇਖ ਅਬੁੱਲ ਹਾਸ਼ਿਮ ਕੂਫ਼ੀ ਨੂੰ ਸਭ ਤੋਂ ਪਹਿਲਾਂ ਸੂਫ਼ੀ ਦੀ ਪੱਦਵੀ ਨਾਲ ਸੁਸ਼ੋਭਿਤ ਕੀਤਾ ਗਿਆ। ਸ਼ੇਖ ਅਬੁੱਲ ਹਾਸ਼ਿਮ ਕੂਫ਼ੀ ਦਾ ਇੰਤਕਾਲ 767 ਈ. ਵਿਚ ਹੋਇਆ। ਲੇਖਕਾਂ ਵਿਚ ਬਸਰੇ ਦੇ ਜਹਾਜ਼ ਨੇ ਪਹਿਲੀ ਵਾਰ ਸੂਫ਼ੀ ਸ਼ਬਦ ਦਾ ਪ੍ਰਯੋਗ ਕੀਤਾ। ਜਿਸ ਦਾ ਇੰਤਕਾਲ 869 ਈ. ਵਿਚ ਹੋਇਆ।

### ਸੂਫ਼ੀਮਤ ਦਾ ਨਿਕਾਸ

ਸੂਫ਼ੀਮਤ ਦੇ ਨਿਕਾਸ ਬਾਰੇ ਵੀ ਵਿਦਵਾਨਾਂ ਵਿਚ ਭਿੰਨ-ਭਿੰਨ ਰਾਵਾਂ ਪ੍ਰਚਲਿਤ ਹਨ। ਚਾਰ ਸੁਪ੍ਰਸਿੱਧ ਧਾਰਨਾਵਾਂ ਹਨ—

(ੳ) ਸੂਫ਼ੀਮਤ ਮੁਹੰਮਦ ਸਾਹਿਬ ਦੀ ਬਾਤਨੀ ਸਿਖਿਆ ਵਿਚੋਂ ਵਿਕਸਿਤ ਹੋਇਆ।

(ਅ) ਸੂਫ਼ੀਮਤ ਸਾਮੀ ਮਜ਼ਹਬ ਵਲੋਂ ਈਰਾਨੀਆਂ ਉੱਤੇ ਲੱਦੇ ਗਏ ਸਾਮੀ ਮਜ਼ਹਬ ਵਿਰੁਧ ਪ੍ਰਤੀਕਰਮ ਦਾ ਸਿੱਟਾ ਹੈ।

(ੲ) ਇਹ ਨਵ-ਅਫਲਾਤੂਨੀ ਵਿਚਾਰਾਂ ਵਿਚੋਂ ਉਗਮਿਆ।

(ਸ) ਇਹ ਇਕ ਖ਼ੁਦਾ ਰੌ ਬੂਟੇ ਵਾਂਗ ਆਪਣੇ ਆਪ ਪੈਦਾ ਹੋਇਆ।

ਪਰੰਤੂ ਕੁਲ ਮਿਲਾ ਕੇ ਵਿਦਵਾਨਾਂ ਦੇ ਦੋ ਵਰਗ ਵਿਸ਼ੇਸ਼ ਤੇ ਤਕੜੇ ਚਰਚਿਤ ਰਹਿ ਜਾਂਦੇ ਹਨ। ਇਕ ਵਰਗ ਸੂਫ਼ੀਮਤ ਦੇ ਨਿਕਾਸ ਨੂੰ ਕੁਰਾਨ ਅਤੇ ਹਜ਼ਰਤ ਮੁਹੰਮਦ ਸਾਹਿਬ ਨਾਲ ਮਿਲਾਉਂਦਾ ਹੈ ਅਤੇ ਦੂਜਾ ਵਰਗ ਬਾਅਦ ਦੀ ਉਪਜ ਸਵੀਕਾਰ ਕਰਦਾ ਹੈ।

ਸੂਫ਼ੀਮਤ ਦੇ ਕੁਝ ਸਿਧਾਂਤ ਮੁਹੰਮਦ ਸਾਹਿਬ ਦੀ ਬਾਤਨੀ ਸਿੱਖਿਆ ਅਤੇ ਕੁਰਾਨ ਦੇ ਵਿਰੁੱਧ ਵੀ ਹਨ ਪਰੰਤੂ ਇਸ ਗੱਲੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕੁਰਾਨ ਦੀਆਂ ਕੁਝ ਆਇਤਾਂ ਅਤੇ ਹਜ਼ਰਤ ਮੁਹੰਮਦ ਸਾਹਿਬ ਦੀਆਂ ਵਾਸਤਵਿਕ ਹਦੀਸਾਂ ਸੂਫ਼ੀਮਤ ਦੇ ਮੁੱਢਲੇ ਸਰੂਪ ਦਾ ਤਾਣਾ ਪੇਟਾ ਹਨ। ਕੁਰਾਨ ਵਿਚ ਬਹੁਤ ਸਾਰੀਆਂ ਤਿਆਗੀ ਅਤੇ ਬੰਦਗੀ ਦੀਆਂ ਆਇਤਾਂ, ਸੂਫ਼ੀ ਸਿਧਾਂਤਾਂ ਦਾ ਮੂਲ ਹਨ। ਇਸੇ ਕਾਰਨ ਕੁਰਾਨ ਨੂੰ ਸੂਫ਼ੀ ਸਿਧਾਂਤਾਂ ਦਾ ਅੱਵਲ ਅਤੇ ਆਖਰੀ ਗ੍ਰੰਥ ਮੰਨਣ ਦੀ ਪ੍ਰਥਾ ਮਿਲਦੀ ਹੈ। ਹਜ਼ਰਤ ਮੁਹੰਮਦ ਸਾਹਿਬ ਦੀਆਂ ਹਦੀਸਾਂ ਵਿਚ ਵੀ ਸੂਫ਼ੀਮਤ ਦੇ ਸਿਧਾਂਤਾਂ ਦੀ ਵਿਆਖਿਆ ਦੇਖੀ ਜਾ ਸਕਦੀ ਹੈ। ਇਸੇ ਆਧਾਰ ਉੱਤੇ ਹੀ ਹਜ਼ਰਤ ਮੁਹੰਮਦ ਸਾਹਿਬ ਨੂੰ ਵੀ ਪਹਿਲੇ ਸੂਫ਼ੀ ਮੰਨ ਲਿਆ ਜਾਂਦਾ ਹੈ। ਇਸ ਤਰ੍ਹਾਂ, ਇਸਲਾਮ ਨੂੰ ਸੂਫ਼ੀਮਤ ਦੀ ਨੀਂਹ ਕਬੂਲ ਕਰਨਾ ਉਚਿਤ ਹੈ ਜਿਸ ਦੀ ਪੁਸ਼ਟੀ ਕੁਰਾਨ ਅਤੇ ਹਜ਼ਰਤ ਮੁਹੰਮਦ ਸਾਹਿਬ ਦੀਆਂ ਹਦੀਸਾਂ ਵਿਚੋਂ ਹੋ ਜਾਂਦੀ ਹੈ।

### ਸੂਫ਼ੀਮਤ ਦਾ ਵਿਕਾਸ

ਸੂਫ਼ੀਮਤ ਦੀ ਬੁਨਿਆਦ ਕੁਰਾਨ ਅਤੇ ਹਜ਼ਰਤ ਮੁਹੰਮਦ ਸਾਹਿਬ ਦੀਆਂ ਵਾਸਤਵਿਕ ਹਦੀਸਾਂ ਹਨ। ਇਸੇ ਲਈ ਜੋ ਸੂਫ਼ੀਮਤ ਇਸਲਾਮ ਆਧਾਰਤ ਨਹੀਂ ਉਸ ਨੂੰ ਭਰੋਸੇ ਯੋਗ ਨਹੀਂ ਮੰਨਿਆ ਜਾ ਸਕਦਾ। ਖ਼ਲੀਕ ਅਹਿਮਦ ਨਿਜ਼ਾਮੀ ਨੇ ਇਸਲਾਮੀ ਰਹੱਸਵਾਦੀ ਪਰੰਪਰਾ ਨੂੰ ਤਿੰਨਾਂ ਵਰਗਾਂ ਵਿਚ ਵੰਡਿਆ ਹੈ। ਪਹਿਲੇ ਵਿਚ ਨਿਵ੍ਰਿਤੀਵਾਦੀ ਦੂਜੇ ਵਿਚ ਰਹੱਸਵਾਦੀ ਦਰਸ਼ਨੀ ਅਤੇ ਤੀਜੇ ਸਿਲਸਿਲਿਆਂ ਦੀ ਸਥਾਪਤੀ ਦੱਸਦਾ ਹੈ। ਆਰੰਭ ਵਿਚ ਦੁਨੀਆਂ ਤੋਂ ਉਪਰਾਮਤਾ, ਗੁਨਾਹਾਂ ਤੋਂ ਤੋਬਾ ਅਤੇ ਗੁਨਾਹਾਂ ਦਾ ਦੀਰਘ ਅਹਿਸਾਸ ਹੀ ਰਹੱਸਮਈ ਦਰਸ਼ਨ ਦਾ ਅੰਗ ਸੀ।

ਅਤੇ ਨਿਯਮ ਪਾਲਣਾ ਵਾਲੇ ਸਨ ਅਤੇ ਕੁਰਾਨ ਤੇ ਮਾਰਫ਼ਤ ਉੱਤੇ
ਇਸੇ ਲਈ ਮੁੱਢਲੇ ਸੂਫ਼ੀ ਵਧੇਰੇ ਕਰਕੇ ਕੱਟੜ ਅਤੇ ਚਿੰਤਨ ਕੁਰਾਨ ਅਤੇ ਹਦੀਸਾਂ ਉੱਤੇ ਆਧਰਿਤ
ਵਧੇਰੇ ਵਿਸ਼ਵਾਸ ਰੱਖਦੇ ਸਨ। ਮੁੱਢਲੇ ਸੂਫ਼ੀਆਂ ਦਾ ਅਨੁਭਵ ਉਚਿਤ ਹੋ ਸਕਦਾ ਇਸ ਦੀ ਇਕ ਵਿਸ਼ੇਸ਼ ਦੇਣ
ਸੀ ਪਰੰਤੂ ਸੂਫ਼ੀਮਤ ਦਾ ਆਰੰਭ ਸਤਵੀਂ ਸਦੀ ਤੋਂ ਮੰਨਣਾ ਵਧੇਰੇ ਵੰਡਿਆ ਜਾ ਸਕਦਾ ਹੈ—
ਸਥਾਪਤ ਹੋ ਚੁੱਕੀ ਸੀ। ਇਸ ਤਰ੍ਹਾਂ ਸੂਫ਼ੀਮਤ ਨੂੰ ਦੋ ਪੜਾਵਾਂ ਵਿਚ

(ੳ) ਮੁੱਢਲਾ ਸੂਫ਼ੀਮਤ।

(ਅ) ਰਹੱਸਵਾਦ ਸੂਫ਼ੀਮਤ।

ਹੈ ਅਤੇ ਇਸ ਕਾਲ ਦੇ ਸੂਫ਼ੀਆਂ
ਮੁੱਢਲੇ ਸੂਫ਼ੀਮਤ ਦਾ ਸਮਾਂ 7ਵੀਂ 8ਵੀਂ ਸਦੀ ਨਿਰਧਾਰਨ ਕੀਤਾ ਜਾ ਸਕਦਾ ਆਸ਼ੇ ਦੀ ਸੀ। ਡਾ: ਸਾਧੂ ਰਾਮ ਸ਼ਾਰਦਾ
ਵਿਚ ਸ਼ਰੀਅਤ ਦੀ ਬੜੀ ਮਹੱਤਤਾ ਸੀ। ਇਹ ਸ਼ਰੀਅਤ ਨਿਰੋਲ ਧਾਰਮਕ ਦੀ ਨਿੰਦਾ, ਦੁਨਿਆਵੀ ਇੱਛਾਵਾਂ
ਮੁੱਢਲੇ ਸੂਫ਼ੀਮਤ ਨੂੰ ਤਿਆਗਵਾਦ ਦੀ ਸੰਘੀ ਦਿੰਦਾ ਹੈ। ਦੁਨਿਆਵੀ ਪ੍ਰਾਪਤੀ ਦਾ ਡੇ ਆਦਿ ਮੁੱਢਲੇ ਸੂਫ਼ੀਮਤ
ਦਾ ਤਿਆਗ, ਮਨ ਦੀ ਪਵਿੱਤਰਤਾ, ਰੱਬੀ ਬੰਦੀ ਤੇ ਡਰ, ਜਹੰਨਤ ਅਤੇ ਦੋਜ਼ਖ ਦੀਆਂ ਵਿਸ਼ੇਸ਼ਤਾਵਾਂ ਵੀ
ਦੀਆਂ ਵਿਸ਼ੇਸ਼ਤਾਵਾਂ ਰਹੀਆਂ ਹਨ। ਮੁੱਢਲੇ ਸੂਫ਼ੀਆਂ ਵਿਚ ਸਹਿਨਸ਼ੀਲਤਾ ਰਵਾਦਾਰੀ ਸਮਰਪਣ ਸੀ। ਪਾਪਦ੍ਰਿਸ਼ਟੀ
ਪ੍ਰਬੱਲ ਸਨ। ਮੁੱਢਲੇ ਸੂਫ਼ੀਆਂ ਦੀ ਮੂਲ ਪ੍ਰਵਿਰਤੀ ਮਾਨਵੀ ਇੱਛਾਵਾਂ ਦਾ ਈਸ਼ਵਰ ਪ੍ਰਤੀ ਰੱਖਦੀ ਸੀ। ਉਹਨਾਂ ਦਾ ਕਾਰਜ
ਅਤੇ ਈਸ਼ਵਰੀ ਦੰਡ ਵਿਧਾਨ ਦੀ ਕਠੋਰਤਾ ਉਹਨਾਂ ਨੂੰ ਭੈਅ-ਭੀਤ ਬਣਾਈ ਸੂਫ਼ੀ ਸਿਧਾਂਤਾਂ ਦਾ ਸਮੁੱਚਿਤ
ਮਿਲਜੁਲ ਕੇ ਕੁਰਾਨ ਦਾ ਅਧਿਐਨ ਅਤੇ ਅਧਿਆਤਮਕ ਗੋਸ਼ਟਾਂ ਹੀ ਸੀ। ਇਸੇ ਲਈ ਮੁੱਢਲੇ ਸੂਫ਼ੀਆਂ
ਵਿਕਾਸ ਨਹੀਂ ਸੀ ਹੋਇਆ ਅਤੇ ਸੂਫ਼ੀਮਤ ਨੂੰ ਇਕ ਤਰ੍ਹਾਂ ਨਕਾਰਾਤਮਕ ਹੀ ਮੰਨਿਆ ਜਾਂਦਾ ਹੈ। ਇਬਰਾਹਮ ਬਿਨ ਅਦਮ,
ਵਿਚ ਹਜ਼ਰਤ ਹੁਸੈਨ, ਅਬੂ ਹਾਸ਼ਮ ਹਸਨ ਬਸਰੀ, ਰਾਬੀਆ ਬਸਰੀ, ਹਬੀਬ ਆਜ਼ਮੀ,
ਅਲ ਫੁਜ਼ੈਲ ਬਿਨ ਜ਼ੈਦ, ਸ਼ਕੀਕ ਬਲਖੀ ਆਦਿ ਸ਼ਾਮਲ ਕੀਤੇ ਜਾ ਸਕਦੇ ਹਨ।

ਆਈ। ਸੂਫ਼ੀਮਤ ਨੂੰ
ਸੂਫ਼ੀਮਤ ਦੀ ਵਿਚਾਰਧਾਰਾ ਵਿਚ ਯੂਨਾਨੀ ਅਤੇ ਭਾਰਤੀ ਚਿੰਤਨ ਕਾਰਨ ਤਬਦੀਲੀ ਤੋਂ ਪ੍ਰਭਾਵਤ ਕਬੂਲ ਕੀਤਾ
ਬੇਸ਼ਕ ਈਸਾਈਮਤ, ਯੂਨਾਨੀਮਤ, ਮਾਨੀਮਤ, ਬੁੱਧਮਤ, ਹਿੰਦੂਮਤ ਅਤੇ ਪਾਰਸੀਮਤ ਰਹੱਸਵਾਦ ਨੂੰ ਕੁਰਾਨ
ਗਿਆ ਹੈ ਪਰੰਤੂ ਇਸਲਾਮੀ ਰਹੱਸਵਾਦੀਆਂ ਨੇ ਇਹਨਾਂ ਦਾ ਖੰਡਨ ਕੀਤਾ ਹੈ ਅਤੇ ਆਪਣੇ ਸੂਫ਼ੀਆਂ ਨੇ ਹਿੰਦੂ
ਤੇ ਆਧਾਰਤ ਹੀ ਦੱਸਿਆ ਅਤੇ ਪੈਗੰਬਰ ਦੀ ਪਰੰਪਰਾ ਨਾਲ ਜੋੜਿਆ। ਪਰੰਤੂ ਇਸ ਦੇ ਬਾਵਜੂਦ ਮੁਹੰਮਦ ਸਾਹਿਬ
ਸੰਸਕ੍ਰਿਤੀ ਦੇ ਉਹਨਾਂ ਪ੍ਰਭਾਵਾਂ ਨੂੰ ਸਵੀਕਾਰ ਕੀਤਾ ਹੈ ਜੋ ਖਾਸ ਤੌਰ ਉੱਤੇ ਕੁਰਾਨ ਅਤੇ ਹਜ਼ਰਤ ਪੱਛਮੀ ਖੰਡ ਵਿਚੋਂ
ਦੀਆਂ ਹਦੀਸਾਂ ਦੇ ਵਿਰੁਧ ਨਹੀਂ ਸਨ। ਜਿਥੇ ਇਸ ਉੱਤੇ ਭਾਰਤੀ ਵੇਦਾਂਤ ਦਾ ਪ੍ਰਭਾਵ ਹੈ ਉਥੇ ਆਪਣੇ ਸਿਖਰ
ਯੂਨਾਨੀ ਫ਼ਲਸਫ਼ੇ ਅਤੇ ਈਸ਼ਵਰ ਦਾ ਪ੍ਰਭਾਵ ਵੀ ਪਿਆ। 12ਵੀਂ ਸਦੀ ਤਕ ਰਹੱਸਵਾਦੀ ਸੂਫ਼ੀਮਤ ਮੰਜ਼ਿਲਾਂ ਉੱਤੇ
ਉੱਤੇ ਸੀ ਇਸ ਕਾਲ ਵਿਚ ਸ਼ਰੀਅਤ ਦਾ ਮਹੱਤਵ ਘਟਿਆ ਅਤੇ ਸੂਫ਼ੀਮਤ ਦੀਆਂ ਅਗਲੇਰੀਆਂ ਚਿੜਾਇਆ। ਆਰੂਫ਼ ਅਲ
ਜ਼ੋਰ ਦਿੱਤਾ ਗਿਆ ਬਾਯਜ਼ੀਦ ਦਾ "ਮੈਂ ਖ਼ੁਦਾ ਹਾਂ" ਦੇ ਨਾਹਰੇ ਨੇ ਕੱਟੜ ਪੰਥੀਆਂ ਨੂੰ ਮਨਸੂਰ ਆਦਿ ਇਸ
ਕਾਰਖੀ, ਅਬੂ-ਅਲ ਸੁਲੇਮਾਨ ਅਲ ਕੁਰਾਨੀ, ਅਲ ਮਹਾਸਬ, ਬਾਯਜ਼ੀਦ ਬਿਸਤਾਮੀ ਅਤੇ
ਕਾਲ ਦੇ ਪ੍ਰਸਿੱਧ ਸੂਫ਼ੀ ਹਨ।

ਇਸ ਉਪਰੰਤ ਕੱਟੜਪੰਥੀਆਂ ਦੇ ਕਰੜੇ ਵਿਰੋਧ ਨੇ ਸੂਫ਼ੀਮਤ ਨੂੰ ਮਾਂਦਿਆ ਪਾਇਆ ਅਤੇ ਇਸ ਦੇ ਪੱਤਨ ਦਾ ਦੌਰ ਆ ਜਾਂਦਾ ਹੈ। ਸਿੱਟੇ ਵਜੋਂ ਸੂਫ਼ੀਆਂ ਨੂੰ ਆਪਣੀ ਸਵੈ-ਰੱਖਿਆ ਅਤੇ ਹੋਂਦ ਨੂੰ ਬਰਕਰਾਰ ਰੱਖਣ ਲਈ, ਸੂਫ਼ੀਮਤ ਨੂੰ ਹਜ਼ਰਤ ਮੁਹੰਮਦ ਸਾਹਿਬ ਦੇ ਅਨੁਕੂਲ ਅਤੇ ਕੁਰਾਨ ਸ਼ਰੀਫ਼ ਦੇ ਦਰਸ਼ਨ ਅਤੇ ਵਿਚਾਰਾਂ ਦੇ ਅਨੁਯਾਈ ਦੱਸਣਾ ਪਿਆ।

-----

# ਭਗਤੀ ਸਾਹਿਤ

ਭਾਰਤ ਇਕ ਧਰਮ ਪ੍ਰਾਣ ਦੇਸ਼ ਹੈ ਅਤੇ ਇਥੋਂ ਦੇ ਕਣ-ਕਣ ਵਿਚ ਭਾਵਨਾ ਵਿਆਪਤ ਹੈ। ਉਦੇਸ਼ ਪ੍ਰਾਪਤੀ ਲਈ ਸਾਧਕਾਂ ਅਤੇ ਸਾਧਨਾ ਵਿਚ ਭਿੰਨਤਾ ਹੋ ਸਕਦੀ ਹੈ, ਪਰੰਤੂ ਹਰ ਜੀਵ ਦੀ ਜੀਵਨ ਸਾਧਨਾ ਇਕੋ ਹੈ। ਭਾਰਤੀ ਧਰਮ ਸਾਧਨਾ ਵਿਚ ਭਗਤੀ ਆਪਣਾ ਇਕ ਵਿਸ਼ੇਸ਼ ਧਾਰਮਕ, ਸਾਹਿਤਕ, ਸਮਾਜਿਕ ਤੇ ਸੰਸਕ੍ਰਿਤਕ ਮਹੱਤਵ ਰਿਹਾ ਹੈ ਅਤੇ ਇਸੇ ਲਈ ਭਗਤੀ ਮਾਰਗ ਨੇ ਭਾਰਤੀ ਸੰਸਕ੍ਰਿਤੀ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ। ਭਾਰਤੀ ਧਰਮ ਸਾਧਨਾ ਦੇ ਇਤਿਹਾਸ ਦੇ ਅਧਿਐਨ ਉਪਰੰਤ ਸਪੱਸ਼ਟ ਹੁੰਦਾ ਹੈ ਕਿ ਪ੍ਰਾਰੰਭਿਕ ਵੈਦਿਕ ਯੁਗ ਵਿਚ ਸਾਧਨਾ ਕਰਮਕਾਂਡ ਪ੍ਰਧਾਨ ਰਹੀ ਹੋਵੇਗੀ ਅਤੇ ਸਾਧਕਾਂ ਦਾ ਬਹੁਤ ਸਮਾਂ ਦੇਵ ਪੂਜਾ, ਪਿਤਰ ਪੂਜਾ ਅਤੇ ਯੁਗ ਆਦਿ ਅਨੁਸ਼ਠਾਨਾਂ ਵਿਚ ਹੀ ਬਤੀਤ ਹੁੰਦਾ ਹੋਵੇਗਾ। ਧਾਰਮਿਕ ਖੇਤਰ ਵਿਚ ਇਨੀ ਵੰਨ-ਸੁਵੰਨਤਾ ਨੇ ਕਈ ਦਾਰਸ਼ਨਿਕ ਵਾਦਾਂ ਤੇ ਧਾਰਮਿਕ ਮੱਤਾਂ ਨੂੰ ਜਨਮ ਦਿੱਤਾ। ਪੰਜਾਬੀ ਸਾਹਿਤ ਨੂੰ ਪੂਰਵ-ਨਾਨਕ ਕਾਲ ਦੀ ਪ੍ਰਧਾਨ ਸੁਰ ਵੀ ਧਾਰਮਿਕ ਰਹੀ ਹੈ ਅਤੇ ਇਸ ਪਰਿਪੇਖ ਵਿਚ ਪੰਜਾਬ ਤੋਂ ਬਾਹਰਲੇ ਭਗਤ ਕਵੀਆਂ ਦੀ ਭਗਤੀ ਵਿਚਾਰਧਾਰਾ ਵੀ ਵਿਸ਼ੇਸ਼ ਮਹੱਤਤਾ ਰੱਖਦੀ ਹੈ, ਜਿਸ ਨੂੰ, ਉਹਨਾਂ ਪੰਜਾਬੀ ਵਿਚ ਪ੍ਰਚਾਰਿਆ ਤੇ ਪ੍ਰਸਾਰਿਆ। ਇਸ ਕਾਲ ਦੇ ਅੰਤਰਗਤ ਭਗਤੀ ਸਾਹਿਤ ਦੀ ਮਹੱਤਤਾ, ਇਸ ਤੱਥ ਤੋਂ ਵੀ ਭਲੀਭਾਂਤ ਸਪੱਸ਼ਟ ਹੁੰਦੀ ਹੈ ਕਿ ਸਾਰੇ ਭਗਤ, ਗੁਰੂ ਨਾਨਕ ਕਾਲ ਦੇ ਧਾਰਮਿਕ ਕਾਵਿ ਦੇ ਪ੍ਰੇਰਕ ਹਨ।

ਭਾਰਤੀ ਧਰਮ ਸਾਧਨਾ ਵਿਚ ਭਗਤੀ ਮਾਰਗ ਦਾ ਵਿਸ਼ੇਸ਼ ਸਥਾਨ ਹੈ ਅਤੇ ਇਸ ਦੇ ਪ੍ਰਾਚੀਨ ਕਾਲ ਤੋਂ ਪ੍ਰਵਾਹਤ ਹੋਣ ਦੇ ਪ੍ਰਮਾਣ ਉਪਲਬਧ ਹਨ। ਪਰੰਤੂ ਭਗਤੀ ਸਾਹਿਤ ਦਾ ਨਿਖਰਵਾਂ ਸਰੂਪ ਚੌਧਵੀ ਤੋਂ ਸਤਾਰਵੀ ਸਦੀ ਤਕ ਮੰਨਿਆ ਜਾਂਦਾ ਹੈ। ਇਹ ਤਿੰਨ ਸਦੀਆਂ ਭਗਤੀ ਸਾਹਿਤ ਦੀ ਚਰਮ ਸੀਮਾ ਮੰਨੀਆਂ ਜਾਂਦੀਆਂ ਹਨ, ਪਰੰਤੂ ਬਾਹਰਵੀਂ ਤੇਰ੍ਹਵੀਂ ਸਦੀ ਦਾ ਭਗਤੀ ਸਾਹਿਤ, ਇਸ ਭਗਤੀ ਧਾਰਾ ਦੀ ਪਿੱਠ-ਭੂਮੀ ਹੈ ਅਤੇ ਇਸ ਪਿੱਠ ਭੂਮੀ ਦਾ ਅਧਿਐਨ ਵੀ ਅਤੀ ਅਵੱਸ਼ਕ ਬਣ ਜਾਂਦਾ ਹੈ। ਪੰਜਾਬੀ ਸਾਹਿਤ ਦੇ ਸਾਹਿਤ-ਇਤਿਹਾਸ ਨੇ ਪੂਰਵ-ਨਾਨਕ ਕਾਲ ਵਿਚ ਭਗਤੀ ਸਾਹਿਤ ਨੂੰ ਗੌਣ ਮਹੱਤਤਾ ਦਿਤੀ ਹੈ ਅਤੇ ਵਧੇਰੇ ਕਰਕੇ ਅੱਖੋ-ਪ੍ਰੋਖੇ ਕੀਤਾ ਹੈ। ਇਝ, ਗੁਰੂ ਨਾਨਕ ਕਾਲ ਦਾ ਸਮੁੱਚਾ ਧਾਰਮਿਕ ਸਾਹਿਤ ਜੜ੍ਹ ਰਹਿਤ ਪ੍ਰਤੀਤ ਹੁੰਦਾ ਹੈ, ਕਿਉਂਕਿ ਇਸ ਕਾਲ ਦਾ ਭਗਤੀ ਸਾਹਿਤ, ਗੁਰੂ ਨਾਨਕ ਕਾਲ ਦੇ ਭਗਤੀ ਸਾਹਿਤ ਦੀ ਆਧਾਰਸ਼ਿਲਾ ਹੈ। ਇਸ ਤਰ੍ਹਾਂ, ਇਸ ਕਾਲ ਦੇ ਭਗਤੀ ਸਾਹਿਤ ਦਾ ਅਧਿਐਨ ਹੋਰ ਮਹੱਤਵਪੂਰਨ ਬਣ ਜਾਂਦਾ ਹੈ। ਪੂਰਵ-ਨਾਨਕ ਕਾਲ ਦੇ ਭਗਤਾ ਦਾ ਮੁੱਖ ਉਦੇਸ਼ ਬ੍ਰੋਧਮ, ਪ੍ਰਭਾਮਤ, ਉਪਨਿਸ਼ਦ ਮਤ ਤੇ ਸੂਫੀਆਂ ਦੀ ਤਿਆਗਵਾਦੀ ਵਿਚਾਰਧਾਰਾ ਨੂੰ ਇਸ ਅਨੁਪਾਤ ਵਿਚ ਮਿਸ਼ਰਤ ਕਰਨਾ ਸੀ, ਜੋ ਤੱਤਕਾਲੀਨ ਪਰਿਵਰਤਤ ਰਾਜਨੀਤਿਕ ਤੇ ਸਮਾਜਕ ਪਰਿਸਥਿਤੀਆਂ ਦੀ ਅਵੱਸ਼ਕਤਾ ਅਨੁਸਾਰ ਸੀ। ਭਗਤੀ ਅੰਦੋਲਨ ਦਾ ਉਦਾਹਰਣ ਸਹਿਤ, ਪ੍ਰਤਿਪਾਦਨ ਗੁਰੂ ਨਾਨਕ ਦੇਵ ਜੀ ਵਿਚ ਸੁਵਿਸਤਾਰ ਹੋਇਆ ਮਿਲਦਾ ਹੈ।

ਇਸ ਕਾਲ ਦੇ ਭਗਤੀ ਸਾਹਿਤ ਦਾ ਵਿਵੇਚਨ ਕਰਨ ਤੋਂ ਪਹਿਲਾਂ, ਭਗਤੀ ਪਰੰਪਰਾ ਸੰਬੰਧੀ ਸੰਖਿਪਤ ਜਾਣਕਾਰੀ ਅਵੱਸ਼ਕ ਪ੍ਰਤੀਤ ਹੁੰਦੀ ਹੈ।

ਭਗਤੀ ਦੀ ਵਿਆਖਿਆ

ਭਗਤੀ ਸ਼ਾਸਤਰਕ ਆਚਾਰੀਆਂ ਨੇ ਵੱਖ-ਵੱਖ ਗ੍ਰੰਥਾਂ ਦੇ ਆਧਾਰ ਤੇ ਭਗਤੀ ਦੀ ਵਿਆਖਿਆ ਕੀਤੀ ਹੈ। ਲਗਭਗ, ਇਹ ਸਥਾਪਤ ਅਵਧਾਰਨਾ ਹੈ ਕਿ ਬ੍ਰਹਮ ਤੇ ਜੀਵ ਦਾ ਸੰਬੰਧ ਨਿਰਧਾਰਨ ਕਰਦਿਆਂ, ਬ੍ਰਹਮ ਦੀ ਉਪਾਸਨਾ ਦਾ ਆਦੇਸ਼ ਹੀ ਭਗਤੀ ਹੈ। ਇਸ ਤਰ੍ਹਾਂ, ਈਸ਼ਵਰ ਪ੍ਰਤੀ ਅਟੁੱਟ ਪ੍ਰੇਮ ਤੇ ਆਸਕਤਾ ਹੀ ਭਗਤੀ ਹੈ। ਭਗਤੀ ਐਸਾ ਪ੍ਰਯਾਸ ਹੈ ਜਿਸ ਵਿਚ ਜੀਵ ਨੂੰ ਸੰਸਾਰਕ ਵਿਸ਼ਿਆਂ ਦਾ ਗਿਆਨ ਦੇਣ ਵਾਲੀਆਂ ਇੰਦਰੀਆਂ ਦੀ ਸੁਭਾਵਿਕ ਬਿਰਤੀ ਨਿਸ਼ਕਾਮ ਰੂਪ ਨਾਲ ਭਗਵਾਨ ਵਲ ਲੱਗ ਜਾਂਦੀ ਹੈ। ਮਨੁੱਖ ਦੀ ਵਿਵਸ਼ਤਾ ਤੇ ਪ੍ਰਾਕ੍ਰਿਤੀ ਦੀ ਵਿਰਾਟਤਾ ਨੇ ਮਨੁੱਖ ਨੂੰ ਅਵਿਕਤ ਸ਼ਕਤੀ ਦੇ ਪ੍ਰਭਾਵ ਦਾ ਅਹਿਸਾਸ ਕਰਵਾਇਆ। ਇਸ ਤਰ੍ਹਾਂ ਪ੍ਰਾਕ੍ਰਿਤੀ ਦੀ ਸ਼ਕਤੀ ਦੀ ਇੱਕੋ ਪ੍ਰੇਰਕ ਤੇ ਸੰਚਾਲਕ, ਦੁਨੀਆਂ ਦੇ ਪਰਦੇ ਪਿਛੇ ਬਿਰਾਜਮਾਨ ਹੈ। ਇਸ ਡਰ ਨੇ ਜੀਵ ਵਿਚ ਅਦਿੱਖ ਸ਼ਕਤੀ ਪ੍ਰਤੀ ਪ੍ਰੇਮ ਦੀ ਭਾਵਨਾ ਜਗਾਈ। ਡਰ ਤੇ ਪ੍ਰੇਮ ਦਾ ਵਿਰੋਧਾਮੇਲ ਹੀ ਭਗਤੀ ਦੀ ਬੁਨਿਆਦ ਕਹੀ ਜਾ ਸਕਦੀ ਹੈ। ਭਗਤੀ-ਦਰਸ਼ਨ ਅਨੁਸਾਰ ਮਨੁੱਖ ਦਾ ਸਰਵ-ਸ੍ਰੇਸ਼ਟ ਧਰਮ ਹੀ ਈਸ਼ਵਰ ਪ੍ਰਤੀ ਕਾਮਨਾ ਰਹਿਤ ਨਿਰੰਤਰ ਭਗਤੀ ਹੈ। ਇੰਝ, ਕਿਹਾ ਜਾ ਸਕਦਾ ਹੈ ਕਿ ਭਗਤੀ ਇਕ ਮਨੋਭਾਵ ਹੈ ਜੋ ਅਵਿਕਤ ਸੱਤਾ ਦੇ ਆਲੰਬਨ ਲਈ ਪ੍ਰਯਾਸ ਹੈ ਅਤੇ ਇਸ ਦਾ ਅਧਰਿਹਾਰ ਰੂਪ ਈਸ਼ਵਰ ਉਨਮੁਖਤਾ ਤੇ ਅਨੰਤਰਤਾ ਵਿਚ ਨਿਹਤ ਹੈ। ਉਸ ਅਦਿੱਖ ਤੇ ਅਲੱਖ ਦੀ ਪ੍ਰਾਪਤੀ ਹੀ ਭਗਤੀ ਹੈ, ਜੋ ਕੇਵਲ ਸੇਵਾ-ਭਾਵ, ਸ਼ਰਧਾ, ਪਿਆਰ ਆਦਿ ਨਾਲ ਹੀ ਸੰਭਵ ਹੈ ਅਤੇ ਇਸ ਤਰ੍ਹਾਂ, ਮਨ ਚਿੱਤ ਦੀ ਲਗਨ ਰਾਹੀਂ ਕਰਤਾਰ ਦਾ ਨੇੜ ਹਾਸਲ ਕਰਨ ਦਾ ਪ੍ਰਯਾਸ ਭਗਤੀ ਹੋ ਨਿਬੜਦੀ ਹੈ। ਭਗਤੀ ਨੂੰ ਦੋ ਪ੍ਰਕਾਰ ਦੀ ਮੰਨਿਆ ਗਿਆ ਹੈ।

(ੳ) ਗੌਣ ਭਗਤੀ,

(ਅ) ਪਰਾ ਭਗਤੀ।

ਮਨ ਦੀ ਇਕਾਗਰਤਾ ਨਾਲ ਭਗਵਾਨ ਦਾ ਨਿਤ ਨਿਰੰਤਰ ਸਰਵਣ, ਕੀਰਤਨ, ਭਜਨ, ਅਰਾਧਨਾ ਆਦਿ ਭਗਤੀ ਦਾ ਸਾਧਨਾ ਪੱਖ ਹੈ ਅਤੇ ਇਸ ਨੂੰ ਗੌਣ ਭਗਤੀ ਦੀ ਸੰਘੀ ਦਿੱਤੀ ਗਈ ਹੈ। ਜਦੋਂ ਭਗਤ ਸਭ ਕਾਮਨਾਵਾਂ ਤੋਂ ਮੁਕਤ ਹੋ ਕੇ ਪੂਰਨ ਸ਼ਾਂਤ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਤੇ ਈਸ਼ਵਰੀ ਪ੍ਰੇਮ ਵਿਚ ਲੀਨ ਹੋ ਜਾਂਦਾ ਹੈ ਤਾਂ ਇਸਨੂੰ ਪਰਾਭਗਤੀ ਦੀ ਸੰਘੀ ਦਿੱਤੀ ਗਈ ਹੈ।

ਭਗਤੀ ਦੀ ਵਿਆਖਿਆ ਉਪ੍ਰੰਤ, ਇਸ ਦੀਆਂ ਕੁਝ ਵਿਸ਼ੇਸ਼ਤਾਵਾਂ ਨਿਰਧਾਰਨ ਕੀਤੀਆਂ ਜਾ ਸਕਦੀਆਂ ਹਨ। ਈਸ਼ਵਰ ਪ੍ਰਤੀ ਅਟੁੱਟ ਵਿਸ਼ਵਾਸ, ਈਸ਼ਵਰ ਪ੍ਰਤੀ ਪ੍ਰੇਮ, ਨਿਸ਼ਕਾਮ ਸੇਵਾ, ਸਾਧਨਾ 'ਚ ਨਿਰੰਤਰਤਾ, ਸ਼ਰਨਾਗਤ ਤੇ ਆਤਮ ਸਮਰਪਣ। ਇਸੇ ਕਾਰਨ, ਭਾਰਤਦਵਾਜ ਨੇ ਭਗਤੀ ਨੂੰ ਸਮਸਤ ਸਰੀਰਕ ਤੇ ਮਾਨਸਿਕ ਕਿਰਿਆ-ਵਿਉਪਾਰਾਂ ਦਾ ਕੇਂਦਰੀਕਰਨ ਮੰਨਿਆ ਹੈ। ਦੁਸ਼ਟਾਂ ਦੀ ਸੰਗਤ, ਕਾਮ, ਵਾਦ-ਵਿਵਾਦ, ਦੰਭ ਤੇ ਤਰਕ ਭਗਤੀ ਲਈ ਅਵਰੋਧਕ ਸ਼ਕਤੀਆਂ ਹਨ। ਭਗਵਤ ਗੀਤਾ ਵਿਚ ਆਉਂਦਾ ਹੈ ਕਿ ਵਿਸ਼ਾ-ਚਿੰਤਨ ਨਾਲ ਮਨੁੱਖ ਵਿਚ ਨਾਸਤਿਕਤਾ ਉਤਪੰਨ ਹੁੰਦੀ ਹੈ, ਨਾਸਤਿਕਤਾ ਨਾਲ ਕਾਮਨਾ ਉਪਜਦੀ ਹੈ, ਕਾਮ ਨਾਲ ਕ੍ਰੋਧ ਪੈਦਾ ਹੁੰਦਾ ਹੈ, ਕ੍ਰੋਧ ਨਾਲ ਬੁੱਧੀ ਨਾਸ਼ ਹੁੰਦੀ ਹੈ ਤੇ ਬੁੱਧੀ ਨਾਸ਼ ਨਾਲ ਸਰਵਨਾਸ਼ ਹੁੰਦਾ ਹੈ।

ਭਗਤੀ ਅੰਦੋਲਨ

ਭਗਤੀ ਅੰਦੋਲਨ ਦੇ ਆਰੰਭ ਸੰਬੰਧੀ ਵਿਦਵਾਨਾਂ ਵਿਚ ਕਈ ਮਤ ਪਾਏ ਜਾਂਦੇ ਹਨ। ਪਰ ਪ੍ਰਮੁੱਖ ਤੌਰ ਤੇ ਦੋ ਮਤਾਂ ਦਾ ਉਲੇਖ ਅਵੱਸ਼ਕ ਬਣਦਾ ਹੈ।

(ੳ) ਭਗਤੀ ਅੰਦੋਲਨ ਵਿਦੇਸ਼ੀ ਧਰਮਾਂ ਦੇ ਸੰਪਰਕ ਦਾ ਪਰਿਣਾਮ ਹੈ।

(ਅ) ਭਗਤੀ ਅੰਦੋਲਨ ਤਤਕਾਲੀਨ ਪਰਿਸਥਿਤੀਆਂ ਦੀ ਮੰਗ ਦਾ ਸਿੱਟਾ ਹੈ।

ਪਹਿਲੇ ਮਤ ਦੇ ਧਾਰਨੀ, ਜ਼ਿਆਦਾਤਰ ਪੱਛਮੀ ਵਿਦਵਾਨ ਹਨ ਅਤੇ ਭਾਰਤੀ ਆਚਾਰੀਆਂ ਨੇ ਐਸੀ ਅਵਿਧਾਰਨਾ ਨੂੰ ਨਕਾਰਦਿਆਂ, ਭਗਤੀ ਦੇ ਬੀਜ, ਇਥੋਂ ਦੀ ਧਰਤੀ ਵਿਚੋਂ ਲੱਭਣ ਦਾ ਪ੍ਰਯਾਸ ਕੀਤਾ ਹੈ। ਆਚਾਰੀਆ ਰਾਮ ਚੰਦਰ ਸ਼ੁਕਲ ਨੇ ਭਗਤੀ ਅੰਦੋਲਨ ਨੂੰ ਪਰਾਜਿਤ ਭਾਰਤੀ ਜਨਤਾ ਦੀ ਮਨੋਬਿਰਤੀ ਦਾ ਪਰਿਣਾਮ ਮੰਨਿਆ ਹੈ ਅਤੇ ਸਵੀਕਾਰ ਕੀਤਾ ਹੈ ਕਿ ਤਤਕਾਲੀਨ ਪਰਿਸਥਿਤੀਆਂ ਅਨੁਸਾਰ ਪਰਾਜਿਤ ਜਨਤਾ ਸਾਹਮਣੇ ਭਗਤੀ ਅੰਦੋਲਨ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਐਸੇ ਹੀ ਮਤ ਦਾ ਧਾਰਨੀ ਆਈ. ਸੇਰੇਬਰੀਆਕੋਵ ਵੀ ਹੈ। ਇਸ, ਭਗਤੀ ਅੰਦੋਲਨ ਦਾ ਆਰੰਭ ਇਸਲਾਮ ਦੇ ਭਾਰਤ ਉੱਤੇ ਜਿੱਤ ਪ੍ਰਾਪਤ ਕਰਨ ਤੇ ਇਸਲਾਮ ਧਰਮ ਦੇ ਫੈਲਾਓ ਨਾਲ ਮੇਲ ਖਾ ਜਾਂਦਾ ਹੈ। ਇਸ ਪ੍ਰਵਿਰਤੀ ਦਾ ਇਸਲਾਮ ਦੇ ਪ੍ਰਵੇਸ਼ ਕਾਲ ਨਾਲ ਆਰੰਭ ਹੋਣਾ ਅਤੇ ਫਿਰ ਵਿਕਸਤ ਹੋਣਾ ਇਤਿਹਾਸਕ ਦ੍ਰਿਸ਼ਟੀ ਤੋਂ ਠੀਕ ਸਿੱਧ ਨਹੀਂ ਹੁੰਦਾ। ਭਗਤੀ ਚਿੰਤਨ ਦੇ ਇਤਿਹਾਸਕ ਵਿਕਾਸ ਦਾ ਸਰਵੇਖਣ, ਸਪੱਸ਼ਟ ਕਰਦਾ ਹੈ ਕਿ ਇਸ ਦੀਆਂ ਜੜ੍ਹਾਂ ਪੂਰਬ-ਇਤਿਹਾਸਕ ਯੁੱਗ ਵਿਚ ਹਨ। ਇਸ ਭਗਤੀ ਅੰਦੋਲਨ ਨੂੰ ਵਿਦੇਸ਼ੀ ਧਰਮਾਂ ਦੇ ਸੰਪਰਕ ਜਾਂ ਤਤਕਾਲੀਨ ਪਰਿਸਥਿਤੀਆਂ ਦੀ ਮੰਗ ਦਾ ਪਰਿਣਾਮ ਨਹੀਂ ਮੰਨਿਆ ਜਾ ਸਕਦਾ। ਭਗਤੀ ਚਿੰਤਨ ਦਾ ਇਤਿਹਾਸ, ਐਸੀ ਅਵਿਧਾਰਨਾ ਦੀ ਪੁਸ਼ਟੀ ਕਰ ਸਕਦਾ ਹੈ।

### ਭਗਤੀ ਚਿੰਤਨ ਦਾ ਇਤਿਹਾਸ

ਮੱਧਕਾਲੀਨ ਭਾਰਤੀ ਸੰਸਕ੍ਰਿਤੀ, ਜਿਸ ਵਿਚ ਆਰੀਆ, ਅਨਆਰੀਆ ਅਤੇ ਪੂਰਵ-ਆਰਿਆਈ ਸੰਸਕ੍ਰਿਤੀ ਦਾ ਮਿਸ਼ਰਣ ਹੈ, ਆਪਣੀਆਂ ਕੁਝ ਵਿਸ਼ਿਸ਼ਟ ਵਿਸ਼ੇਸ਼ਤਾਵਾਂ ਰੱਖਦੀ ਹੈ। ਇਸ ਦਾ ਇਤਿਹਾਸਕ ਸਰਵੇਖਣ ਭਲੀ ਭਾਂਤ ਸਪੱਸ਼ਟ ਕਰਦਾ ਹੈ ਕਿ ਇਸ ਦਾ ਸਰੂਪ ਗਤੀਸ਼ੀਲ ਤੇ ਕਿਰਿਆਸ਼ੀਲ ਰਿਹਾ ਹੈ ਜੋ ਇਸ ਦੇ ਜੀਵੰਤ ਤੇ ਪ੍ਰਵਾਹਮਾਨ ਹੋਣ ਦਾ ਪ੍ਰਮਾਣ ਹੈ। ਵਿਦ੍ਰੋਹੀ ਭਾਵਾਂ ਦੀ ਉਪਜ ਨੇ ਨਵ-ਚਿੰਤਨ ਨੂੰ ਜਨਮ ਦਿੱਤਾ। ਆਰੀਆ ਤੇ ਦ੍ਰਾਵਿੜੀ ਸੰਸਕ੍ਰਿਤੀਆਂ ਦੇ ਸੁਮੇਲ ਸਮੇਂ, ਐਸੀ ਸਥਿਤੀ ਪ੍ਰਬਲ ਸੀ। ਵੈਦਿਕ ਸੰਹਿਤਾ, ਉਪਨਿਸ਼ਦ, ਮਹਾਂਕਾਵਿ, ਬ੍ਰਾਹਮਣ, ਪੁਰਾਣ ਕਾਲ ਵਿਚ ਵੀ ਸਾਂਸਕ੍ਰਿਤਕ ਪਰਿਵਰਤਨ ਹੁੰਦੇ ਰਹੇ ਅਤੇ ਵੈਦਕ ਮਾਨਤਾਵਾਂ ਨੂੰ ਵਿਰੋਧ ਰੂਪ ਤੇ ਲਲਕਾਰਿਆ ਗਿਆ। ਇਸ ਸੰਦਰਭ ਵਿਚ ਆਦਿ-ਕਾਲੀਨ ਭੌਤਿਕਵਾਦੀਆਂ ਦਾ ਵਿਸ਼ੇਸ਼ ਯੋਗ ਰਿਹਾ ਹੈ।

ਜੈਨ ਤੇ ਬੁੱਧ ਸੰਪ੍ਰਦਾਵਾਂ ਨੇ ਤਾਂ ਯੁੱਗਾਂ ਤੋਂ ਸਥਾਪਿਤ ਕਰਮ ਕਾਂਡੀ ਚਿੰਤਨ ਦਾ ਵਿਰੋਧ ਕੀਤਾ। ਭਾਵੇਂ ਬਾਅਦ ਵਿਚ ਉਹਨਾਂ ਨੂੰ ਪੁਰਾਤਨ ਵਿਚਾਰਾਂ ਨਾਲ ਸੰਧੀ ਵੀ ਕਰਨੀ ਪਈ। ਇਸੇ ਕਾਰਨ ਬੁੱਧਮਤ ਨੂੰ ਨਵਾਂ ਧਰਮ ਨਹੀਂ ਮੰਨਿਆ ਜਾਂਦਾ ਅਤੇ ਤਤਕਾਲੀਨ ਪ੍ਰਤੀਕਰਮ ਦਾ ਸਿੱਟਾ ਕਬੂਲਿਆ ਜਾਂਦਾ ਹੈ। ਇਸ ਤਰ੍ਹਾਂ, ਪ੍ਰਾਚੀਨ ਸੰਸਕ੍ਰਿਤੀ, ਕਿਵ ਤਰ੍ਹਾਂ ਆਪਣੇ ਆਪ ਵਿਚ ਸੰਘਰਸ਼ ਹੋ ਕੇ ਅਗੇ ਵੱਧਦੀ ਹੈ ਤੇ ਜਿਉਂ ਹੀ ਇਸ ਵਿਚ ਵਿਦ੍ਰੋਹ ਤੇ ਪ੍ਰਤੀਕਰਮ ਪੈਦਾ ਹੋਏ ਤਾਂ ਉਸ ਨੂੰ ਨਵਾਂ ਜੀਵਨ ਪ੍ਰਦਾਨ ਹੋਇਆ। ਇਸੇ ਲਈ ਭਗਤੀ ਅੰਦੋਲਨ ਨੂੰ ਵੀ ਬ੍ਰਾਹਮਣੀ ਦਰਸ਼ਨ ਤੇ ਸ਼ੋਸ਼ਕ ਸ਼ੋਧਿਕਵਾਦ ਵਿਰੁੱਧ ਵਿਦਰੋਹ ਮੰਨ ਲਿਆ ਜਾਂਦਾ ਹੈ।

ਭਗਤੀ ਦੇ ਉਦਭਵ ਤੇ ਵਿਕਾਸ-ਕ੍ਰਮ ਸੰਬੰਧੀ ਭਾਵੇਂ ਕਈ ਅਨੁਮਾਨ ਲਾਏ ਜਾਂਦੇ ਹਨ, ਪਰ ਲਗਭਗ ਇਹ ਸਾਧਾਰਣ ਅਵਿਧਾਰਨਾ ਹੈ ਕਿ ਆਸਤਕ ਭਾਵ ਨਾਲ ਈਸ਼ਵਰੀ ਉਪਾਸਨਾ ਕਰਨ ਵਾਲੇ ਆਰੀਆਂ ਵਿਚ ਭਗਤੀ ਦੇ ਮੂਲ ਬੀਜ ਵਿਦਮਾਨ ਸਨ ਅਤੇ ਅੰਸ਼ਕ ਰੂਪ ਵਿਚ ਭਗਤੀ ਦੇ ਵਿਵਿਧ ਰੂਪਾਂ ਦਾ ਆਭਾਸ, ਉਹਨਾਂ ਨੂੰ ਵੈਦਕ ਕਾਲ ਤੋਂ ਹੀ ਪ੍ਰਵਾਹਮਾਨ ਸਨ। ਇਹਨਾਂ ਦੋਹਾਂ ਪ੍ਰਧਾਨ ਸ਼ਾਖਾਵਾਂ ਵਿਚ ਭਗਤੀ ਚਿੰਤਨ-ਧਾਰਾ ਪ੍ਰਵਾਹ ਕਰਦੀ ਹੈ, ਪਰੰਤੂ ਭਗਤੀ ਦਾ ਕ੍ਰਮਕ ਵਿਕਾਸ ਵਿਸ਼ੇਸ਼ ਰੂਪ ਵਿਚ ਵੈਸ਼ਣਵ ਧਰਮ ਉੱਤੇ ਹੀ ਆਸ਼੍ਰਿਤ ਮੰਨਿਆ ਜਾਂਦਾ ਹੈ।

ਵੈਸ਼ਣਵ ਭਗਤੀ ਦਾ ਪ੍ਰਭਾਵ ਭਾਰਤੀ ਚਿੰਤਨ ਉੱਤੇ ਸਪਸ਼ਟ ਹੈ ਅਤੇ ਕਲਾ, ਸੰਸਕ੍ਰਿਤੀ ਤੇ ਸਾਹਿਤ ਦੇ ਸਾਰੇ ਖੇਤਰਾਂ ਉਤੇ ਵੀ ਦੇਖਿਆ ਜਾ ਸਕਦਾ ਹੈ।

ਭਾਵੇਂ ਵੇਦਾਂ ਵਿਚ ਭਗਤੀ ਸ਼ਬਦੀ ਦਾ ਪ੍ਰਯੋਗ ਨਹੀਂ ਮਿਲਦਾ, ਪਰੰਤੂ ਇਸ ਦੀ ਧਾਤੂ 'ਭਜ' ਦਾ ਪ੍ਰਯੋਗ ਮਿਲਦਾ ਹੈ ਅਤੇ ਭਗਤੀ ਦੇ ਸਾਧਨਾ ਪੱਖ : ਪੂਜਾ ਕੀਰਤਨ, ਨਾਮ ਆਦਿ ਦਾ ਵੀ ਵਿਵਰਣ ਹੈ। ਇਹਨਾਂ ਸੰਕੇਤਾਂ ਦਾ ਭਗਤੀ ਉਪਾਸਨਾ ਮਾਰਗ ਦੇ ਵਿਕਾਸ ਵਿਚ ਮਹੱਤਵਪੂਰਣ ਯੋਗਦਾਨ ਹੈ। ਇਸ ਤਰ੍ਹਾਂ ਦੇ ਕੁਝ ਸਮਾਨਾਰਥੀ ਸ਼ਬਦਾਂ ਦੇ ਪ੍ਰਯੋਗ ਦੇ ਆਧਾਰ ਤੇ ਭਗਤੀ ਦੇ ਸਰੂਪ ਦੀ ਹੋਂਦ ਸਵੀਕਾਰ ਕੀਤੀ ਜਾਂਦੀ ਹੈ। ਆਰੀਆਂ ਦੀ ਪ੍ਰਾਕ੍ਰਿਤੀ-ਪੂਜਨ ਪ੍ਰਥਾ ਨੇ ਬਹੁਦੇਵ ਪੂਜਨ ਨੂੰ ਜਨਮ ਦਿੱਤਾ। ਭਗਤੀ ਦੇ ਤਿੰਨ ਪੱਖ ਪ੍ਰਵਾਨ ਕੀਤੇ ਜਾਂਦੇ ਹਨ-ਕਰਮ, ਗਿਆਨ ਤੇ ਉਪਾਸਨਾ। ਇਹਨਾਂ ਦਾ ਪੁਨਰ-ਉਥਾਨ ਵੈਸ਼ਣਵ ਭਗਤੀ ਵਿਚ ਹੋਇਆ, ਪਰੰਤੂ ਅਨੁਰਾਗ ਪਰਕ ਭਗਤੀ ਦਾ ਸਰੂਪ ਉਪਲਬਧ ਨਹੀਂ ਹੈ ਜੋ ਮੱਧਕਾਲੀਨ ਯੁਗ ਵਿਚ ਨਿਖਰ ਕੇ ਸਾਹਮਣੇ ਆਉਂਦਾ ਹੈ।

ਉਪਨਿਸ਼ਦਾਂ ਨੇ ਕਰਮਕਾਂਡੀ ਵਿਵਸਥਾ ਦਾ ਵਿਰੋਧ ਕੀਤਾ ਹੈ ਤੇ ਗਿਆਨ ਤੇ ਦਾਰਸ਼ਨਿਕ ਪੱਧਤੀ ਨੂੰ ਅਪਣਾਇਆ। ਇਹਨਾਂ ਵਿਚ ਬ੍ਰਹਮ ਤੇ ਜੀਵ ਉਤੇ ਵਿਸਤ੍ਰਿਤ ਵਿਚਾਰ ਵੀ ਮਿਲਦਾ ਹੈ। ਉਪਨਿਸ਼ਦਾਂ ਵਿਚ ਪਾਰਬ੍ਰਹਮ ਦਾ ਜੋ ਸਥਾਨ ਹੈ, ਉਹੀ ਵੈਦਿਕ ਵਿਚ ਵਿਸ਼ਨੂੰ ਨੂੰ ਪ੍ਰਾਪਤ ਹੈ। ਉਪਨਿਸ਼ਦਾਂ ਵਿਚ ਸਭ ਦੇਵਾਂ ਨੂੰ ਸਮਾਨ ਸਵੀਕਾਰਿਆ ਗਿਆ ਹੈ। ਇਹ ਮਤ ਕਿ ਸਭ ਦੇਵ ਇਕ ਹਨ ਅਤੇ ਦੇਵ ਆਪਣੇ ਆਪ ਨੂੰ ਅਨੇਕ ਰੂਪਾਂ ਵਿਚ ਪ੍ਰਗਟ ਕਰਦਾ ਹੈ, ਅਵਤਾਰਵਾਦ ਨੂੰ ਜਨਮ ਦਿੰਦਾ ਹੈ। ਭਗਤੀ ਸ਼ਬਦ ਦਾ ਪਹਿਲੀ ਵਾਰ ਪ੍ਰਯੋਗ ਵੀ ਉਪਨਿਸ਼ਦਾਂ ਵਿਚ ਹੋਇਆ। ਉਪਨਿਸ਼ਦਾਂ ਵਿਚ ਉਪਾਸਨਾ ਦਾ ਸੁਵਿਸਥਾਰ ਵਰਣਨ ਹੈ। ਉਪਨਿਸ਼ਦਾਂ ਵਿਚ ਭਗਤੀ ਦੇ ਅਧਿਆਤਮਕ ਪੱਖ ਦਾ ਵਰਣਨ ਅਗਾਮੀ ਭਗਤੀ ਚਿੰਤਨ ਦਾ ਆਧਾਰ ਮੰਨਿਆ ਜਾਂਦਾ ਹੈ। ਪਰੰਤੂ ਭਗਤੀ ਚਿੰਤਨ ਅੱਗੇ ਜਾ ਕੇ, ਜਿਸ ਸਮਾਜਿਕ ਭੂਮੀ ਉਤੇ ਵਿਕਸਤ ਹੋਇਆ, ਉਸ ਦਾ ਸਰੂਪ ਉਪਨਿਸ਼ਦ ਕਾਲ ਨਾਲੋਂ ਭਿੰਨ ਸੀ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਭਗਤੀ ਨੂੰ ਦਾਰਸ਼ਨਿਕ ਤੇ ਚਿੰਤਨ-ਤਰਕ ਸਰੂਪ ਦੇਣ ਦੀ ਚੇਸ਼ਟਾ ਉਪਨਿਸ਼ਦਾਂ ਨੇ ਕੀਤੀ। ਇਹ ਵੀ ਪ੍ਰਵਾਨ ਕੀਤਾ ਜਾ ਸਕਦਾ ਹੈ ਕਿ ਉਪਨਿਸ਼ਦ ਕਾਲ ਵਿਚ, ਜੋ ਸਾਧਾਰਨ ਜਨਤਾ ਵੈਦਕ ਕਰਮਕਾਂਡਾਂ ਤੋਂ ਅੱਕ ਗਈ ਸੀ, ਉਹ ਵੀ ਭਗਤੀ ਮਾਰਗ ਵਲ ਰੁਚਿਤ ਹੋਈ।

ਪੁਰਾਣਾਂ ਦਾ ਮੂਲ ਸ੍ਰੋਤ ਬੇਸ਼ਕ ਵੇਦ ਹੀ ਮੰਨੇ ਜਾਂਦੇ ਹਨ, ਪਰੰਤੂ ਵੇਦਾਂ ਵਿਚ ਦਾਰਸ਼ਨਿਕ ਚਿੰਤਨ ਦੇ ਜਿਹੜੇ ਸੰਕੇਤ ਉਪਲਬਧ ਹਨ, ਉਥੇ ਪੁਰਾਣਾਂ ਵਿਚ ਉਹਨਾਂ ਦੀ ਸੁਵਿਸਤਾਰ ਵਿਆਖਿਆ ਕੀਤੀ ਗਈ ਮਿਲਦੀ ਹੈ। ਇਸੇ ਲਈ ਵੇਦਾਂ ਦੇ ਗ੍ਰਹਿਣ ਲਈ ਪੁਰਾਣਾਂ ਦਾ ਅਧਿਐਨ ਅਤੀ ਅਵੱਸ਼ਕ ਮੰਨਿਆ ਜਾਂਦਾ ਹੈ। ਪੁਰਾਣ ਸਾਹਿਤ ਵਿਚ ਭਗਤੀ ਦਾ ਉਘੜਵਾਂ ਸਰੂਪ ਦ੍ਰਿਸ਼ਟੀਗੋਚਰ ਹੁੰਦਾ ਹੈ। ਕਾਰਨ ਇਹ ਹੈ ਕਿ ਇਹਨਾਂ ਵਿਚ ਭਗਤੀ ਚਿੰਤਨ ਦੇ ਸਮੁੱਚੇ ਪੱਖਾਂ ਨੂੰ ਜੀਉਂਦੇ ਜਾਗਦੇ ਪਾਤਰਾਂ ਕਥਾਵਾਂ, ਬਿਰਤਾਂਤਾਂ ਤੇ ਸਾਕਾਰ ਬਿੰਬਾਂ ਰਾਹੀਂ ਨਿਰੂਪਤ ਕੀਤਾ ਹੈ। ਐਸੀ ਜੁਗਤ ਨਾਲ ਪੁਰਾਣ ਸਾਹਿਤ ਵੈਦਕ ਧਾਰਨਾ ਨੂੰ ਲੋਕ ਭਾਵਨਾ ਦੇ ਅਨੁਕੂਲ ਬਣਾਉਣ ਦਾ ਇਕ ਸਾਰਥਕ ਕਦਮ ਮੰਨਿਆ ਜਾ ਸਕਦਾ ਹੈ ਅਤੇ ਉਪ-ਨਿਸ਼ਦ ਦਰਸ਼ਨ ਦੀ ਅਤਿਅੰਤ ਜਟਿਲਤਾ ਨੂੰ ਸਾਧਾਰਨ ਵਿਅਕਤੀ ਦੇ ਪੱਧਰ ਤੇ ਲਿਆਉਣ ਦਾ ਪ੍ਰਯਾਸ ਵੀ ਪੁਰਾਣਾਂ ਨੇ ਕੀਤਾ। ਇਝ ਗਿਆਨ, ਕਰਮ ਤੇ ਭਗਤੀ ਦਾ ਸਮੀਕਰਨ, ਗੀਤਾ ਵਿਚ ਪ੍ਰਾਪਤ ਹੁੰਦਾ ਹੈ। ਗੀਤਾ ਨੂੰ ਭਗਤੀ ਸ਼ਾਸਤਰ ਦੀ ਸਮੁੱਚੀ ਸੰਪਤੀ ਤੇ ਵਿਸ਼ਵ ਕੋਸ਼ ਵੀ ਮੰਨਿਆ ਗਿਆ ਹੈ। ਭਗਤੀ, ਭਗਤੀ ਦੀ ਪ੍ਰਕ੍ਰਿਤੀ, ਭਗਤੀ ਦੇ ਪ੍ਰਕਾਰ, ਭਗਤੀ ਦਾ ਤਾਤਵਿਕ ਗਿਆਨ, ਭਗਤੀ ਦਾ ਉਦੇਸ਼ ਅਤੇ ਭਗਤੀ ਚਿੰਤਨ ਦੇ ਹੋਰ ਪੱਖਾਂ ਤੇ ਸੁਵਿਸਤਾਰ ਚਰਚਾ ਪੁਰਾਣ ਸਾਹਿਤ ਵਿਚ ਮਿਲਦੀ ਹੈ। ਅਵਤਾਰਵਾਦੀ ਕਲਪਨਾ ਨੂੰ ਮੁੱਖ ਰੱਖ ਕੇ ਪੁਰਾਣਾਂ ਵਿਚ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਹੈ ਪੂਰਨ-ਈਸ਼ਵਰ ਅਨੇਕਾਂ ਰੂਪਾਂ ਵਿਚ ਪ੍ਰਗਟ ਹੋ ਕੇ ਵੀ, ਇਕ ਪਰਮ ਤੱਤ ਹੈ ਅਤੇ ਇਸ ਤਰ੍ਹਾਂ ਅਵਤਾਰਾਂ ਦੀ ਕਲਪਨਾ ਬ੍ਰਹਮ ਸੰਬੰਧੀ ਚਿੰਤਨ ਨੂੰ ਖੰਡਿਤ ਨਹੀਂ ਹੋਣ ਦਿੰਦੀ, ਸਗੋਂ ਉਸ ਨੂੰ ਸੁਰੱਖਿਅਤ ਰੱਖਦੀ ਹੈ। ਇਸੇ ਕਾਰਨ ਕਿਹਾ ਜਾਂਦਾ ਹੈ ਅਗਰ ਪੁਰਾਣ ਕਾਲ ਵਿਚ ਬ੍ਰਹਮ ਦਾ ਸਮੀਕਰਨ ਨਾ ਕੀਤਾ ਜਾਂਦਾ ਤਾਂ ਮੱਧਕਾਲ ਵਿਚ ਭਗਤੀ ਦਾ ਐਸਾ ਵਿਰਾਟ ਰੂਪ ਦੇਖਣ ਵਿਚ ਨਾ ਆਉਂਦਾ।

ਪੁਰਾਣਾਂ ਦਾ ਰਚਨਾ ਕਾਲ ਬ੍ਰਾਹਮਣੀ ਧਰਮ ਦੇ ਬੁੱਧ-ਜੈਨ ਧਰਮਾਂ ਦੇ ਵਿਚਾਰਕ ਸੰਘਰਸ਼ ਦਾ ਕਾਲ ਸੀ। ਇਸੇ ਲਈ ਪੁਰਾਣਾਂ ਨੇ ਜਨਤਾ ਦੀ ਨੇੜਤਾ ਹਾਸਲ ਕਰਨ ਦਾ ਪ੍ਰਯਾਸ ਕੀਤਾ। ਇਸ ਤਰ੍ਹਾਂ ਪੁਰਾਣ ਯੁਗ ਤਕ, ਭਗਤੀ ਚਿੰਤਨ, ਪੂਰਵ-ਚਿੰਤਨ ਦਾ ਅਨੁਸਰਨ ਨਹੀਂ ਮੰਨਿਆ ਜਾ ਸਕਦਾ, ਸਗੋਂ ਇਸ ਨਵੀਨ ਗੁਣਾਂ ਦਾ ਸਮਾਵੇਸ਼ ਹੁੰਦਾ ਹੈ।

ਭਗਤੀ ਚਿੰਤਨ ਦਾ ਇਹ ਇਤਿਹਾਸਕ ਸਰਵੇਖਣ, ਸਪੱਸ਼ਟ ਕਰਦਾ ਹੈ ਕਿ ਭਗਤੀ ਚਿੰਤਨ ਦੀਆਂ ਜੜ੍ਹਾਂ ਪੂਰਬ-ਇਤਿਹਾਸਕ ਯੁਗ ਵਿਚ ਸਨ ਅਤੇ ਪੁਰਾਣ ਯੁਗ ਤਕ ਇਹ ਇਕ ਸੁਤੰਤਰ ਚਿੰਤਨ ਬਣ ਚੁੱਕਾ ਸੀ। ਇੰਝ, ਭਗਤੀ ਅੰਦੋਲਨ ਨੂੰ ਵਿਦੇਸ਼ੀ ਧਰਮਾਂ ਦੇ ਸੰਪਰਕ ਦਾ ਪਰਿਣਾਮ ਜਾਂ ਤਤਕਾਲੀਨ ਪਰਿਸਥਿਤੀਆਂ ਦੀ ਉਪਜ ਦੀ ਸਿੱਟਾ ਮੰਨਣਾ ਅਣ-ਉਚਿਤ ਹੈ।

ਸਗੁਣ-ਨਿਰਗੁਣ ਭਗਤੀ

ਗੀਤਾ ਵਿਚ, ਇਕ ਵਿਵਾਦਗ੍ਰਸਤ ਸਮੱਸਿਆ ਤੇ ਵੀ ਵਿਚਾਰ ਕੀਤਾ ਗਿਆ ਹੈ, ਇਹ ਹੈ ਸਾਕਾਰ ਨਿਰਾਕਾਰ ਭਗਤੀ, ਜਿਸ ਨੂੰ ਆਲੋਚਕਾਂ ਦੇ ਨਿਰਗੁਣ-ਸਗੁਣ ਇਕਾਈਆਂ ਵਿਚ ਵੰਡ ਲਿਆ ਹੈ। ਗੀਤਾ ਅਨੁਸਾਰ ਈਸ਼ਵਰ ਦੇ ਦੋ ਮੁੱਖ ਰੂਪ ਹਨ—ਵਿਅੱਕਤ ਤੇ ਅਵਿੱਅਕਤ। ਵਿਅੱਕਤ ਜੋ ਗੋਚਰ ਤੇ ਅਨੁਭਵ ਦੀ ਸੀਮਾ ਵਿਚ ਹੈ, ਇਸ ਨੂੰ ਸਾਕਾਰ ਅਥਵਾ ਸਗੁਣ ਦੀ ਸੰਗ੍ਯਾ ਦਿੱਤੀ ਗਈ ਹੈ। ਅਵਿਅਕਤ, ਜੋ ਅਨੁਭਵ ਦੀ ਸੀਮਾ ਤੋਂ ਬਾਹਰ ਤੇ ਅਗੋਚਰ ਹੈ, ਇਸ ਨੂੰ ਨਿਰਾਕਾਰ ਅਥਵਾ ਨਿਰਗੁਣ ਦੀ ਸੰਗ੍ਯਾ ਦਿੱਤੀ ਗਈ ਹੈ। ਇਸਦੇ ਬਾਵਜੂਦ, ਈਸ਼ਵਰ ਨੂੰ ਸੰਪੂਰਨ ਨਿਰਗੁਣ ਜਾਂ ਨਿਰਾਕਾਰ ਨਹੀਂ ਕਿਹਾ ਜਾ ਸਕਦਾ, ਕਿਉਂਕਿ ਉਸ ਵਿਚ ਸੂਖਮ ਰੂਪ ਵਿਚ ਅਜੇ ਵੀ ਗੁਣ ਵਿਦਮਾਨ ਹਨ। ਇਸੇ ਲਈ ਅੱਵਿਕਤ ਦੇ ਵੀ ਭੇਦ ਕਰ ਲਏ ਜਾਂਦੇ ਹਨ, ਸਗੁਣ, ਸਿਗੁਣ-ਨਿਰਾਕਾਰ ਤੇ ਨਿਰਗੁਣ। ਇੰਝ ਇਹ ਅਵਿਧਾਰਨਾ ਬਿਲਕੁਲ ਗਲਤ ਸਿੱਧ ਹੁੰਦੀ ਹੀ ਹੈ ਕਿ ਸਗੁਣ ਤੇ ਨਿਰਗੁਣ ਭਿੰਨ ਭਗਤੀ ਮਾਰਗ ਹਨ। ਇਹ ਦੋਵੇਂ ਅੰਤਰ-ਸੰਬੰਧਤ ਹਨ। ਇਸੇ ਲਈ, ਨਿਰਗੁਣਵਾਦੀਆਂ ਵਿਚ ਸਗੁਣ ਭਗਤੀ ਦੇ ਅੰਸ਼ਾਂ ਦਾ ਮਿਸ਼ਰਣ ਵੀ ਮਿਲਦਾ ਹੈ। ਕਈ ਵਾਰ ਤਾਂ ਸਗੁਣ ਤੇ ਨਿਰਗੁਣ ਵਿਚ ਕੋਈ ਭੇਦ ਮੰਨਿਆ ਹੀ ਨਹੀਂ ਜਾਂਦਾ ਹੈ।

ਪੰਜਾਬੀ ਸਾਹਿਤ ਦੇ ਪੂਰਵ-ਨਾਨਕ ਕਾਲ ਵਿਚ ਨਿਰਗੁਣ ਧਾਰਾ ਦਾ ਵਿਸ਼ੇਸ਼ ਬੋਲ-ਬਾਲਾ ਰਿਹਾ ਹੈ। ਜੈਦੇਵ, ਤ੍ਰਿਲੋਚਨ, ਨਾਮਦੇਵ, ਸਧਨਾ, ਰਾਮਾਨੰਦ ਸੈਣ, ਰਵਿਦਾਸ, ਕਬੀਰ, ਧੰਨਾ, ਪੀਪਾ ਆਦਿ ਨੂੰ ਨਿਰਗੁਣਵਾਦੀ ਹੋਣ ਕਾਰਨ ਹੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਸਥਾਨ ਪ੍ਰਾਪਤ ਹੋਇਆ। ਪਰ ਇਸ ਦੇ ਨਾਲ ਹੀ, ਇਹਨਾਂ ਭਗਤਾਂ ਵਿਚ ਪਰੰਪਰਕ ਸਗੁਣ ਤੱਤਾਂ ਦਾ ਸਮਾਵੇਸ਼ ਵੀ ਹੋਇਆ ਮਿਲਦਾ ਹੈ। ਆਚਾਰੀਆ ਰਾਮ ਚੰਦਰ ਸ਼ੁਕਲ ਨੇ ਭਗਤੀ ਪਰੰਪਰਾ ਦੇ ਖੇਤਰ ਵਿਚ ਸੂਫ਼ੀਆਂ ਨੂੰ ਵੀ ਸਥਾਨ ਦਿੱਤਾ ਹੈ। ਇਸ ਕਾਲ ਵਿਚ ਸੂਫ਼ੀ ਕਾਵਿਧਾਰਾ ਇਕ ਸੁਤੰਤਰ ਧਾਰਾ ਹੈ ਅਤੇ ਇਸ ਤਰ੍ਹਾਂ, ਇਸ ਨੂੰ ਭਗਤੀ ਧਾਰਾ ਵਿਚ ਸ਼ਾਮਲ ਕਰਨ ਅਣ-ਉਚਿਤ ਹੈ ਕਿਉਂਕਿ ਨਿਰਗੁਣਧਾਰਾ ਵਿਚ ਕੇਵਲ ਗਿਆਨੇਸ਼ਰੀ ਸਾਹਿਤ ਨੂੰ ਹੀ ਸ਼ਾਮਲ ਕੀਤਾ ਜਾਣਾ ਉਚਿਤ ਹੈ। ਡਾ: ਪ੍ਰੇਮ ਪ੍ਰਕਾਸ਼ ਸਿੰਘ ਵੀ, ਇਸੇ ਮਤ ਦਾ ਧਾਰਨੀ ਹੈ ਅਤੇ ਧਾਰਾ ਨੂੰ 'ਨਿਰਗੁਣ-ਕਾਵਿ ਧਾਰਾ' ਜਾਂ 'ਨਿਰਗੁਣਵਾਦੀ ਕਾਵਿ-ਧਾਰਾ' ਦਾ ਨਾਮ ਦਿੰਦਾ ਹੈ। ਇਸ ਲਈ ਇਸ ਕਾਲ ਵਿਚ ਕੇਵਲ ਉਹਨਾਂ ਨਿਰਗੁਣਵਾਦੀ ਕਵੀਆਂ ਦਾ ਹੀ ਵਿਵਰਣ ਹੈ, ਜੋ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਸ਼ਾਮਲ ਹਨ।

ਭਗਤੀ ਪਰੰਪਰਾ ਦਾ ਵਿਕਾਸ

ਭਗਤੀ ਪਰੰਪਰਾ ਦੇ ਵਿਕਾਸ ਵਿਚ ਦੱਖਣ ਦੇ ਵੈਸ਼ਣਵ ਆਲਵਾਰ, ਸ਼ੈਵ ਆਡਿਆਰ ਤੇ ਭਗਤੀ ਆਚਾਰੀਆਂ ਦਾ ਵੀ ਮਹੱਤਵਪੂਰਨ ਯੋਗਦਾਨ ਹੈ। ਭਗਤੀ ਪਰੰਪਰਾ ਦੇ ਵਿਕਾਸ ਵਿਚ ਬਾਰਾਂ ਵੈਸ਼ਣਵ ਆਲਵਾਰਾਂ ਦੀ ਦੇਣ ਵਿਸ਼ੇਸ਼ ਮੰਨੀ ਗਈ ਹੈ।

ਲਗਭਗ ਇਹ ਸਥਾਪਤ ਮਤ ਹੈ ਕਿ ਦੱਖਣ ਵਿਚ ਜੋ ਭਗਤੀ ਅੰਦੋਲਨ ਉਠਿਆ, ਉਸ ਵਿਚ ਆਲਵਾਰ

ਸੰਤਾਂ ਨੇ ਮੁੱਖ ਭੂਮਿਕਾ ਨਿਭਾਈ। ਆਲਵਾਰਾਂ ਦੀ ਸਭ ਤੋਂ ਵੱਡੀ ਦੇਣ ਇਹ ਹੈ ਕਿ ਉਹਨਾਂ ਭਗਤੀ ਦੇ ਦੁਆਰ ਸਭ ਲਈ ਖੋਲ੍ਹ ਦੱਤੇ ਤੇ ਭਗਤੀ ਨੂੰ ਵਿਆਪਕ ਭੂਮੀ ਪ੍ਰਧਾਨ ਕੀਤੀ। ਇਸ ਨਾਲ ਆਮ ਜਨਤਾ ਸਰਲਤਾ ਨਾਲ ਭਗਤੀ ਵਿਚ ਸ਼ਾਮਲ ਹੋਣ ਦੇ ਸਮਰੱਥ ਹੋ ਗਈ।

ਪਰ ਸਹੀ ਅਰਥਾਂ ਵਿਚ ਭਗਤੀ ਨੂੰ ਦਾਰਸ਼ਨਿਕ ਆਧਾਰ ਭਗਤੀ ਆਚਾਰੀਆਂ ਨੇ ਦਿੱਤਾ। ਇਹਨਾਂ ਵਿਚੋਂ ਸ਼ੰਕਰਾਚਾਰੀਆ ਦਾ ਵਿਸ਼ੇਸ਼ ਉਲੇਖ ਕੀਤਾ ਜਾ ਸਕਦਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਸਾਰੇ ਦਾ ਸਾਰਾ ਭਗਤੀ ਅੰਦੋਲਨ ਹੀ ਸ਼ੰਕਰ ਦੀ ਵੇਦਾਂਤੀ ਵਿਆਖਿਆ ਪ੍ਰਤੀ ਤੀਬਰ ਪ੍ਰਤੀਕ੍ਰਿਆ ਦੇ ਰੂਪ ਵਿਚ ਆਪਣੀ ਅਸਹਿਮਤੀ ਵਿਅਕਤ ਕਰਦਾ ਹੈ। ਸ਼ੰਕਰਾਚਾਰੀਆ ਦੇ ਅਦਵੈਤਵਾਦ ਦੇ ਸਿਧਾਂਤ (ਬ੍ਰਹਮ ਸਤ ਹੈ, ਜਗਤ ਮਿਥਿਆ ਹੈ, ਜੀਵ ਬ੍ਰਹਮ ਹੈ, ਜੀਵ ਬ੍ਰਹਮ ਤੋਂ ਕਿਸ ਵੀ ਤਰ੍ਹਾਂ ਭਿੰਨ ਨਹੀਂ) ਨੂੰ ਲੈ ਕੇ ਵਿਭਿੰਨ ਸੰਪ੍ਰਦਾਵਾਂ ਹੋਂਦ ਵਿਚ ਆਈਆਂ। ਕਿਉਂਕਿ ਭਗਤੀ ਲਈ ਬ੍ਰਹਮ ਤੇ ਜੀਵ ਦਾ ਵੱਖ-ਵੱਖ ਹੋਣਾ ਜ਼ਰੂਰੀ ਬਣ ਜਾਂਦਾ ਹੈ- ਰਾਮਾਨੁਜ ਸੰਪ੍ਰਦਾ, ਮੱਧਆਚਾਰੀਆ ਦੀ ਬ੍ਰਹਮ ਸੰਪ੍ਰਦਾ, ਨਿੰਬਾਰਕ ਦੀ ਸਨਕਾਦਿ ਤੇ ਵਿਸ਼ਣੂਸੁਆਮੀ ਦੀ ਰੁਦਰ ਸੰਪ੍ਰਦਾ।

ਰਾਮਾਨੁਜ ਦੀ ਭਗਤੀ ਪਰੰਪਰਾ ਵਿਚ ਸਭ ਤੋਂ ਵੱਡੀ ਦੇਣ, ਨਿਮਨ ਵਰਗਾਂ ਦੀ ਭਗਤੀ ਪਰੰਪਰਾ ਵਿਚ ਬਰਾਬਰ ਮੰਨੀ ਜਾ ਸਕਦੀ ਹੈ। ਉਹਨਾਂ ਸ਼ੂਦਰ, ਨੀਵੀਆਂ ਜਾਤੀਆਂ ਤੇ ਨਿਮਨ ਵਰਗਾਂ ਲਈ ਭਗਤੀ ਦੇ ਦਰਵਾਜ਼ੇ ਖੋਲ੍ਹ ਦਿੱਤੇ। ਇਸ ਤਰ੍ਹਾਂ ਰਾਮਾਨੁਜ ਨਾਲ, ਭਗਤੀ ਅੰਦੋਲਨ ਵਿਚ ਉਦਾਰਵਾਦੀ ਰੁਚੀ ਪ੍ਰਵੇਸ਼ ਕਰਦੀ ਹੈ। ਰਾਮਾਨੁਜ ਮੱਧਆਚਾਰੀਆ, ਨਿੰਬਾਰਕ ਤੇ ਵਿਸ਼ਣੂ ਸਵਾਮੀ ਨੇ 11ਵੀਂ ਤੋਂ 13ਵੀਂ ਸਦੀ ਤਕ ਵੈਸ਼ਣਵ ਧਰਮ ਨੂੰ ਬੋਧਿਕ ਵਿਚਾਰ ਤੇ ਦਾਰਸ਼ਨਿਕ ਵਿਚਾਰ ਦਿੱਤੇ। ਇਸ ਉਪ੍ਰੰਤ ਰਾਮਾਨੰਦ ਦਾ ਭਗਤੀ ਪਰੰਪਰਾ ਵਿਚ ਵਿਸ਼ਿਸ਼ਟ ਸਥਾਨ ਹੈ। ਉਹਨਾਂ ਨੇ ਰਾਮਾਨੁਜਚਾਰੀਆਂ ਦੀ ਪਰੰਪਰਾ ਨੂੰ ਨਵਾਂ ਰੂਪ ਪ੍ਰਦਾਨ ਕੀਤਾ ਅਤੇ ਉਤਰੀ ਭਾਰਤ ਵਿਚ ਭਗਤੀ ਪਰੰਪਰਾ ਦਾ ਪ੍ਰਚਲਨ ਕੀਤਾ। ਰਾਮਾਨੰਦ ਨੇ ਭਗਤੀ ਪਰੰਪਰਾ ਵਿਚ ਨਿਮਨ ਸਾਹਿਤ ਅਤੇ ਪੰਜਾਬੀ ਸਾਹਿਤ ਦਾ ਇਤਿਹਾਸ ਵਰਗਾਂ ਨੂੰ ਸਥਾਨ ਦੇ ਕੇ, ਭਗਤੀ ਵਿਚ ਸਮਾਜਕ ਚੇਤਨਾ ਲਿਆਂਦੀ।

**ਭਗਤੀ ਸਾਹਿਤ ਅਤੇ ਪੰਜਾਬੀ ਸਾਹਿਤ ਦਾ ਇਤਿਹਾਸ**

ਇਸ ਕਾਲ ਦੇ ਭਗਤੀ ਕਵੀਆਂ ਦਾ ਸਿੱਧਾ ਸੰਬੰਧ, ਪੰਜਾਬੀ ਭਾਸ਼ਾ ਜਾਂ ਖੇਤਰ ਨਾਲ ਨਹੀਂ ਰਿਹਾ। ਇਸ ਦੀ ਪੁਸ਼ਟੀ, ਇਸ ਕਾਲ ਦੇ ਭਗਤਾਂ ਦੇ ਪਰੀਚਯ ਉਪਰੰਤ ਭਲੀ ਭਾਂਤ ਹੋ ਜਾਂਦੀ ਹੈ। ਜੈ ਦੇਵ ਬੰਗਾਲ ਦੇ ਸਨ, ਤ੍ਰਿਲੋਚਨ, ਨਾਮਦੇਵ ਮਹਾਂਰਾਸ਼ਟਰੀ ਸਨ, ਰਵਿਦਾਸ ਤਕਬੀਰ ਬਨਾਰਸ ਦੇ ਸਨ। ਨਾਮਦੇਵ ਤਾਂ ਮਰਾਠੀ ਸਾਹਿਤ ਦੇ ਪ੍ਰਾਰੰਭਕ ਇਤਿਹਾਸਕ ਯੁਗ ਨਾਲ ਸੰਬੰਧਤ ਹਨ। ਇਝ, ਇਹਨਾਂ ਭਗਤਾਂ ਦਾ ਇੱਕ ਤੋਂ ਵੱਧ, ਆਧੁਨਿਕ ਭਾਰਤੀ ਭਾਸ਼ਾਵਾਂ ਦੇ ਸਾਹਿਤ-ਇਤਿਹਾਸਾਂ ਵਿਚ ਯੋਗਦਾਨ ਮੰਨਿਆ ਜਾਂਦਾ ਹੈ। ਨਿਸ਼ਚੇ ਹੀ ਇਹਨਾਂ ਭਗਤਾਂ ਦੀ ਪੰਜਾਬੀ ਸਾਹਿਤ-ਇਤਿਹਾਸ ਵਿਚ, ਚਰਚਾ ਦੀ ਉਚਿਤਤਾ/ਅਣਉਚਿਤਤਾ ਦਾ ਸਮਾਧਾਨ ਅਵੱਸ਼ਕ ਪ੍ਰਤੀਤ ਹੁੰਦਾ ਹੈ। ਇਸ ਖੋਜ-ਪ੍ਰਬੰਧ ਵਿਚ, ਇਹਨਾਂ ਭਗਤਾਂ ਦੀ ਦੇਣ ਨੂੰ ਪੰਜਾਬੀ ਸਾਹਿਤ-ਇਤਿਹਾਸ ਦਾ ਅਨਿੱਖੜ ਅੰਗ ਪ੍ਰਵਾਨ ਕੀਤਾ ਗਿਆ ਹੈ ਅਤੇ ਪੂਰਵ-ਨਾਨਕ ਕਾਲ ਵਿਚ ਰੱਖਿਆ ਗਿਆ ਹੈ। ਇਸ ਦੇ ਹੇਠ ਲਿਖੇ ਕਾਰਨ ਨਿਰਧਾਰਨ ਕੀਤੇ ਜਾ ਸਕਦੇ ਹਨ—

(ੳ) ਇਸ ਕਾਲ ਦੇ ਸਾਰੇ ਭਗਤਾਂ ਦੀਆਂ ਰਚਨਾਵਾਂ ਦੇ ਕੁਝ ਹਿੱਸੇ, ਗੁਰੂ ਅਰਜਨ ਦੇਵ ਜੀ ਨੇ, ਆਦਿ ਗ੍ਰੰਥ ਵਿਚ ਸ਼ਾਮਿਲ ਕੀਤੇ ਹਨ। ਕਰਤਾਰਪੁਰ ਵਾਲੀ ਬੀੜ ਵਿਚ ਵੀ ਇਹਨਾਂ ਭਗਤਾਂ ਦੀ ਬਾਣੀ ਸ਼ਾਮਲ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਜੋ ਬੀੜ ਦਮਦਮੇ ਸਾਹਿਬ ਬੈਠ ਕੇ ਤਿਆਰ ਕਰਵਾਈ, ਉਹ ਸਿੱਖ ਜਗਤ ਵਿਚ ਅੱਜ ਪ੍ਰਚਲਿਤ ਹੈ। ਇਸ ਬੀੜ ਵਿਚ ਵੀ, ਇਹਨਾਂ ਭਗਤਾਂ ਦੀ ਬਾਣੀ ਦਰਜ ਹੈ। ਇਹਨਾਂ ਭਗਤਾਂ ਦੇ ਭਗਤੀ ਚਿੰਤਨ ਵਿਚ ਭਾਵੇਂ ਸਗੁਣ ਤੱਤ ਵੀ ਹਨ, ਪਰੰਤੂ ਪ੍ਰਮੁੱਖਤਾ ਨਿਰਗੁਣ ਭਗਤੀ ਦੀ ਰਹੀ ਹੈ। ਇਹ ਭਗਤੀ ਚਿੰਤਨ, ਗੁਰਮਤਿ ਕਾਵਿ ਲਈ ਪ੍ਰਾਰੰਭਗ ਮਾਹੌਲ ਬਣਾ ਜਾਂਦਾ ਹੈ ਅਤੇ ਅਮੀਰ ਸਾਹਿਤਕ ਵਿਰਸਾ ਮੰਨਿਆ ਜਾ ਸਕਦਾ ਹੈ। ਕਬੀਰ ਜੀ ਦੇ

ਸਿਧਾਂਤ ਤੇ ਕਾਵਿ-ਰੂੜੀਆਂ ਨੂੰ ਗੁਰੂ ਨਾਨਕ ਦੇਵ ਜੀ ਤੇ ਹੋਰ ਗੁਰੂ ਸਾਹਿਬਾਨ ਵਿਚ ਦੇਖਿਆ ਜਾ ਸਕਦਾ ਹੈ। ਇਸ ਤਰ੍ਹਾਂ, ਇਹ ਭਗਤ ਬਾਣੀ, ਗੁਰਮਤਿ ਸਾਹਿਤ ਨਾਲ ਡੂੰਘੀ ਸਾਂਝ ਰੱਖਦੀ ਹੈ। ਇਸੇ ਲਈ ਭਗਤੀ ਸਾਹਿਤ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਅਟੁੱਟ ਅੰਗ ਪ੍ਰਵਾਨ ਕੀਤਾ ਜਾਣਾ ਉੱਚਿਤ ਹੈ ਅਤੇ ਇਸ ਦਾ ਕਾਰਨ, ਇਸ ਬਾਣੀ ਦਾ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਸ਼ਾਮਲ ਹੋਣਾ ਨਿਰਧਾਰਨ ਕੀਤਾ ਜਾ ਸਕਦਾ ਹੈ।

(ਅ) ਭਾਸ਼ਾਈ ਵਿਸ਼ਲੇਸ਼ਣ ਦੇ ਆਧਾਰ ਤੇ ਸਪਸ਼ਟ ਹੁੰਦਾ ਹੈ ਕਿ ਇਸ ਕਾਲ ਦੇ ਭਗਤਾਂ ਦੀਆਂ ਰਚਨਾਵਾਂ ਨੂੰ ਸ਼ੁੱਧ ਪੰਜਾਬੀ ਰਚਨਾਵਾਂ ਨਹੀਂ ਮੰਨਿਆ ਜਾ ਸਕਦਾ। ਇਹਨਾਂ ਵਿਚ ਕਈ ਭਾਸ਼ਾਵਾਂ ਦੇ ਮਿਸ਼ਰਣ ਦੇ ਪ੍ਰਮਾਣ ਦਿੱਤੇ ਜਾ ਸਕਦੇ ਹਨ। ਇਸੇ ਲਈ, ਇਹਨਾਂ ਭਗਤਾਂ ਦੀ ਕਾਵਿ ਨੂੰ ਦੇਣ ਇਕ ਤੋਂ ਵੱਧ ਭਾਰਤੀ ਭਾਸ਼ਾਵਾਂ ਦੇ ਸਾਹਿਤ-ਇਤਿਹਾਸਾਂ ਵਿਚ ਸਥਾਨ ਪ੍ਰਾਪਤ ਹੈ। ਜੈਦੇਵ ਦੀ ਰਚਨਾ ਦਾ ਪ੍ਰਧਾਨ ਰੰਗ ਭਾਵੇਂ ਸਾਧ ਭਾਸ਼ਾ ਵਾਲਾ ਹੈ, ਪਰੰਤੂ ਉਹਨਾ ਵਿਚ ਪੰਜਾਬੀ ਅੰਸ਼ਾਂ ਦਾ ਸਮਾਵੇਸ਼ ਵੀ ਮਿਲਦਾ ਹੈ। ਕਬੀਰ ਦੀ ਭਾਸ਼ਾ ਨੂੰ ਸਧੁਕੜੀ ਦੀ ਸੰਧੀ ਦੇ ਕੇ ਇਸ ਵਿਚ ਬ੍ਰਜ, ਪੂਰਬੀ, ਰਾਜਸਥਾਨੀ ਤੇ ਪੰਜਾਬੀ ਦੀ ਰੰਗਤ ਨੂੰ ਵੀ ਪ੍ਰਵਾਨ ਕੀਤਾ ਗਿਆ ਹੈ। ਇਸ ਤਰ੍ਹਾਂ ਭਾਸ਼ਾਈ ਦ੍ਰਿਸ਼ਟੀਕੋਣ ਤੋਂ ਵੀ ਭਗਤੀ ਸਾਹਿਤ ਨੂੰ ਪੰਜਾਬੀ ਸਾਹਿਤ-ਇਤਿਹਾਸ ਦਾ ਅੰਗ ਪ੍ਰਵਾਨ ਕੀਤਾ ਜਾ ਸਕਦਾ ਹੈ।

ਇਹਨਾਂ ਭਗਤਾਂ ਦੇ ਪੰਜਾਬ ਰਟਨ ਦੇ ਕੁਝ ਇਤਿਹਾਸਕ ਪ੍ਰਮਾਣਾਂ ਤੋਂ ਭਲੀਭਾਂਤ ਸਿੱਧ ਹੁੰਦਾ ਹੈ ਕਿ ਪੰਜਾਬੀ ਲੋਕ-ਸਮੂਹ ਨਾਲ, ਇਹਨਾਂ ਦਾ ਸੰਪਰਕ ਰਿਹਾ ਹੈ। ਇਸ ਲਈ, ਇਹਨਾਂ ਭਗਤਾਂ ਵਲੋਂ ਇਥੋਂ ਦੀ ਲੋਕ-ਭਾਸ਼ਾ ਦਾ ਪ੍ਰਯੋਗ ਸੁਭਾਵਕ ਹੀ ਕੀਤਾ ਗਿਆ ਹੋਵੇਗਾ। ਇਸ ਦੀ ਪ੍ਰਮੁੱਖ ਉਦਾਹਰਣ ਨਾਮਦੇਵ ਹਨ। ਜਿਹਨਾਂ ਦੀ ਯਾਦਗਾਰ ਅੱਜ ਵੀ ਘੁਮਾਣ (ਜ਼ਿਲਾ ਗੁਰਦਾਸਪੁਰ) ਵਿਖੇ ਸਥਿੱਤ ਹੈ ਅਤੇ ਇਹਨਾਂ ਦੇ ਦੇਹਰੇ ਦੀ ਉਸਾਰੀ ਸ: ਜੱਸਾ ਸਿੰਘ ਰਾਮਗੜ੍ਹੀਆਂ ਨੇ ਕੀਤੀ ਤੇ ਤਲਾਬ ਦੀ ਸੇਵਾ ਰਾਣੀ ਸਦਾ ਕੌਰ ਨੇ ਕਰਵਾਈ। ਐਸੇ ਪ੍ਰਮਾਣ ਵੀ ਇਹਨਾਂ ਭਗਤਾਂ ਦੀ ਪੰਜਾਬੀ ਜਨਸਮੂਹ ਨਾਲ ਸਾਂਸਕ੍ਰਿਤਕ ਸਿਧੀ ਦਾ ਕਾਰਨ ਬਣਦੇ ਹਨ।

------

# ਭਾਗ—ਪਹਿਲਾ

ਪ੍ਰਸ਼ਨ 1. ਤ੍ਰਿਸ਼ਨਾ ਸਿਰਲੇਖ ਬਾਰੇ ਦੋ ਸਤਰਾਂ ਲਿਖੋ ਕਿ ਕਹਾਣੀ 'ਤ੍ਰਿਸ਼ਨਾ' ਦਾ ਸਿਰਲੇਖ ਤ੍ਰਿਸ਼ਨਾ ਕਿਉ ਰਖਿਆ ਗਿਆ ?

ਉੱਤਰ—'ਤ੍ਰਿਸ਼ਨਾ' ਕਹਾਣੀ ਦਾ ਸਿਰਲੇਖ 'ਤ੍ਰਿਸ਼ਨਾ' ਮਾਂ ਦੀ ਮਮਤਾ ਉੱਤੇ ਅਧਾਰਿਤ ਹੈ ਕਿਉਂਕਿ ਇਕ ਮਾਂ ਆਪਣੇ ਪੇਟ ਵਿਚ ਪਈ ਬੱਚੀ ਨੂੰ ਜਨਮ ਦੇ ਕੇ ਆਪਣੀ ਬੱਚੀ ਪ੍ਰਤੀ ਮਮਤਾ ਨੂੰ ਪ੍ਰਗਟ ਕਰਨਾ ਚਾਹੁੰਦੀ ਹੈ। ਪਰ ਮਰਦ ਪ੍ਰਧਾਨ ਸਮਾਜ ਉਸ ਦੀ ਇਹ ਚਾਹਤ/ਤ੍ਰਿਸ਼ਨਾ ਨੂੰ ਪੂਰਨ ਨਹੀਂ ਹੋਣ ਦਿੰਦਾ ਹੈ। ਜਿਸ ਕਾਰਨ ਉਹ ਆਪਣੀ ਇਸ ਮਮਤਾ ਦਾ ਨਾਂ ਹੀ ਤ੍ਰਿਸ਼ਨਾ ਰੱਖ ਲੈਂਦੀ ਹੈ।

ਪ੍ਰਸ਼ਨ 2. "27 ਜਨਵਰੀ" ਕਿਹੜੇ ਦੁਖਾਂਤ ਨੂੰ ਪੇਸ਼ ਕਰਦੀ ਹੈ। ਦੋ-ਚਾਰ ਸ਼ਤਰਾਂ ਲਿਖੋ ?

ਉੱਤਰ— ਇਹ ਕਹਾਣੀ "27 ਜਨਵਰੀ" ਸਫਾਈ ਕਰਮਚਾਰੀਆਂ ਦੇ ਦੁਖਾਂਤ ਨੂੰ ਪੇਸ਼ ਕਰਦੀ ਹੈ। ਉਹਨਾ ਦਾ ਇਹ ਦੁਖਾਂਤ ਹੈ ਕਿ 26 ਜਨਵਰੀ ਜੋ ਗਣੰਤਤਰ ਦਿਵਸ ਮਨਾਇਆ ਜਾਂਦਾ ਹੈ। ਇਸ ਲਈ ਸਫਾਈ ਅਤੇ ਸਾਰਾ ਹੀ ਬਦੋਬਸਤ ਇਹ ਲੋਕ ਹੀ ਕਰਦੇ ਹਨ ਪਰ ਜਦੋਂ ਉਹ ਦਿਨ ਆਉਂਦਾ ਹੈ ਤਾਂ ਇਹਨਾਂ ਨੂੰ ਉਸ ਪ੍ਰੋਗਰਾਮ ਨੂੰ ਦੇਖਣ ਲਈ ਵੀ ਆਗਿਆ ਨਹੀ ਦਿੱਤੀ ਜਾਂਦੀ ਹੈ। ਜੋ ਕਿ ਇਹਨਾਂ ਨਾਲ ਨ ਬਰਾਬਰੀ ਦਾ ਦੁਖਾਂਤ ਹੈ।

ਪ੍ਰਸ਼ਨ 3. ਕੁਝ ਕਿਹਾ ਕਵਿਤਾ ਦਾ ਕੇਂਦਰੀ ਭਾਵ ਦੋ ਚਾਰ ਸਤਰਾਂ ਵਿੱਚ ਪੇਸ਼ ਕਰੋ ?

ਉੱਤਰ—ਸੁਰਜੀਤ ਪਾਤਰ ਦੀ ਇਹ ਗ਼ਜ਼ਲ "ਕੁਝ ਕਿਹਾ ਤਾਂ" ਪ੍ਰਗਟਾਵੇਂ ਤੇ ਖਾਮੋਸ਼ੀ ਦੇ ਦਵੰਦ ਤੋਂ ਸ਼ੁਰੂ ਹੋ ਕੇ ਜੁਹਾਗਰਦੀ ਦੀ ਆਸਾ ਤਕ ਪਹੁੰਚਦੀ ਹੈ ਅਤੇ ਸਮੇਂ ਦੀ ਉਸ "ਹਵਾ" ਨੂੰ ਚਰਚਿਤ ਕਰਦੀ ਹੈ, ਜੋ ਮਨੁੱਖ ਦੀਆਂ ਸਭ ਅਸਾਵਾਂ ਨੂੰ ਮੇਟ ਰਹੀ ਹੈ।

ਪ੍ਰਸ਼ਨ 4. ਪਹਿਲਾ ਸੂਫੀ ਕਵੀ ਕਿਹੜਾ ਹੈ ਅਤੇ ਉਸ ਦਾ ਜਨਮ ਅਸਥਾਨ ਦਸੋ?

ਉੱਤਰ—ਪਹਿਲਾ ਸੂਫੀ ਕਵੀ ਬਾਬਾ ਫਰੀਦ ਜੀ ਹਨ ਅਤੇ ਉਹਨਾਂ ਦਾ ਜਨਮ ਅਸਥਾਨ ਮੁਲਤਾਨ ਵਿੱਚ ਪਿੰਡ ਖੋਤੂਵਾਲ ਹੈ।

ਪ੍ਰਸ਼ਨ 5. ਗ਼ਜ਼ਲ ਬਾਰੇ ਪਰਿਭਾਸ਼ਾ ਦੋ ?

ਉੱਤਰ—ਅਰਬੀ ਭਾਸ਼ਾ ਵਿਚ ਗ਼ਜ਼ਲ ਦਾ ਅਰਥ ਹੈ, ਇਸਤਰੀਆਂ ਨਾਲ ਵਾਰਤਾਲਾਪ, ਭਾਵ ਪ੍ਰੇਮ ਪੂਰਿਤ ਕਾਵਿ। ਗ਼ਜ਼ਲ ਪ੍ਰੇਮਿਕਾ ਨਾਲ ਕੀਤੀ ਹੋਈ ਗਲਬਾਤ ਨੂੰ ਕਹਿੰਦੇ ਹਨ। ਉਰਦੂ ਵਿਚ ਗ਼ਜ਼ਲ ਦੇ ਜੋ ਸਰਬ-ਪ੍ਰਮਾਣਿਤ ਅਰਥ ਲਏ ਜਾਂਦੇ ਹਨ। ਉਹਨਾਂ ਅਨੁਸਾਰ ਗ਼ਜ਼ਲ ਸ਼ੇਅਰ ਰਚਨਾ ਦੀ ਉਸ ਕਲਾ ਨੂੰ ਕਹਿੰਦੇ ਹਨ, ਜਿਸ ਦਾ ਵਿਸ਼ਾ ਹੁਸਨ ਤੇ ਇਸ਼ਕ ਹੁੰਦਾ ਹੈ।

ਪ੍ਰਸ਼ਨ 6. ਰੁੱਖ ਤੇ ਰਿਸ਼ੀ ਦਾ ਸੰਬੰਧ ਦਸੋ ?

ਉੱਤਰ—ਅਸਲ ਰੂਪ ਵਿਚ ਰੁੱਖ ਹੀ ਰਿਸ਼ੀ ਹੈ ਕਿਉਂਕਿ ਰੁੱਖ ਦੀ ਮਨੁੱਖ ਲਈ ਬਹੁਤ ਹੀ ਵੱਡੀ ਦੇਣ ਹੈ। ਰੁੱਖ

ਆਪਣੀ ਸਾਰੀ ਹੀ ਉਮਰ ਮਨੁੱਖ ਨੂੰ ਕਿਸੇ ਨ ਕਿਸੇ ਰੂਪ ਵਿਚ ਕੁਝ ਨ ਕੁਝ ਦਿੰਦੀ ਹੀ ਰਹਿੰਦੀ ਹੈ। ਰਿਸ਼ੀ ਦਾ ਜੀਵਨ ਵੀ ਦੁਨਿਆ ਲਈ ਹੈ। ਇਸ ਲਈ ਰੁੱਖ ਅਤੇ ਰਿਸ਼ੀ ਦਾ ਆਪਸੀ ਸੰਬੰਧ ਬਹੁਤ ਹੀ ਗਹਿਰਾ ਹੈ।

ਪ੍ਰਸ਼ਨ 7. ਕਰਤਾਰ ਸਿੰਘ ਦੁੱਗਲ ਬਾਰੇ ਦੋ-ਚਾਰ ਸਤਰਾਂ ਲਿਖੋ ?

ਉੱਤਰ—ਦੁੱਗਲ ਆਪਣੇ ਆਪ ਨੂੰ ਪਹਿਲਾਂ ਕਵੀ ਤੇ ਫੇਰ ਕਹਾਣੀਕਾਰ ਮੰਨਦਾ ਹੈ, ਇਸੇ ਕਾਰਣ ਹੀ ਉਸਦੀਆਂ ਕਹਾਣੀਆਂ ਵਿਚ ਕਾਵਿਕ ਅੰਸ਼ ਆਇਆ ਹੈ। ਉਸ ਦੀਆਂ ਕਹਾਣੀ ਪੇਂਡੂ ਸਧਾਰਨ ਲੋਕਾਂ ਦੇ ਜੀਵਨ ਦੀ ਤਰਜਮਾਨੀ ਕਰਦੀਆਂ ਹਨ। ਜਿਸ ਕਾਰਣ ਉਸ ਦੀਆਂ ਕਹਾਣੀਆਂ ਪਾਤਰ ਪ੍ਰਧਾਨ ਕਹਾਣੀਆਂ ਹਨ।

ਪ੍ਰਸ਼ਨ 8. "ਲੂਣਾਂ" ਬਾਰੇ ਦੋ-ਚਾਰ ਸਤਰਾਂ ਲਿਖੋ ?

ਉੱਤਰ—"ਲੂਣਾ" ਜਾਤ ਦੀ ਚਮਿਆਰੀ ਅਤੇ ਹੁਸਨ ਦੀ ਮਲਕਾ ਸੀ। ਜਿਸ ਕਾਰਣ ਰਾਜਾ ਸਲਵਾਹਣ ਆਪਣੀ 65 ਵਰਿਆਂ ਦੀ ਉਮਰ ਵਿਚ ਵੀ ਉਸ ਦੀਆਂ ਸੁੰਦਰਤਾਂ ਤੋਂ ਪ੍ਰਭਾਵਤ ਹੋ ਕੇ ਉਸ ਨੂੰ ਵਿਆਹ ਲਿਆਇਆ ਸੀ।

ਪ੍ਰਸ਼ਨ 9. "ਲਲਕਾਰ" ਤੋਂ ਕੀ ਭਾਵ ਹੈ ?

ਉੱਤਰ—ਇਸ ਕਵਿਤਾ ਰਾਹੀਂ ਪਾਸ਼ ਉਹਨਾਂ ਲੋਕਾਂ ਨੂੰ ਵੰਗਾਰਦਾ ਹੈ ਜਿਹੜੇ ਪੈਸੇ ਦੇ ਜੋਰ ਨਾਲ ਹਰ ਇਕ ਨੂੰ ਆਪਣੇ ਵੱਸ ਵਿਚ ਕਰ ਲੈਂਦੇ ਹਨ ਅਤੇ ਇਮਾਨਤਾ ਤੋਂ ਅਡੋਲ ਜਾਂਦੇ ਹਨ। ਉਹਨਾਂ ਲੋਕਾਂ ਨੂੰ ਸਿੱਧਾ ਸੰਬੋਧਨ ਕਰ ਕੇ ਕਵੀ ਪਾਸ਼ ਲਲਕਾਰਦਾ ਹੈ ਕਿ ਮੇਰੇ ਤੋਂ ਇਹ ਆਸ ਨ ਕਰਿਓ। ਮੈਂ ਗਰੀਬ ਤੇ ਮਿਹਨਤ ਕੱਛ ਲੋਕਾਂ ਦਾ ਹਮਾਇਤੀ ਹਾਂ ਤੇ ਅੰਤ ਤੱਕ ਉਹਨਾਂ ਦੀ ਹਮਾਇਤ ਦੀ ਗੱਲ ਹੀ ਕਰਦਾ ਰਹਾਂਗਾ।

ਪ੍ਰਸ਼ਨ 10. ਕਿਸ ਸਾਹਿਤਕਾਰ ਦੀ ਕਾਲ ਵੰਡ ਮੰਨਣਯੋਗ ਹੈ ?

ਉੱਤਰ—ਡਾ. ਸੀਤਲ ਸਿੰਘ ਦੁਆਰਾ ਦਿੱਤੀ ਹੋਈ ਕਾਲਵੰਡ ਵਧੇਰੇ ਵਜਨਦਾਰ ਹੈ। ਉਹਨਾਂ ਕਾਲ ਵੰਡ ਦਾ ਆਧਾਰ ਪੂਰਵ ਨਾਨਕ ਕਾਲ, ਨਾਨਕ ਕਾਲ, 18ਵੀਂ ਸਦੀ ਦਾ ਸਾਹਿਤ ਅਤੇ 19 ਵੀ ਸਦੀ ਦਾ ਸਾਹਿਤ ਆਦਿ ਆਧਾਰ ਬਣਾ ਕੇ ਕਾਲ ਵੰਡ ਕੀਤੀ ਹੋਈ ਹੈ। ਇਸ ਲਈ ਡਾ. ਸੀਤਲ ਸਿੰਘ ਦੀ ਕਾਲ ਵੰਡ ਵਧੇਰੇ ਪ੍ਰਵਾਨ ਕਰਨ ਯੋਗ ਹੈ।

ਪ੍ਰਸ਼ਨ 11. ਕਵਿਤਾ ਕੀ ਹੈ ਅਤੇ ਇਸ ਦੀਆਂ ਪਰਿਭਾਸ਼ਾਵਾਂ ਦੇ ?

ਉੱਤਰ—ਕਵਿਤਾ ਸਾਹਿਤ ਦਾ ਉਹ ਪ੍ਰਮੁੱਖ ਰੂਪ ਹੈ। ਜਿਸਦੇ ਮਾਧਿਅਮ ਰਾਹੀਂ ਮਨੁੱਖ ਆਪਣੀ ਭਾਵਨਾ, ਕਲਪਨਾ ਤੇ ਬੁਧੀ ਦੀ ਅਭਿਵਿਅਕਤੀ ਕਰਦਾ ਹੈ। ਯੂਨਾਨੀ ਵਿਦਵਾਨ ਅਰਸਤੂ ਦਾ ਕਥਨ ਹੈ ਕਿ ਕਵਿਤਾ ਭਾਵਾਤਮਕ ਤੇ ਲੈਅ ਭਰਪੂਰ ਭਾਸ਼ਾ ਦੇ ਮਾਧਿਅਮ ਰਾਹੀਂ ਪ੍ਰਕਿਰਤੀ ਦੀ ਨਕਲ ਹੈ।

* ਸ਼ੈਲੇ ਕਹਿੰਦਾ ਹੈ ਕਿ "ਇਹ ਕਲਪਨਾ ਦਾ ਪ੍ਰਗਟਾਅ ਹੈ।"
* ਹਡਸਨ ਅਨੁਸਾਰ "ਕਵਿਤਾ ਕਲਪਨਾਂ ਅਤੇ ਮਨੋਵੇਗਾਂ ਦੁਆਰਾ ਜੀਵਨ ਦੀ ਵਿਆਖਿਆ ਹੈ।"
* ਵਿਸ਼ਵਨਾਥ ਅਨੁਸਾਰ "ਰਸਾਤਮਕ ਵਾਕ ਹੀ ਕਾਵਿ ਹੈ।"

ਪ੍ਰਸ਼ਨ 12. ਸਾਹਿਤ ਦੀ ਪਰਿਭਾਸ਼ਾ ਲਿਖੋ ?

ਉੱਤਰ—ਹਡਸਨ ਅਨੁਸਾਰ "ਸਾਹਿਤ ਉਹਨਾਂ ਬਹੁਤ ਸਾਰੇ ਮਾਰਗਾ ਵਿੱਚੋ ਇਕ ਹੈ, ਜਿਹਨਾਂ ਅੰਦਰ ਯੁਗ ਦੀ ਸ਼ਕਤੀ ਆਪਣੇ ਆਪ ਨੂੰ ਕਿਸੇ ਰਾਜਨੀਤਿਕ ਅੰਦੋਲਨ, ਕਿਸੇ ਧਾਰਮਿਕ ਵਿਚਾਰਧਾਰਾ ਅਤੇ ਕਿਸੇ ਦਾਰਸ਼ਨਿਕ ਵਿਚਾਰਧਾਰਾ ਅਤੇ ਕਲਾ ਰਾਹੀਂ ਪ੍ਰਗਟਾਉਂਦੀ ਹੈ।"

ਪ੍ਰਸ਼ਨ 13. ਕਿੱਸਾ ਕੀ ਹੈ ?

ਉੱਤਰ—ਕਿੱਸਾ ਅਰਬੀ ਫਾਰੀ ਦਾ ਸ਼ਬਦ ਹੈ। ਜਿਸਦਾ ਅਰਥ ਹੈ ਕਹਾਣੀ ਕਥਾ ਜਾਂ ਗਾਥਾ ਆਦਿ। ਕਿੱਸਾ

ਉਹ ਹੈ ਜਿਸ ਵਿਚ ਕਿਸੇ ਕਹਾਣੀ ਜਾਂ ਪ੍ਰੇਮ ਪ੍ਰਸੰਗ ਦਾ ਵਰਨਣ ਹੁੰਦਾ ਹੈ। ਇਹ ਫ਼ਾਰਸੀ ਦੇ ਮਸਨਵੀ ਕਾਵਿ ਰੂਪ ਅਤੇ ਸੰਸਕ੍ਰਿਤ ਦੇ ਮਹਾਂਕਾਵਿ ਤੋਂ ਪ੍ਰਭਾਵਿਤ ਹੋਇਆ ਹੈ।

ਪ੍ਰਸ਼ਨ 14. ਕੋਈ ਚਾਰ ਨਾਥ ਜੋਗੀਆਂ ਦੇ ਨਾਂ ਦਸੋ ?

ਉੱਤਰ—ਗੋਰਖਨਾਥ, ਚਰਪਟ ਨਾਥ, ਚੌਰੰਗੀ ਨਾਥ ਅਤੇ ਰਤਨ ਨਾਥ, ਗੋਪੀ ਨਾਥ, ਮੱਛਿੰਦਰ ਨਾਥ ਅਤੇ ਜਲੰਧਰ ਨਾਥ।

ਪ੍ਰਸ਼ਨ 15. ਕੋਈ ਚਾਰ ਸੂਫ਼ੀ ਕਵੀਆਂ ਦੇ ਨਾਂ ਦਸੋ ?

ਉੱਤਰ—ਬਾਬਾ ਫ਼ਰੀਦ ਜੀ, ਵਜੀਦ, ਸ਼ਾਹ ਹੁਸੈਨ ਅਤੇ ਸੁਲਤਾਨ ਬਾਹੂ

ਪ੍ਰਸ਼ਨ 16. ਰੋਜ਼ਾ ਕਿਹਨੂੰ ਕਹਿੰਦੇ ਹਨ ?

ਉੱਤਰ—ਹਿੰਦੂਆਂ ਵਾਂਗ ਮੁਸਲਮਾਨਾਂ ਵਿਚ ਵੀ ਧਾਰਮਿਕ ਵਰਤ ਰੱਖਣ ਦੀ ਪ੍ਰਥਾ ਹੈ।

ਪ੍ਰਸ਼ਨ 17. ਜ਼ਕਾਤ ਕੀ ਹੈ ?

ਉੱਤਰ—ਖਾਂਦੇ ਪੀਂਦੇ ਜਾਂ ਅਮੀਰ ਮੁਸਲਮਾਨਾਂ ਨੂੰ ਆਪਣੀ ਕਮਾਈ ਜਾਂ ਪੂੰਜੀ ਵਿੱਚੋਂ ਗਰੀਬ ਮੁਸਲਮਾਨ ਨੂੰ ਕੁਝ ਨੀਜਤ ਦਾਨ ਦੇਣ ਦਾ ਹੁਕਮ ਹੈ। ਇਸ ਦਾਨ ਦੀ ਰਾਸ਼ੀ ਨੂੰ ਜ਼ਕਾਤ ਕਹਿੰਦੇ ਹਨ।

ਪ੍ਰਸ਼ਨ 18. ਸ਼ਰੀਅਤ ਕੀ ਹੈ ?

ਉੱਤਰ—ਸ਼ਰੀਅਤ ਉਹ ਵਿਦਿਆ ਹੈ, ਜਿਸ ਦੀ ਸਹਾਇਤਾ ਨਾਲ ਰੱਬ ਤੱਕ ਪੁੱਜਣ ਲਈ ਉਲਝਣਾ ਖੁੱਲਦੀਆਂ ਹਨ ਜਾਂ ਰਬ ਤਕ ਪੁਜੱਣ ਦਾ ਰਾਹ ਸਾਫ਼ ਹੁੰਦਾ ਹੈ।

ਪ੍ਰਸ਼ਨ 19. ਤਰੀਕਤ ਕੀ ਹੈ ?

ਉੱਤਰ—ਇਹ ਰੱਬ ਨੂੰ ਪਾਉਣ ਦੀ ਦੂਜੀ ਪਾਉੜੀ ਅਥਵਾਂ ਮੰਜਿਲ ਹੈ। ਇਸ ਪਾਉੜੀ ਤੇ ਅਪੜ ਕੇ ਮਨੁੱਖ ਦੁਨਿਆਵੀ ਮੋਹ ਦੇ ਬੰਧਨਾਂ ਚੋ ਨਿਕਲਕੇ ਰੱਬੀ ਕਾਇਨਾਤ ਨਾਲ ਪਿਆਰ ਕਰਨਾ ਸ਼ੁਰੂ ਕਰ ਦਿੰਦਾ ਹੈ।

ਪ੍ਰਸ਼ਨ 20. ਮਾਰਫਤ ਕੀ ਹੈ ?

ਉੱਤਰ—ਸੂਫੀਆਂ ਦੀ ਰੱਬ ਤੱਕ ਪਹੁੰਚਣ ਦੀ ਇਹ ਤੀਸਰੀ ਮੰਜਿਲ ਹੈ। ਇਸ ਨੂੰ ਜਬਰੂਤ ਵੀ ਆਖਿਆ ਜਾਂਦਾ ਹੈ। ਜਿੱਥੇ ਪਹੁੰਚ ਕੇ ਸਾਧਕ ਨੂੰ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

ਪ੍ਰਸ਼ਨ 21. ਹਕੀਕਤ ਕੀ ਹੈ ?

ਉੱਤਰ—ਇਹ ਚੌਥੀ ਤੇ ਅੰਤਿਮ ਮੰਜਿਲ ਹੈ। ਇਥੇ ਸੂਫੀ ਸਾਧਕਾਂ ਅਨੁਸਾਰ ਈਸ਼ਵਰ ਵਿਚ ਫਨਾਹ ਹੋ ਜਾਂਦਾ ਹੈ, ਅਰਥਾਤ ਹਾਸਿਲ ਕਰ ਲੈਣਾ ਹੀ ਹਕੀਕਤ ਅਖਵਾਉਂਦਾ ਹੈ।

ਪ੍ਰਸ਼ਨ 22. ਸੂਫ਼ੀ ਕੌਣ ਹਨ ?

ਉੱਤਰ—ਸੂਫ਼ੀ 'ਸੂਫ਼' ਦੇ ਕਪੜੇ ਪਹਿਨਣ ਵਾਲੇ ਮੁਸਲਮਾਨ ਹਨ। ਇਹ ਗਲ ਸੂਫ਼ ਦੇ ਕਪੜੇ ਪਾ ਕੇ ਪਹਿਲੀ ਕਤਾਰ ਵਿਚ ਖੜੇ ਹੋ ਕੇ ਪ੍ਰਮਾਤਮਾ ਦੀ ਬੰਦਗੀ ਕਰਦੇ ਹਨ। ਇਹ ਵੀ ਪਹਿਲਾਂ ਸਰੀਅਤ ਅਨੁਆਈ ਸਨ ਪਰ ਫਿਰ ਇਹ ਸਰੀਅਤ ਕਟੜਤਾ ਤੋਂ ਵੱਖ ਹੋ ਕੇ ਉਹਨਾਂ ਦੇ ਵਿਰੋਧ ਵਿਚ ਗਲਾ ਕਰਨ ਲਗ ਪਏ। ਇਸ ਪ੍ਰਕਾਰ ਇਹ ਇਕ ਵੱਖਰਾ ਹੀ ਫਿਰਕਾ ਹੈ।

ਪ੍ਰਸ਼ਨ 23. ਗੁਰਮਤਿ ਕਾਵਿ ਤੋਂ ਕੀ ਭਾਵ ਹੈ ?

ਉੱਤਰ—ਗੁਰਮਤਿ ਕਾਵਿ ਉਹ ਕਾਵਿ ਹੈ ਜਿਹੜਾ ਗੁਰੂ ਸਾਹਿਬਾਂ ਦੇ ਮੁਖਾਰ ਬਿੰਦ ਵਿੱਚੋਂ ਉਚਰਿਆ। ਗੁਰੂ ਸਾਹਿਬਾਂ ਦੁਆਰਾ ਰਚੀ ਹੋਈ ਬਾਣੀ ਨੂੰ ਗੁਰਮਤਿ ਕਾਵਿ ਕਿਹਾ ਜਾਂਦਾ ਹੈ।

ਪ੍ਰਸ਼ਨ 24. ਵਾਰ ਤੋਂ ਕੀ ਭਾਵ ਹੈ ?

ਉੱਤਰ—ਵਾਰ ਤੋਂ ਭਾਵ ਉਹ ਵਾਰਤਾ ਹੈ ਜੋ ਆਪਣੇ ਵਿਚ ਕਿਸੇ ਹੱਲੇ ਜਾ ਟਰੱਕ ਦਾ ਜਿਕਰ ਰਖਦੀ ਹੋਵੇ ਅਤੇ ਪਾਠਕਾਂ ਜਾਂ ਸਰੋਤਿਆਂ ਨੂੰ ਉਤਸਾਹਿਤ ਕਰੇ।

ਪ੍ਰਸ਼ਨ 25. ਵਾਰਤਕ ਕੀ ਹੈ ?

ਉੱਤਰ—ਵਾਰਤਕ ਟਿਕਵੀ ਬੁੱਧੀ ਦਾ ਦਲੀਲਮਈ ਪ੍ਰਗਟਾ ਹੈ। ਪ੍ਰੋ. ਪੂਰਨ ਸਿੰਘ ਅਨੁਸਾਰ ਵਾਰਤਕ ਰੂਹ ਦੀ ਨੰਗੀ ਤਸਵੀਰ ਨਹੀ ਸਗੋਂ ਦਿਮਾਗ ਦੀ ਨੰਗੀ ਤਸਵੀਰ ਹੈ। ਵਾਰਤਕ ਸਾਫ਼, ਸ਼ੁੱਧ ਤੇ ਸਧਾਰਨ ਸ਼ੈਲੀ ਹੈ, ਜੋ ਵਿਚਾਰਾਂ ਨੂੰ ਤੋਲ ਤੁਕਾਂਤ ਦੀ ਕੈਦ ਤਿਆਗ ਕੇ ਆਪਣੇ ਜੀਵਨ ਵਰਗੀ ਤੇ ਧਰਤੀ ਵਰਗੀ ਲੈਅ ਵਿਚ ਪੇਸ਼ ਕਰਦੀ ਹੈ।

ਪ੍ਰਸ਼ਨ 26. ਲੇਖ ਕੀ ਹੈ ?

ਉੱਤਰ—ਲੇਖ ਦਾ ਸ਼ਬਦੀ ਅਰਥ ਹੈ, ਲਿਖਿਆ ਹੋਇਆ। ਅੰਗਰੇਜੀ ਲੇਖ ਲਈ Essay ਸ਼ਬਦ ਹੈ, ਜਿਸ ਦਾ ਅਰਥ ਹੈ ਯਤਨ ਕਰਨਾ। ਹਰਬਰਟ ਰੀਡ ਵੀ ਲੇਖ ਨੂੰ ਪ੍ਰਤੀਯਤਨ ਹੀ ਕਹਿੰਦਾ ਹੈ। ਲੇਖ ਵਾਰਤਕ ਦਾ ਸਭ ਤੋਂ ਵੱਧ ਸ਼ੁਧ ਸੁਮਣੀ ਬੱਝਵੇਂ ਖਿਆਲਾ ਦਾ ਸੁੱਚਜਾ ਰੂਪ ਹੈ। ਲੇਖ ਆਪਣੇ ਵਿਚਾਰਾਂ ਦੀ ਲੜੀਦਾਰ ਸੂਚੀ ਹੈ। ਜੋ ਵਿਚਾਰਾਂ ਨੂੰ ਆਪਣੇ ਅਨੋਖੇ ਢੰਗ ਨਾਲ ਪੇਸ਼ ਕਰਦੀ ਹੈ। ਲੇਖ ਵਿਚ ਕਿਸੇ ਗੱਲ ਨੂੰ ਸੁਲਝਾਇਆ ਜਾਂਦਾ ਹੈ।

ਪ੍ਰਸ਼ਨ 27. ਸਫ਼ਰਨਾਮਾ ਕੀ ਹੈ ?

ਉੱਤਰ—ਸਫ਼ਰਨਾਮਾ ਉਹ ਸਾਹਿਤਕ ਰੂਪ ਹੈ, ਜਿਸ ਵਿਚ ਕਿਸੇ ਸਫ਼ਰ ਦਾ ਵਿਰਤਾਂਤਿਕ ਵਰਨਣ ਹੁੰਦਾ ਹੈ।

ਪ੍ਰਸ਼ਨ 28. ਰੰਗਮੰਚ ਕੀ ਹੈ ?

ਉੱਤਰ—ਰੰਗ ਮੰਚ ਨਾਟਕ ਦੀ ਦੇਹ ਹੈ। ਰੰਗਮੰਚ ਤੋਂ ਬਿਨਾ ਨਾਟਕ ਇਕ ਕਿਤਾਬ ਹੈ, ਅਹਿਲ ਹੈ, ਕੈਦ ਹੈ, ਅਪਰਸ ਹੈ। ਜੇ ਸਾਹਿਤ ਦਾ ਮਾਧਿਅਮ ਸ਼ਬਦ ਹਨ ਤਾਂ ਨਾਟਕ ਦਾ ਮਾਧਿਅਮ ਥੇਏਟਰ ਭਾਵ ਰੰਗਮੰਚ ਹੈ। ਰੰਗਮੰਚ ਨੂੰ ਅਸੀ ਥੀਏਟਰ ਜਾਂ ਸਟੇਜ ਵੀ ਕਹਿੰਦੇ ਹਾਂ, ਜਿੱਥੇ ਨਾਟਕ ਜਾਮਾ ਪਹਿਨਦਾ ਹੈ।

ਪ੍ਰਸ਼ਨ 29. ਨਾਟਕ ਕੀ ਹੈ ?

ਉੱਤਰ—ਨਾਟਕ ਜੀਵਨ ਘਟਨਾਵਾਂ ਦਾ ਐਸਾ ਸੰਗ੍ਰਹਿ ਹੈ। ਐਸਾ ਲੜੀਵਾਰ ਸੰਜੋਗ ਹੈ, ਐਸੀ ਸਮਾਧੀ ਇਕੱਠ ਹੈ ਜਿਸ ਵਿਚ ਸਾਰੀਆਂ ਘਟਨਾਵਾਂ, ਘਟਨਾਵਾਂ ਨੂੰ ਉਸਾਰਨ ਵਾਲੇ ਪਾਤਰ ਜਾ ਵਾਰਤਾਲਾਪ ਕਰਮ ਪ੍ਰਤੀਕਰਮ ਕਿਸੇ ਦ੍ਰਿਸਟੀਕੋਣ ਦੇ ਅਧੀਨ ਲੀਨ ਹੋ ਕੇ ਕਰਮਾਤਮਕ ਢੰਗ ਨਾਲ ਕਿਸੇ ਘੋਲ ਨੂੰ ਪ੍ਰਗਟਾਉਂਦੇ ਹਨ।

ਪ੍ਰਸ਼ਨ 30. ਇਕਾਂਗੀ ਕੀ ਹੈ ?

ਉੱਤਰ—ਇਕਾਂਗੀ ਨਾਟਕ ਦਾ ਹੀ ਛੋਟਾ ਰੂਪ ਹੈ। ਇਹ 30-45 ਮਿੰਟ ਤੋਂ ਵੀ ਘਟ ਸਮੇਂ ਵਿਚ ਪੂਰੀ ਹੋ ਜਾਂਦੀ ਹੈ। ਇਕਾਂਗੀ ਵਿਚ ਇਕੋ ਵਾਰ ਪਰਦਾ ਉੱਠਦਾ ਹੈ ਤੇ ਅੰਤ ਵਿਚ ਹੀ ਥਲੇ ਸੁੱਟਿਆ ਜਾਂਦਾ ਹੈ। ਇਕਾਂਗੀ ਆਪਣੀ ਤੇਜ ਰਫਤਾਰ ਨਾਲ ਸਿਖਰ ਤੇ ਚੜਦੀ ਅਤੇ ਝੱਟ ਹੀ ਹੇਠ ਵਲ ਅੰਤ ਤੇ ਪਹੁੰਚਦੀ ਹੈ। ਇਕਾਂਗੀ ਵਿਚ ਵੱਡੀ ਤੋਂ ਵੱਡੀ ਗਲ ਥੋੜੇ ਸ਼ਬਦਾਂ ਵਿਚ ਕਹੀ ਜਾ ਸਕਦੀ ਹੈ। ਇਕਾਂਗੀ ਅਸਲ ਵਿਚ ਦਰਿਆ ਨੂੰ ਕੁੱਜੇ ਵਿਚ ਪਾ ਕੇ ਉਸਦੀ ਤਰੰਗ ਆਤਮਿਕ ਵੇਗ ਨੂੰ ਸੁਰਜੀਤ ਕਰਨ ਦਾ ਨਾਂ ਹੈ।

-----

## ਭਾਗ - ਦੂਜਾ

ਠੀਕ ਉੱਤਰ ਉੱਤੇ ਸਹੀ ਚਿੰਨ੍ਹ (✓) ਲਗਾਓ—

1. ਸਿੱਖ ਧਰਮ ਦਾ ਪਹਿਲਾ ਗੁਰੂ ਹੈ—
   (ੳ) ਗੁਰੂ ਨਾਨਕ ਦੇਵ ਜੀ (✓) (ਅ) ਗੁਰੂ ਅਰਜਨ ਦੇਵ ਜੀ
   (ੲ) ਗੁਰੂ ਹਰਿ ਰਾਇ ਜੀ (ਸ) ਗੁਰੂ ਅੰਗਦ ਦੇਵ ਜੀ
2. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁਲ ਰਾਗੁ ਹਨ—
   (ੳ) 35 (ਅ) 25
   (ੲ) 24 (ਸ) 31 (✓)
3. ਜਗਤਾਰ ਦੀ ਕਵਿਤਾ ਹੈ—
   (ੳ) ਮੇਰਾ ਆਪਾ (ਅ) ਰੁੱਖਾਂ ਹੇਠ ਛੁੱਪ ਕੇ (✓)
   (ੲ) ਹੱਸਦਾ ਪਲ (ਸ) ਲੂਣਾ
4. ਸੂਫੀ ਕਵੀ ਹੈ—
   (ੳ) ਧਾਸ (ਅ) ਵਜੀਦ (✓)
   (ੲ) ਕਬੀਰ (ਸ) ਸੁਰਜੀਤ
5. ਸਿੱਖ ਧਰਮ ਦਾ ਚੌਥਾ ਗੁਰੂ ਹੈ—
   (ੳ) ਅੰਗਦ ਦੇਵ ਜੀ (ਅ) ਅਮਰਦਾਸ ਜੀ
   (ੲ) ਰਾਮ ਦਾਸ ਜੀ (✓) (ਸ) ਹਰਿ ਕਿਸਨ ਜੀ
6. ਨਾਥ ਜੋਗੀ ਹਨ—
   (ੳ) ਮੱਦਰ (✓) (ਅ) ਫਰੀਦ
   (ੲ) ਕਬੀਰ (ਸ) ਸਾਹ ਹੁਸੈਨ

7. ਸ਼ਿਵ ਕਵੀ ਹੈ—

(ੳ) ਬਿਰਹਾ ਦਾ (✓) (ਅ) ਪਿਆਰ ਦਾ

(ੲ) ਰੁਮਾਂਟਿਕ (ਸ) ਪ੍ਰਗਤੀਵਾਦੀ

8. ਗੁਰਮੁੱਖ ਸਿੰਘ ਦੀ ਕਹਾਣੀ ਹੈ—

(ੳ) ਮੁੜ ਵਿਧਵਾ (ਅ) ਪਠਾਣ ਦੀ ਧੀ

(ੲ) 27 ਜਨਵਰੀ (✓) (ਸ) ਤ੍ਰਿਸ਼ਨਾ

9. 'ਝੜ੍ਹੋਂ' ਕਹਾਣੀ ਦਾ ਪਾਤਰ ਹੈ—

(ੳ) ਮੁੜ ਵਿਧਵਾ (ਅ) ਤ੍ਰਿਸ਼ਣਾ

(ੲ) 27 ਜਨਵਰੀ (ਸ) ਪਠਾਣ ਦੀ ਧੀ

10. ਪੰਜਾਬੀ ਸਾਹਿਤ ਦਾ ਆਰੰਭ ਹੋਇਆ—

(ੳ) ਨਾਥਾਂ ਤੋਂ (✓) (ਅ) ਹਿੰਦੂਆਂ ਤੋਂ

(ੲ) ਸਿਖਾਂ ਤੋਂ (ਸ) ਸੂਫੀਆਂ ਤੋਂ

11. ਸਮਕਾਲੀ ਪੰਜਾਬੀ ਕਵਿਤਾ ਦਾ ਸੰਪਾਦਕ ਹੈ—

(ੳ) ਜਗਜੀਤ ਸਿੰਘ (ਅ) ਅਨੂਪ ਸਿੰਘ

(ੲ) ਜਗਤਾਰ ਸਿੰਘ

(ਸ) ਜਗਜੀਤ ਸਿੰਘ ਅਤੇ ਪ੍ਰੋ. ਅਨੂਪ ਸਿੰਘ (✓)

12. "ਤੂੰ ਵਿਦਾ ਹੋਇਓ" ਗਜ਼ਲ ਦਾ ਲੇਖਕ ਹੈ—

(ੳ) ਜਗਜੀਤ ਸਿੰਘ (ਅ) ਅਜੀਤ ਸਿੰਘ

(ੲ) ਸ਼ਿਵ ਕੁਮਾਰ (✓) (ਸ) ਕ੍ਰਿਪਾਲ ਸਿੰਘ

13. ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਹੈ—

(ੳ) ਰੁਮਾਂਟਿਕ (ਅ) ਅਧਿਆਤਮਕ (✓)

(ੲ) ਪ੍ਰਗੀਤਕ (ਸ) ਆਦਰਸ਼ਕ

14. ਨਾਥ ਜੋਗੀ ਹਨ—

(ੳ) ਜਲੰਧਰ (✓) (ਅ) ਧਾਸ

(ੲ) ਭਗਵਾਨ (ਸ) ਰਾਮ ਸਰੂਪ ਅਣਖੀ

15. "ਕੰਡਿਆਲੀ ਥੋਹਰ" ਦਾ ਵਿਸ਼ਾ ਹੈ—

(ੳ) ਪਿਆਰ (✓) (ਅ) ਰੁਮਾਂਟਿਕ

(ੲ) ਆਦਰਸ਼ਕ (ਸ) ਸੁਧਾਰਵਾਦੀ

34. ਬਾਬਾ ਫਰੀਦ ਦਾ ਜੀਵਨ ਕਾਲ ਹੈ—

(ੳ) 1163-1256 ਈ.
(ਅ) 1173-1266 ਈ. (✓)
(ੲ) 1183-1276 ਈ.
(ਸ) 1193-1286 ਈ.

35. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਹੋਇਆ—

(ੳ) 1504 ਈ. ਵਿੱਚ
(ਅ) 1604 ਈ. ਵਿੱਚ (✓)
(ੲ) 1704 ਈ. ਵਿੱਚ
(ਸ) 1804 ਈ. ਵਿੱਚ

36. ਸੁਖਮਨੀ ਰਚਨਾ ਹੈ—

(ੳ) ਗੁਰੂ ਨਾਨਕ ਦੇਵ ਜੀ ਦੀ
(ਅ) ਗੁਰੂ ਰਾਮ ਦਾਸ ਜੀ ਦੀ
(ੲ) ਗੁਰੂ ਅਰਜਨ ਦੇਵ ਜੀ ਦੀ (✓)
(ਸ) ਭਾਈ ਗੁਰਦਾਸ ਜੀ ਦੀ

37. ਜਪੁਜੀ ਰਚਨਾ ਦਾ ਲੇਖਕ ਹੈ—

(ੳ) ਸ੍ਰੀ ਗੁਰੂ ਨਾਨਕ ਦੇਵ ਜੀ (✓)
(ਅ) ਅੰਗਦ ਦੇਵ ਜੀ
(ੲ) ਅਮਰ ਦਾਸ ਜੀ
(ਸ) ਰਾਮ ਦਾਸ ਜੀ

38. ਬਾਰਾਮਾਹ ਤੁਖਾਰੀ ਹੈ—

(ੳ) ਗੁਰੂ ਅਰਜਨ ਦੇਵ ਜੀ (✓)
(ਅ) ਗੁਰੂ ਨਾਨਕ ਦੇਵ ਜੀ
(ੲ) ਗੁਰੂ ਅੰਗਦ ਦੇਵ ਜੀ
(ਸ) ਗੁਰੂ ਅਮਰ ਦਾਸ ਜੀ

39. ਵੀਰ ਰਸ ਨਾਲ ਸੰਬੰਧਤ ਅੱਦੁਤੀ ਵਾਰ ਮੰਨਿਆ ਜਾਂਦਾ ਹੈ—

(ੳ) ਆਸਾ ਦੀ ਵਾਰ
(ਅ) ਨਾਦਰ ਸ਼ਾਹ ਦੀ ਵਾਰ
(ੲ) ਚੰਡੀ ਦੀ ਵਾਰ (✓)
(ਸ) ਚੱਠਿਆ ਦੀ ਵਾਰ

40. ਪੰਜਾਬੀ ਦਾ ਪਹਿਲਾ ਕਿੱਸਾਕਾਰ ਹੈ—

(ੳ) ਵਾਰਿਸ ਸ਼ਾਹ
(ਅ) ਪੀਲੂ
(ੲ) ਦਮੋਦਰ (✓)
(ਸ) ਹਾਸ਼ਮ

-----